ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥

He enjoys the hearts of all, and yet He remains detached; He is unseen; He cannot be described.

ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥

The Perfect Guru reveals Him, and through the Word of His Shabad, we come to understand Him.

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥

Those who serve their Husband Lord, become like Him; their egos are burnt away by His Shabad.

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥

He has no rival, no attacker, no enemy.

ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥

His rule is unchanging and eternal; He does not come or go.

ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥

Night and day, His servant serves Him, singing the Glorious Praises of the True Lord.

ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥

Beholding the Glorious Greatness of the True Lord, Nanak blossoms forth. ||2||

ਪਉੜੀ ॥

Pauree:

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥

Those whose hearts are forever filled with the Name of the Lord, have the Name of the Lord as their Protector.

ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥

The Lord's Name is my father, the Lord's Name is my mother; the Lord's Name is my helper and friend.

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥

My conversation is with the Lord's Name, and my counseling is with the Lord's Name; the Lord's Name always takes care of me.

ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥

The Lord's Name is my most beloved society, the Lord's Name is my ancestry, and the Lord's Name is my family.

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥

The Guru, the Lord Incarnate, has bestowed upon servant Nanak the Name of the Lord; in this world, and in the next, the Lord ever saves me. ||15||

| | |
|---|---|
| ਸਲੋਕੁ ਮਃ ੩ ॥ | Shalok, Third Mehl: |
| ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ ॥ | Those who meet the True Guru, ever sing the Kirtan of the Lord's Praises. |
| ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ ॥ | The Lord's Name naturally fills their minds, and they are absorbed in the Shabad, the Word of the True Lord. |
| ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ ॥ | They redeem their generations, and they themselves obtain the state of liberation. |
| ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ ॥ | The Supreme Lord God is pleased with those who fall at the Guru's Feet. |
| ਜਨੁ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥ | Servant Nanak is the Lord's slave; by His Grace, the Lord preserves his honor. ‖1‖ |
| ਮਃ ੩ ॥ | Third Mehl: |
| ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥ | In egotism, one is assailed by fear; he passes his life totally troubled by fear. |
| ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥ | Egotism is such a terrible disease; he dies, to be reincarnated - he continues coming and going. |
| ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥ | Those who have such pre-ordained destiny meet with the True Guru, God Incarnate. |
| ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥ | O Nanak, by Guru's Grace, they are redeemed; their egos are burnt away through the Word of the Shabad. ‖2‖ |
| ਪਉੜੀ ॥ | Pauree: |
| ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥ | The Lord's Name is my immortal, unfathomable, imperishable Creator Lord, the Architect of Destiny. |
| ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥ | I serve the Lord's Name, I worship the Lord's Name, and my soul is imbued with the Lord's Name. |
| ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ ॥ | I know of no other as great as the Lord's Name; the Lord's Name shall deliver me in the end. |
| ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥ | The Generous Guru has given me the Lord's Name; blessed, blessed are the Guru's mother and father. |

ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥

I ever bow in humble reverence to my True Guru; meeting Him, I have come to know the Lord's Name. ||16||

ਸਲੋਕੁ ਮਃ ੩ ॥

Shalok, Third Mehl:

ਗੁਰਮੁਖਿ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥

One who does not serve the Guru as Gurmukh, who does not love the Lord's Name,

ਸਬਦੈ ਸਾਦੁ ਨ ਆਇਓ ਮਰਿ ਜਨਮੈ ਵਾਰੋ ਵਾਰ ॥

and who does not savor the taste of the Shabad, shall die, and be reborn, over and over again.

ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ ॥

The blind, self-willed manmukh does not think of the Lord; why did he even come into the world?

ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ ॥੧॥

O Nanak, that Gurmukh, upon whom the Lord casts His Glance of Grace, crosses over the world-ocean. ||1||

ਮਃ ੩ ॥

Third Mehl:

ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥

Only the Guru is awake; the rest of the world is asleep in emotional attachment and desire.

ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥

Those who serve the True Guru and remain wakeful, are imbued with the True Name, the treasure of virtue.

## ੫੯੩

## 593

ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥

The blind, self-willed manmukhs do not think of the Lord; they are ruined through birth and death.

ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥

O Nanak, the Gurmukhs meditate on the Naam, the Name of the Lord; this is their destiny, pre-ordained by the Primal Lord God. ||2||

ਪਉੜੀ ॥

Pauree:

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥

The Lord's Name is my food; eating the thirty-six varieties of it, I am satisfied and satiated.

| | |
|---|---|
| ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ ॥ | The Lord's Name is my clothing; wearing it, I shall never be naked again, and my desire to wear other clothing is gone. |
| ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥ | The Lord's Name is my business, the Lord's Name is my commerce; the True Guru has blessed me with its use. |
| ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ ॥ | I record the account of the Lord's Name, and I shall not be subject to death again. |
| ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੧੭॥ | Only a few, as Gurmukh, meditate on the Lord's Name; they are blessed by the Lord, and receive their pre-ordained destiny. ‖17‖ |
| ਸਲੋਕ ਮਃ ੩ ॥ | Shalok, Third Mehl: |
| ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ | The world is blind and ignorant; in the love of duality, it engages in actions. |
| ਦੂਜੈ ਭਾਇ ਜੇਤੇ ਕਰਮ ਕਰੇ ਦੁਖ ਲਗੈ ਤਨਿ ਧਾਇ ॥ | But those actions which are performed in the love of duality, cause only pain to the body. |
| ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ | By Guru's Grace, peace wells up, when one acts according to the Word of the Guru's Shabad. |
| ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ | He acts according to the True Word of the Guru's Bani; night and day, he meditates on the Naam, the Name of the Lord. |
| ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ ॥੧॥ | O Nanak, as the Lord Himself engages him, so is he engaged; no one has any say in this matter. ‖1‖ |
| ਮਃ ੩ ॥ | Third Mehl: |
| ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ॥ | Within the home of my own being, is the everlasting treasure of the Naam; it is a treasure house, overflowing with devotion. |
| ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥ | The True Guru is the Giver of the life of the soul; the Great Giver lives forever. |
| ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥ | Night and day, I continually sing the Kirtan of the Lord's Praise, through the Infinite Word of the Guru's Shabad. |

ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥

I recite continually the Guru's Shabads, which have been effective throughout the ages.

ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥

This mind ever abides in peace, dealing in peace and poise.

ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥

Deep within me is the Guru's Wisdom, the Lord's jewel, the Bringer of liberation.

ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥

O Nanak, one who is blessed by the Lord's Glance of Grace obtains this, and is judged to be True in the Court of the Lord. ||2||

ਪਉੜੀ ॥

Pauree:

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥

Blessed, blessed is that Sikh of the Guru, who goes and falls at the Feet of the True Guru.

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥

Blessed, blessed is that Sikh of the Guru, who with his mouth, utters the Name of the Lord.

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥

Blessed, blessed is that Sikh of the Guru, whose mind, upon hearing the Lord's Name, becomes blissful.

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥

Blessed, blessed is that Sikh of the Guru, who serves the True Guru, and so obtains the Lord's Name.

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥

I bow forever in deepest respect to that Sikh of the Guru, who walks in the Way of the Guru. ||18||

ਸਲੋਕੁ ਮਃ ੩ ॥

Shalok, Third Mehl:

ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥

No one has ever found the Lord through stubborn-mindedness. All have grown weary of performing such actions.

ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥

Through their stubborn-mindedness, and by wearing their disguises, they are deluded; they suffer in pain from the love of duality.

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥

Riches and the supernatural spiritual powers of the Siddhas are all emotional attachments; through them, the Naam, the Name of the Lord, does not come to dwell in the mind.

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥

Serving the Guru, the mind becomes immaculately pure, and the darkness of spiritual ignorance is dispelled.

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥

The jewel of the Naam is revealed in the home of one's own being; O Nanak, one merges in celestial bliss. ||1||

ਮਃ ੩ ॥

Third Mehl:

## ੫੯੪

## 594

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥

One who does not savor the taste of the Shabad, who does not love the Naam, the Name of the Lord,

ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥

and who speaks insipid words with his tongue, is ruined, again and again.

ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨॥

O Nanak, he acts according to the karma of his past actions, which no one can erase. ||2||

ਪਉੜੀ ॥

Pauree:

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥

Blessed, blessed is the True Being, my True Guru; meeting Him, I have found peace.

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥

Blessed, blessed is the True Being, my True Guru; meeting Him, I have attained the Lord's devotional worship.

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥

Blessed, blessed is the Lord's devotee, my True Guru; serving Him, I have come to enshrine love for the Name of the Lord.

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥

Blessed, blessed is the Knower of the Lord, my True Guru; He has taught me to look upon friend and foe alike.

ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥

Blessed, blessed is the True Guru, my best friend; He has led me to embrace love for the Name of the Lord. ||19||

ਸਲੋਕੁ ਮਃ ੧ ॥

Shalok, First Mehl:

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥

The soul-bride is at home, while the Husband Lord is away; she cherishes His memory, and mourns His absence.

ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥

She shall meet Him without delay, if she rids herself of duality. ||1||

ਮਃ ੧ ॥

First Mehl:

ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥

O Nanak, false is the speech of one who acts without loving the Lord.

ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ ॥੨॥

He judges things to be good, only as long as the Lord gives and he receives. ||2||

ਪਉੜੀ ॥

Pauree:

ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ ॥

The Lord, who created the creatures, also protects them.

ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥

I have tasted the food of Ambrosial Nectar, the True Name.

ਤਿਪਤਿ ਰਹੇ ਆਘਾਇ ਮਿਟੀ ਭਭਾਖਿਆ ॥

I am satisfied and satiated, and my hunger is appeased.

ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ ॥

The One Lord is pervading in all, but rare are those who realize this.

ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ ॥੨੦॥

Servant Nanak is enraptured, in the Protection of God. ||20||

ਸਲੋਕੁ ਮਃ ੩ ॥

Shalok, Third Mehl:

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥

All the living beings of the world behold the True Guru.

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥

One is not liberated by merely seeing Him, unless one contemplates the Word of His Shabad.

ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥

The filth of ego is not removed, and he does not enshrine love for the Naam.

ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥

The Lord forgives some, and unites them with Himself; they forsake their duality and sinful ways.

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥

O Nanak, some behold the Blessed Vision of the True Guru's Darshan, with love and affection; conquering their ego, they meet with the Lord. ||1||

ਮਃ ੩ ॥

Third Mehl:

ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ ॥

The foolish, blind clown does not serve the True Guru.

ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ ॥

In love with duality, he endures terrible suffering, and burning, he cries out in pain.

ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ ॥

He forgets the Guru, for the sake of mere objects, but they will not come to his rescue in the end.

ਨਾਨਕ ਗੁਰਮਤੀ ਸੁਖੁ ਪਾਇਆ ਬਖਸੇ ਬਖਸਣਹਾਰ ॥੨॥

Through the Guru's Instructions, Nanak has found peace; the Forgiving Lord has forgiven him. ||2||

ਪਉੜੀ ॥

Pauree:

ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥

You Yourself, all by Yourself, are the Creator of all. If there were any other, then I would speak of another.

ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ ॥

The Lord Himself speaks, and causes us to speak; He Himself is pervading the water and the land.

ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥

The Lord Himself destroys, and the Lord Himself saves. O mind, seek and remain in the Lord's Sanctuary.

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥

Other than the Lord, no one can kill or rejuvenate. O mind, do not be anxious - remain fearless.

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥੧॥ ਸੁਧੁ

While standing, sitting, and sleeping, forever and ever, meditate on the Lord's Name; O servant Nanak, as Gurmukh, you shall attain the Lord. ||21||1||Sudh||

## ੫੯੫

## 595

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name. Creative Being Personified. No Fear. No Hatred. Image Of The Undying. Beyond Birth. Self-Existent. By Guru's Grace:

| | |
|---|---|
| ਸੋਰਠਿ ਮਹਲਾ ੧ ਘਰੁ ੧ ਚਉਪਦੇ ॥ | Sorat'h, First Mehl, First House, Chau-Padas: |
| ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ | Death comes to all, and all must suffer separation. |
| ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥ | Go and ask the clever people, whether they shall meet in the world hereafter. |
| ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥੧॥ | Those who forget my Lord and Master shall suffer in terrible pain. \|\|1\|\| |
| ਭੀ ਸਾਲਾਹਿਹੁ ਸਾਚਾ ਸੋਇ ॥ | So praise the True Lord, |
| ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥ | by whose Grace peace ever prevails. \|\|Pause\|\| |
| ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥ | Praise Him as great; He is, and He shall ever be. |
| ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥ | You alone are the Great Giver; mankind cannot give anything. |
| ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥੨॥ | Whatever pleases Him, comes to pass; what good does it do to cry out in protest? \|\|2\|\| |
| ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥ | Many have proclaimed their sovereignty over millions of fortresses on the earth, but they have now departed. |
| ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥ | And those, whom even the sky could not contain, had ropes put through their noses. |
| ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥ | O mind, if you only knew the torment in your future, you would not relish the sweet pleasures of the present. \|\|3\|\| |
| ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ | O Nanak, as many as are the sins one commits, so many are the chains around his neck. |
| ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥ | If he possesses virtues, then the chains are cut away; these virtues are his brothers, his true brothers. |
| ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥ | Going to the world hereafter, those who have no Guru are not accepted; they are beaten, and expelled. \|\|4\|\|1\|\| |

| | |
|---|---|
| ਸੋਰਠਿ ਮਹਲਾ ੧ ਘਰੁ ੧ ॥ | Sorat'h, First Mehl, First House: |
| ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ | Make your mind the farmer, good deeds the farm, modesty the water, and your body the field. |
| ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ | Let the Lord's Name be the seed, contentment the plow, and your humble dress the fence. |
| ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ | Doing deeds of love, the seed shall sprout, and you shall see your home flourish. ‖1‖ |
| ਬਾਬਾ ਮਾਇਆ ਸਾਥਿ ਨ ਹੋਇ ॥ | O Baba, the wealth of Maya does not go with anyone. |
| ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ | This Maya has bewitched the world, but only a rare few understand this. ‖Pause‖ |
| ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ | Make your ever-decreasing life your shop, and make the Lord's Name your merchandise. |
| ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ | Make understanding and contemplation your warehouse, and in that warehouse, store the Lord's Name. |
| ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ | Deal with the Lord's dealers, earn your profits, and rejoice in your mind. ‖2‖ |
| ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ | Let your trade be listening to scripture, and let Truth be the horses you take to sell. |
| ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ | Gather up merits for your travelling expenses, and do not think of tomorrow in your mind. |
| ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ | When you arrive in the land of the Formless Lord, you shall find peace in the Mansion of His Presence. ‖3‖ |
| ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ | Let your service be the focusing of your consciousness, and let your occupation be the placing of faith in the Naam. |
| **੫੯੬** | **596** |
| ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ | Let your work be restraint from sin; only then will people call you blessed. |
| ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥ | O Nanak, the Lord shall look upon you with His Glance of Grace, and you shall be blessed with honor four times over. ‖4‖2‖ |

| | |
|---|---|
| ਸੋਰਠਿ ਮਃ ੧ ਚਉਤੁਕੇ ॥ | Sorat'h, First Mehl, Chau-Tukas: |
| ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ | The son is dear to his mother and father; he is the wise son-in-law to his father-in-law. |
| ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥ | The father is dear to his son and daughter, and the brother is very dear to his brother. |
| ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥ | By the Order of the Lord's Command, he leaves his house and goes outside, and in an instant, everything becomes alien to him. |
| ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ | The self-willed manmukh does not remember the Name of the Lord, does not give in charity, and does not cleanse his consciousness; his body rolls in the dust. \|\|1\|\| |
| ਮਨੁ ਮਾਨਿਆ ਨਾਮੁ ਸਖਾਈ ॥ | The mind is comforted by the Comforter of the Naam. |
| ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥ | I fall at the Guru's feet - I am a sacrifice to Him; He has given me to understand the true understanding. \|\|Pause\|\| |
| ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥ | The mind is impressed with the false love of the world; he quarrels with the Lord's humble servant. |
| ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥ | Infatuated with Maya, night and day, he sees only the worldly path; he does not chant the Naam, and drinking poison, he dies. |
| ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥ | He is imbued and infatuated with vicious talk; the Word of the Shabad does not come into his consciousness. |
| ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥ | He is not imbued with the Lord's Love, and he is not impressed by the taste of the Name; the self-willed manmukh loses his honor. \|\|2\|\| |
| ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥ | He does not enjoy celestial peace in the Company of the Holy, and there is not even a bit of sweetness on his tongue. |
| ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥ | He calls his mind, body and wealth his own; he has no knowledge of the Court of the Lord. |
| ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥ | Closing his eyes, he walks in darkness; he cannot see the home of his own being, O Siblings of Destiny. |
| ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥ | Tied up at Death's door, he finds no place of rest; he receives the rewards of his own actions. \|\|3\|\| |

| | |
|---|---|
| ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥ | When the Lord casts His Glance of Grace, then I see Him with my own eyes; He is indescribable, and cannot be described. |
| ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ | With my ears, I continually listen to the Word of the Shabad, and I praise Him; His Ambrosial Name abides within my heart. |
| ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥ | He is Fearless, Formless and absolutely without vengeance; I am absorbed in His Perfect Light. |
| ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥ | O Nanak, without the Guru, doubt is not dispelled; through the True Name, glorious greatness is obtained. \|\|4\|\|3\|\| |
| ਸੋਰਠਿ ਮਹਲਾ ੧ ਦੁਤੁਕੇ ॥ | Sorat'h, First Mehl, Du-Tukas: |
| ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥ | In the realm of land, and in the realm of water, Your seat is the chamber of the four directions. |
| ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥ | Yours is the one and only form of the entire universe; Your mouth is the mint to fashion all. \|\|1\|\| |
| ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥ | O my Lord Master, Your play is so wonderful! |
| ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥ | You are pervading and permeating the water, the land and the sky; You Yourself are contained in all. \|\|Pause\|\| |
| ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ | Wherever I look, there I see Your Light, but what is Your form? |
| ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ | You have one form, but it is unseen; there is none like any other. \|\|2\|\| |
| ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ | The beings born of eggs, born of the womb, born of the earth and born of sweat, all are created by You. |
| ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥ | I have seen one glory of Yours, that You are pervading and permeating in all. \|\|3\|\| |
| ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥ | Your Glories are so numerous, and I do not know even one of them; I am such a fool - please, give me some of them! |
| ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥ | Prays Nanak, listen, O my Lord Master: I am sinking like a stone - please, save me! \|\|4\|\|4\|\| |

| | |
|---|---|
| ਸੋਰਠਿ ਮਹਲਾ ੧ ॥ | Sorat'h, First Mehl: |
| ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥ | I am a wicked sinner and a great hypocrite; You are the Immaculate and Formless Lord. |
| ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥ | Tasting the Ambrosial Nectar, I am imbued with supreme bliss; O Lord and Master, I seek Your Sanctuary. \|\|1\|\| |
| ਕਰਤਾ ਤੂ ਮੈ ਮਾਣੁ ਨਿਮਾਣੇ ॥ | O Creator Lord, You are the honor of the dishonored. |
| ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥ | In my lap is the honor and glory of the wealth of the Name; I merge into the True Word of the Shabad. \|\|Pause\|\| |
| ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ | You are perfect, while I am worthless and imperfect. You are profound, while I am trivial. |
| ੫੯੭ | 597 |
| ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥ | My mind is imbued with You, day and night and morning, O Lord; my tongue chants Your Name, and my mind meditates on You. \|\|2\|\| |
| ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥ | You are True, and I am absorbed into You; through the mystery of the Shabad, I shall ultimately become True as well. |
| ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥ | Those who are imbued with the Naam day and night are pure, while those who die to be reborn are impure. \|\|3\|\| |
| ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥ | I do not see any other like the Lord; who else should I praise? No one is equal to Him. |
| ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥੫॥ | Prays Nanak, I am the slave of His slaves; by Guru's Instruction, I know Him. \|\|4\|\|5\|\| |
| ਸੋਰਠਿ ਮਹਲਾ ੧ ॥ | Sorat'h, First Mehl: |
| ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ | He is unknowable, infinite, unapproachable and imperceptible. He is not subject to death or karma. |
| ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ | His caste is casteless; He is unborn, self-illumined, and free of doubt and desire. \|\|1\|\| |
| ਸਾਚੇ ਸਚਿਆਰ ਵਿਟਹੁ ਕੁਰਬਾਣੁ ॥ | I am a sacrifice to the Truest of the True. |

| | |
|---|---|
| ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ | He has no form, no color and no features; through the True Word of the Shabad, He reveals Himself. \|\|Pause\|\| |
| ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ | He has no mother, father, sons or relatives; He is free of sexual desire; He has no wife. |
| ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ | He has no ancestry; He is immaculate. He is infinite and endless; O Lord, Your Light is pervading all. \|\|2\|\| |
| ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ | Deep within each and every heart, God is hidden; His Light is in each and every heart. |
| ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ | The heavy doors are opened by Guru's Instructions; one becomes fearless, in the trance of deep meditation. \|\|3\|\| |
| ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ | The Lord created all beings, and placed death over the heads of all; all the world is under His Power. |
| ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ | Serving the True Guru, the treasure is obtained; living the Word of the Shabad, one is emancipated. \|\|4\|\| |
| ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ | In the pure vessel, the True Name is contained; how few are those who practice true conduct. |
| ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥ | The individual soul is united with the Supreme Soul; Nanak seeks Your Sanctuary, Lord. \|\|5\|\|6\|\| |
| ਸੋਰਠਿ ਮਹਲਾ ੧ ॥ | Sorat'h, First Mehl: |
| ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ | Like a fish without water is the faithless cynic, who dies of thirst. |
| ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ | So shall you die, O mind, without the Lord, as your breath goes in vain. \|\|1\|\| |
| ਮਨ ਰੇ ਰਾਮ ਨਾਮ ਜਸੁ ਲੇਇ ॥ | O mind, chant the Lord's Name, and praise Him. |
| ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ | Without the Guru, how will you obtain this juice? The Guru shall unite you with the Lord. \|\|Pause\|\| |
| ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ | For the Gurmukh, meeting with the Society of the Saints is like making a pilgrimage to a sacred shrine. |
| ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ | The benefit of bathing at the sixty-eight sacred shrines of pilgrimage is obtained by the Blessed Vision of the Guru's Darshan. \|\|2\|\| |

| | |
|---|---|
| ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ | Like the Yogi without abstinence, and like penance without truth and contentment, |
| ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥ | so is the body without the Lord's Name; death will slay it, because of the sin within. ‖3‖ |
| ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥ | The faithless cynic does not obtain the Lord's Love; the Lord's Love is obtained only through the True Guru. |
| ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥ | One who meets with the Guru, the Giver of pleasure and pain, says Nanak, is absorbed in the Lord's Praise. ‖4‖7‖ |
| ਸੋਰਠਿ ਮਹਲਾ ੧ ॥ | Sorat'h, First Mehl: |
| ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ | You, God, are the Giver of gifts, the Lord of perfect understanding; I am a mere beggar at Your Door. |
| ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ | What should I beg for? Nothing remains permanent; O Lord, please, bless me with Your Beloved Name. ‖1‖ |
| ਘਟਿ ਘਟਿ ਰਵਿ ਰਹਿਆ ਬਨਵਾਰੀ ॥ | In each and every heart, the Lord, the Lord of the forest, is permeating and pervading. |
| ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ | In the water, on the land, and in the sky, He is pervading but hidden; through the Word of the Guru's Shabad, He is revealed. ‖Pause‖ |
| ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ | In this world, in the nether regions of the underworld, and in the Akaashic Ethers, the Guru, the True Guru, has shown me the Lord; He has showered me with His Mercy. |
| ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ | He is the unborn Lord God; He is, and shall ever be. Deep within your heart, behold Him, the Destroyer of ego. ‖2‖ |
| **੫੯੮** | **598** |
| ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ | This wretched world is caught in birth and death; in the love of duality, it has forgotten devotional worship of the Lord. |
| ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ | Meeting the True Guru, the Guru's Teachings are obtained; the faithless cynic loses the game of life. ‖3‖ |

| | |
|---|---|
| ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ | Breaking my bonds, the True Guru has set me free, and I shall not be cast into the womb of reincarnation again. |
| ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥ | O Nanak, the jewel of spiritual wisdom shines forth, and the Lord, the Formless Lord, dwells within my mind. \|\|4\|\|8\|\| |
| ਸੋਰਠਿ ਮਹਲਾ ੧ ॥ | Sorat'h, First Mehl: |
| ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ | The treasure of the Name, for which you have come into the world - that Ambrosial Nectar is with the Guru. |
| ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ | Renounce costumes, disguises and clever tricks; this fruit is not obtained by duplicity. \|\|1\|\| |
| ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ | O my mind, remain steady, and do not wander away. |
| ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥ | By searching around on the outside, you shall only suffer great pain; the Ambrosial Nectar is found within the home of your own being. \|\|Pause\|\| |
| ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ | Renounce corruption, and seek virtue; committing sins, you shall only come to regret and repent. |
| ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥ | You do not know the difference between good and evil; again and again, you sink into the mud. \|\|2\|\| |
| ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ | Within you is the great filth of greed and falsehood; why do you bother to wash your body on the outside? |
| ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥ | Chant the Immaculate Naam, the Name of the Lord always, under Guru's Instruction; only then will your innermost being be emancipated. \|\|3\|\| |
| ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ | Let greed and slander be far away from you, and renounce falsehood; through the True Word of the Guru's Shabad, you shall obtain the true fruit. |
| ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥ | As it pleases You, You preserve me, Dear Lord; servant Nanak sings the Praises of Your Shabad. \|\|4\|\|9\|\| |

| | |
|---|---|
| ਸੋਰਠਿ ਮਹਲਾ ੧ ਪੰਚਪਦੇ ॥ | Sorat'h, First Mehl, Panch-Padas: |
| ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ | You cannot save your own home from being plundered; why do you spy on the houses of others? |
| ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥ | That Gurmukh who joins himself to the Guru's service, saves his own home, and tastes the Lord's Nectar. ‖1‖ |
| ਮਨ ਰੇ ਸਮਝੁ ਕਵਨ ਮਤਿ ਲਾਗਾ ॥ | O mind, you must realize what your intellect is focused on. |
| ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥ | Forgetting the Naam, the Name of the Lord, one is involved with other tastes; the unfortunate wretch shall come to regret it in the end. ‖Pause‖ |
| ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥ | When things come, he is pleased, but when they go, he weeps and wails; this pain and pleasure remains attached to him. |
| ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥੨॥ | The Lord Himself causes him to enjoy pleasure and endure pain; the Gurmukh, however, remains unaffected. ‖2‖ |
| ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥ | What else can be said to be above the subtle essence of the Lord? One who drinks it in is satisfied and satiated. |
| ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥ | One who is lured by Maya loses this juice; that faithless cynic is tied to his evil-mindedness. ‖3‖ |
| ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥ | The Lord is the life of the mind, the Master of the breath of life; the Divine Lord is contained in the body. |
| ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥ | If You so bless us, Lord, then we sing Your Praises; the mind is satisfied and fulfilled, lovingly attached to the Lord. ‖4‖ |
| ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ | In the Saadh Sangat, the Company of the Holy, the subtle essence of the Lord is obtained; meeting the Guru, the fear of death departs. |
| ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥ | O Nanak, chant the Name of the Lord, as Gurmukh; you shall obtain the Lord, and realize your pre-ordained destiny. ‖5‖10‖ |
| ਸੋਰਠਿ ਮਹਲਾ ੧ ॥ | Sorat'h, First Mehl: |
| ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ | Destiny, pre-ordained by the Lord, looms over the heads of all beings; no one is without this pre-ordained destiny. |

| | |
|---|---|
| ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥ | Only He Himself is beyond destiny; creating the creation by His creative power, He beholds it, and causes His Command to be followed. \|\|1\|\| |
| ਮਨ ਰੇ ਰਾਮ ਜਪਹੁ ਸੁਖੁ ਹੋਈ ॥ | O mind, chant the Name of the Lord, and be at peace. |
| ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ | Day and night, serve at the Guru's feet; the Lord is the Giver, and the Enjoyer. \|\|Pause\|\| |
| **੫੯੯** | **599** |
| ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ | He is within - see Him outside as well; there is no one, other than Him. |
| ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ | As Gurmukh, look upon all with the single eye of equality; in each and every heart, the Divine Light is contained. \|\|2\|\| |
| ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥ | Restrain your fickle mind, and keep it steady within its own home; meeting the Guru, this understanding is obtained. |
| ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ | Seeing the unseen Lord, you shall be amazed and delighted; forgetting your pain, you shall be at peace. \|\|3\|\| |
| ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥ | Drinking in the ambrosial nectar, you shall attain the highest bliss, and dwell within the home of your own self. |
| ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥ | So sing the Praises of the Lord, the Destroyer of the fear of birth and death, and you shall not be reincarnated again. \|\|4\|\| |
| ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ | The essence, the immaculate Lord, the Light of all - I am He and He is me - there is no difference between us. |
| ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥ | The Infinite Transcendent Lord, the Supreme Lord God - Nanak has met with Him, the Guru. \|\|5\|\|11\|\| |
| ਸੋਰਠਿ ਮਹਲਾ ੧ ਘਰੁ ੩ | Sorat'h, First Mehl, Third House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਾ ਤਿਸੁ ਭਾਵਾ ਤਦ ਹੀ ਗਾਵਾ ॥ | When I am pleasing to Him, then I sing His Praises. |
| ਤਾ ਗਾਵੇ ਕਾ ਫਲੁ ਪਾਵਾ ॥ | Singing His Praises, I receive the fruits of my rewards. |

| | |
|---|---|
| ਗਾਵੈ ਕਾ ਫਲੁ ਹੋਈ ॥ ਜਾ ਆਪੇ ਦੇਵੈ ਸੋਈ ॥੧॥ | The rewards of singing His Praises are obtained when He Himself gives them. \|\|1\|\| |
| ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥ | O my mind, through the Word of the Guru's Shabad, the treasure is obtained; |
| ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥ | this is why I remain immersed in the True Name. \|\|Pause\|\| |
| ਗੁਰ ਸਾਖੀ ਅੰਤਰਿ ਜਾਗੀ ॥ | When I awoke within myself to the Guru's Teachings, |
| ਤਾ ਚੰਚਲ ਮਤਿ ਤਿਆਗੀ ॥ | then I renounced my fickle intellect. |
| ਗੁਰ ਸਾਖੀ ਕਾ ਉਜੀਆਰਾ ॥ | When the Light of the Guru's Teachings dawned, |
| ਤਾ ਮਿਟਿਆ ਸਗਲ ਅੰਧ੍ਯਾਰਾ ॥੨॥ | and then all darkness was dispelled. \|\|2\|\| |
| ਗੁਰ ਚਰਨੀ ਮਨੁ ਲਾਗਾ ॥ | When the mind is attached to the Guru's Feet, |
| ਤਾ ਜਮ ਕਾ ਮਾਰਗੁ ਭਾਗਾ ॥ | then the Path of Death recedes. |
| ਭੈ ਵਿਚਿ ਨਿਰਭਉ ਪਾਇਆ ॥ | Through the Fear of God, one attains the Fearless Lord; |
| ਤਾ ਸਹਜੈ ਕੈ ਘਰਿ ਆਇਆ ॥੩॥ | then, one enters the home of celestial bliss. \|\|3\|\| |
| ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ | Prays Nanak, how rare are those who reflect and understand, |
| ਇਸੁ ਜਗ ਮਹਿ ਕਰਣੀ ਸਾਰੀ ॥ | the most sublime action in this world. |
| ਕਰਣੀ ਕੀਰਤਿ ਹੋਈ ॥ | The noblest deed is to sing the Lord's Praises, |
| ਜਾ ਆਪੇ ਮਿਲਿਆ ਸੋਈ ॥੪॥੧॥੧੨॥ | and so meet the Lord Himself. \|\|4\|\|1\|\|12\|\| |
| ਸੋਰਠਿ ਮਹਲਾ ੩ ਘਰੁ ੧ | Sorat'h, Third Mehl, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥ | All of Your servants, who relish the Word of Your Shabad, serve You. |
| ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥ | By Guru's Grace, they become pure, eradicating self-conceit from within. |
| ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥੧॥ | Night and day, they continually sing the Glorious Praises of the True Lord; they are adorned with the Word of the Guru's Shabad. \|\|1\|\| |

| | |
|---|---|
| ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥ | O my Lord and Master, I am Your child; I seek Your Sanctuary. |
| ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥ | You are the One and Only Lord, the Truest of the True; You Yourself are the Destroyer of ego. ‖Pause‖ |
| ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥ | Those who remain wakeful obtain God; through the Word of the Shabad, they conquer their ego. |
| ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥ | Immersed in family life, the Lord's humble servant ever remains detached; he reflects upon the essence of spiritual wisdom. |
| ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ ॥੨॥ | Serving the True Guru, he finds eternal peace, and he keeps the Lord enshrined in his heart. ‖2‖ |
| ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ | This mind wanders in the ten directions; it is consumed by the love of duality. |

## ੬੦੦     600

| | |
|---|---|
| ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥ | The foolish self-willed manmukh does not remember the Lord's Name; he wastes away his life in vain. |
| ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥੩॥ | But when he meets the True Guru, then he obtains the Name; he sheds egotism and emotional attachment. ‖3‖ |
| ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥ | The Lord's humble servants are True - they practice Truth, and reflect upon the Word of the Guru's Shabad. |
| ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥ | The True Lord God unites them with Himself, and they keep the True Lord enshrined in their hearts. |
| ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥੪॥੧॥ | O Nanak, through the Name, I have obtained salvation and understanding; this alone is my wealth. ‖4‖1‖ |
| ਸੋਰਠਿ ਮਹਲਾ ੩ ॥ | Sorat'h, Third Mehl: |
| ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥ | The True Lord has blessed His devotees with the treasure of devotional worship, and the wealth of the Lord's Name. |
| ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥ | The wealth of the Naam, shall never be exhausted; no one can estimate its worth. |
| ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ | With the wealth of the Naam, their faces are radiant, and they attain the True Lord. ‖1‖ |

| | |
|---|---|
| ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ | O my mind, through the Word of the Guru's Shabad, the Lord is found. |
| ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥ | Without the Shabad, the world wanders around, and receives its punishment in the Court of the Lord. \|\|Pause\|\| |
| ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ | Within this body dwell the five thieves: sexual desire, anger, greed, emotional attachment and egotism. |
| ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ | They plunder the Nectar, but the self-willed manmukh does not realize it; no one hears his complaint. |
| ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥ | The world is blind, and its dealings are blind as well; without the Guru, there is only pitch darkness. \|\|2\|\| |
| ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥ | Indulging in egotism and possessiveness, they are ruined; when they depart, nothing goes along with them. |
| ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥ | But one who becomes Gurmukh meditates on the Naam, and ever contemplates the Lord's Name. |
| ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥ | Through the True Word of Gurbani, he sings the Glorious Praises of the Lord; blessed with the Lord's Glance of Grace, he is enraptured. \|\|3\|\| |
| ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥ | The spiritual wisdom of the True Guru is a steady light within the heart. The Lord's decree is over the heads of even kings. |
| ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥ | Night and day, the Lord's devotees worship Him; night and day, they gather in the true profit of the Lord's Name. |
| ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥ | O Nanak, through the Lord's Name, one is emancipated; attuned to the Shabad, he finds the Lord. \|\|4\|\|2\|\| |
| ਸੋਰਠਿ ਮਃ ੩ ॥ | Sorat'h, Third Mehl: |
| ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥ | If one becomes the slave of the Lord's slaves, then he finds the Lord, and eradicates ego from within. |
| ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ ॥ | The Lord of bliss is his object of devotion; night and day, he sings the Glorious Praises of the Lord. |
| ਸਬਦਿ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ ॥੧॥ | Attuned to the Word of the Shabad, the Lord's devotees remain ever as one, absorbed in the Lord. \|\|1\|\| |
| ਹਰਿ ਜੀਉ ਸਾਚੀ ਨਦਰਿ ਤੁਮਾਰੀ ॥ | O Dear Lord, Your Glance of Grace is True. |

| | |
|---|---|
| ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ ਰਾਖਹੁ ਪੈਜ ਹਮਾਰੀ ॥ ਰਹਾਉ ॥ | Show mercy to Your slave, O Beloved Lord, and preserve my honor. \|\|Pause\|\| |
| ਸਬਦਿ ਸਲਾਹੀ ਸਦਾ ਹਉ ਜੀਵਾ ਗੁਰਮਤੀ ਭਉ ਭਾਗਾ ॥ | Continually praising the Word of the Shabad, I live; under Guru's Instruction, my fear has been dispelled. |
| ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ ਗੁਰੁ ਸੇਵਿਆ ਚਿਤੁ ਲਾਗਾ ॥ | My True Lord God is so beautiful! Serving the Guru, my consciousness is focused on Him. |
| ਸਾਚਾ ਸਬਦੁ ਸਚੀ ਸਚੁ ਬਾਣੀ ਸੋ ਜਨੁ ਅਨਦਿਨੁ ਜਾਗਾ ॥੨॥ | One who chants the True Word of the Shabad, and the Truest of the True, the Word of His Bani, remains wakeful, day and night. \|\|2\|\| |
| ਮਹਾ ਗੰਭੀਰੁ ਸਦਾ ਸੁਖਦਾਤਾ ਤਿਸ ਕਾ ਅੰਤੁ ਨ ਪਾਇਆ ॥ | He is so very deep and profound, the Giver of eternal peace; no one can find His limit. |
| ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥ | Serving the Perfect Guru, one becomes carefree, enshrining the Lord within the mind. |
| ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥੩॥ | The mind and body become immaculately pure, and a lasting peace fills the heart; doubt is eradicated from within. \|\|3\|\| |
| ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ ॥ | The Way of the Lord is always such a difficult path; only a few find it, contemplating the Guru. |
| ਹਰਿ ਕੈ ਰੰਗਿ ਰਾਤਾ ਸਬਦੇ ਮਾਤਾ ਹਉਮੈ ਤਜੇ ਵਿਕਾਰਾ ॥ | Imbued with the Lord's Love, and intoxicated with the Shabad, he renounces ego and corruption. |
| ਨਾਨਕ ਨਾਮਿ ਰਤਾ ਇਕ ਰੰਗੀ ਸਬਦਿ ਸਵਾਰਣਹਾਰਾ ॥੪॥੩॥ | O Nanak, imbued with the Naam, and the Love of the One Lord, he is embellished with the Word of the Shabad. \|\|4\|\|3\|\| |

## ੬੦੧ — 601

| | |
|---|---|
| ਸੋਰਠਿ ਮਹਲਾ ੩ ॥ | Sorat'h, Third Mehl: |
| ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ ॥ | Dear Beloved Lord, I praise You continually, as long as there is the breath within my body. |
| ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥ | If I were to forget You, for a moment, even for an instant, O Lord Master, it would be like fifty years for me. |
| ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ ॥੧॥ | I was always such a fool and an idiot, O Siblings of Destiny, but now, through the Word of the Guru's Shabad, my mind is enlightened. \|\|1\|\| |

| | |
|---|---|
| ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥ | Dear Lord, You Yourself bestow understanding. |
| ਹਰਿ ਜੀਉ ਤੁਧੁ ਵਿਟਹੁ ਵਾਰਿਆ ਸਦ ਹੀ ਤੇਰੇ ਨਾਮ ਵਿਟਹੁ ਬਲਿ ਜਾਈ ॥ ਰਹਾਉ ॥ | Dear Lord, I am forever a sacrifice to You; I am dedicated and devoted to Your Name. \|\|Pause\|\| |
| ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥ | I have died in the Word of the Shabad, and through the Shabad, I am dead while yet alive, O Siblings of Destiny; through the Shabad, I have been liberated. |
| ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥ | Through the Shabad, my mind and body have been purified, and the Lord has come to dwell within my mind. |
| ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥ | The Guru is the Giver of the Shabad; my mind is imbued with it, and I remain absorbed in the Lord. \|\|2\|\| |
| ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥ | Those who do not know the Shabad are blind and deaf; why did they even bother to come into the world? |
| ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥ | They do not obtain the subtle essence of the Lord's elixir; they waste away their lives, and are reincarnated over and over again. |
| ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥ | The blind, idiotic, self-willed manmukhs are like maggots in manure, and in manure they rot away. \|\|3\|\| |
| ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥ | The Lord Himself creates us, watches over us, and places us on the Path, O Siblings of Destiny; there is no one other than Him. |
| ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥ | No one can erase that which is pre-ordained, O Siblings of Destiny; whatever the Creator wills, comes to pass. |
| ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥ | O Nanak, the Naam, the Name of the Lord, abides deep within the mind; O Siblings of Destiny, there is no other at all. \|\|4\|\|4\|\| |
| ਸੋਰਠਿ ਮਹਲਾ ੩ ॥ | Sorat'h, Third Mehl: |
| ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ ॥ | The Gurmukhs practice devotional worship, and become pleasing to God; night and day, they chant the Naam, the Name of the Lord. |
| ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ ॥ | You Yourself protect and take care of Your devotees, who are pleasing to Your Mind. |

| | |
|---|---|
| ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ ॥੧॥ | You are the Giver of virtue, realized through the Word of Your Shabad. Uttering Your Glories, we merge with You, O Glorious Lord. \|\|1\|\| |
| ਮਨ ਮੇਰੇ ਹਰਿ ਜੀਉ ਸਦਾ ਸਮਾਲਿ ॥ | O my mind, remember always the Dear Lord. |
| ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ ॥ ਰਹਾਉ ॥ | At the very last moment, He alone shall be your best friend; He shall always stand by you. \|\|Pause\|\| |
| ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥ | The gathering of the wicked enemies shall always practice falsehood; they do not contemplate understanding. |
| ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ ॥ | Who can obtain fruit from the slander of evil enemies? Remember that Harnaakhash was torn apart by the Lord's claws. |
| ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ ॥੨॥ | Prahlaad, the Lord's humble servant, constantly sang the Glorious Praises of the Lord, and the Dear Lord saved him. \|\|2\|\| |
| ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥ | The self-willed manmukhs see themselves as being very virtuous; they have absolutely no understanding at all. |
| ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥ | They indulge in slander of the humble spiritual people; they waste their lives away, and then they have to depart. |
| ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ ॥੩॥ | They never think of the Lord's Name, and in the end, they depart, regretting and repenting. \|\|3\|\| |
| ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ ॥ | The Lord makes the lives of His devotees fruitful; He Himself links them to the Guru's service. |
| ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ ॥ | Imbued with the Word of the Shabad, and intoxicated with celestial bliss, night and day, they sing the Glorious Praises of the Lord. |
| ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ ॥੪॥੫॥ | Slave Nanak utters this prayer: O Lord, please, let me fall at their feet. \|\|4\|\|5\|\| |
| ਸੋਰਠਿ ਮਹਲਾ ੩ ॥ | Sorat'h, Third Mehl: |
| ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ | He alone is a Sikh, a friend, a relative and a sibling, who walks in the Way of the Guru's Will. |
| ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ | One who walks according to his own will, O Siblings of Destiny, suffers separation from the Lord, and shall be punished. |

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥

Without the True Guru, peace is never obtained, O Siblings of Destiny; again and again, he regrets and repents. ||1||

ਹਰਿ ਕੇ ਦਾਸ ਸੁਹੇਲੇ ਭਾਈ ॥

The Lord's slaves are happy, O Siblings of Destiny.

## ੬੦੨

## 602

ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥

The sins and sorrows of countless lifetimes are eradicated; the Lord Himself unites them in His Union. ||Pause||

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥

All of these relatives are like chains upon the soul, O Siblings of Destiny; the world is deluded by doubt.

ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥

Without the Guru, the chains cannot be broken; the Gurmukhs find the door of salvation.

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥

One who performs rituals without realizing the Word of the Guru's Shabad, shall die and be reborn, again and again. ||2||

ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥

The world is entangled in egotism and possessiveness, O Siblings of Destiny, but no one belongs to anyone else.

ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥

The Gurmukhs attain the Mansion of the Lord's Presence, singing the Glories of the Lord; they dwell in the home of their own inner being.

ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥

One who understands here, realizes himself; the Lord God belongs to him. ||3||

ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥

The True Guru is forever merciful, O Siblings of Destiny; without good destiny, what can anyone obtain?

ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥

He looks alike upon all with His Glance of Grace, but people receive the fruits of their rewards according to their love for the Lord.

ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥੪॥੬॥

O Nanak, when the Naam, the Name of the Lord, comes to dwell within the mind, then self-conceit is eradicated from within. ||4||6||

ਸੋਰਠਿ ਮਹਲਾ ੩ ਚੌਤੁਕੇ ॥

Sorat'h, Third Mehl, Chau-Tukas:

ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥

True devotional worship is obtained only through the True Guru, when the True Word of His Bani is in the heart.

| | |
|---|---|
| ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥ | Serving the True Guru, eternal peace is obtained; egotism is obliterated through the Word of the Shabad. |
| ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥ | Without the Guru, there is no true devotion; otherwise, people wander around, deluded by ignorance. |
| ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ ॥੧॥ | The self-willed manmukhs wander around, suffering in constant pain; they drown and die, even without water. ‖1‖ |
| ਭਾਈ ਰੇ ਸਦਾ ਰਹਹੁ ਸਰਣਾਈ ॥ | O Siblings of Destiny, remain forever in the Lord's Sanctuary, under His Protection. |
| ਆਪਣੀ ਨਦਰਿ ਕਰੇ ਪਤਿ ਰਾਖੈ ਹਰਿ ਨਾਮੋ ਦੇ ਵਡਿਆਈ ॥ ਰਹਾਉ ॥ | Bestowing His Glance of Grace, He preserves our honor, and blesses us with the glory of the Lord's Name. ‖Pause‖ |
| ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥ | Through the Perfect Guru, one comes to understand himself, contemplating the True Word of the Shabad. |
| ਹਿਰਦੈ ਜਗਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ ॥ | The Lord, the Life of the world, ever abides in his heart, and he renounces sexual desire, anger and egotism. |
| ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥ | The Lord is ever-present, permeating and pervading all places; the Name of the Infinite Lord is enshrined within the heart. |
| ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥੨॥ | Throughout the ages, through the Word of His Bani, His Shabad is realized, and the Name becomes so sweet and beloved to the mind. ‖2‖ |
| ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥ | Serving the Guru, one realizes the Naam, the Name of the Lord; fruitful is his life, and his coming into the world. |
| ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥ | Tasting the sublime elixir of the Lord, his mind is satisfied and satiated forever; singing the Glories of the Glorious Lord, he is fulfilled and satisfied. |
| ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥ | The lotus of his heart blossoms forth, he is ever imbued with the Lord's Love, and the unstruck melody of the Shabad resounds within him. |
| ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥ | His body and mind become immaculately pure; his speech becomes immaculate as well, and he merges in the Truest of the True. ‖3‖ |
| ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥ | No one knows the state of the Lord's Name; through the Guru's Teachings, it comes to abide in the heart. |

| | |
|---|---|
| ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥ | One who becomes Gurmukh, understands the Path; his tongue savors the sublime essence of the Lord's Nectar. |
| ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥ | Meditation, austere self-discipline and self-restraint are all obtained from the Guru; the Naam, the Name of the Lord, comes to abide within the heart. |
| ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥ | O Nanak, those humble beings who praise the Naam are beautiful; they are honored in the Court of the True Lord. \|\|4\|\|7\|\| |
| ਸੋਰਠਿ ਮਃ ੩ ਦੁਤੁਕੇ ॥ | Sorat'h, Third Mehl, Du-Tukas: |
| ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥ | Meeting the True Guru, one turns away from the world, O Siblings of Destiny; when he remains dead while yet alive, he obtains true understanding. |
| ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥ | He alone is the Guru, and he alone is a Sikh, O Siblings of Destiny, whose light merges in the Light. \|\|1\|\| |
| ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥ | O my mind, be lovingly attuned to the Name of the Lord, Har, Har. |
| ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥ | Chanting the Name of the Lord, it seems so sweet to the mind, O Siblings of Destiny; the Gurmukhs obtain a place in the Court of the Lord. \|\|Pause\|\| |
| **੬੦੩** | **603** |
| ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥ | Without the Guru, love for the Lord does not well up, O Siblings of Destiny; the self-willed manmukhs are engrossed in the love of duality. |
| ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥ | Actions performed by the manmukh are like the threshing of the chaff - they obtain nothing for their efforts. \|\|2\|\| |
| ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥ | Meeting the Guru, the Naam comes to permeate the mind, O Siblings of Destiny, with true love and affection. |
| ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥੩॥ | He always sings the Glorious Praises of the Lord, O Siblings of Destiny, with infinite love for the Guru. \|\|3\|\| |
| ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥ | How blessed and approved is his coming into the world, O Siblings of Destiny, who focuses his mind on serving the Guru. |

| | |
|---|---|
| ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥੮॥ | O Nanak, the Name of the Lord is obtained, O Siblings of Destiny, through the Word of the Guru's Shabad, and we merge with the Lord. \|\|4\|\|8\|\| |
| ਸੋਰਠਿ ਮਹਲਾ ੩ ਘਰੁ ੧ ॥ | Sorat'h, Third Mehl, First House: |
| ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥ | The three worlds are entangled in the three qualities, O Siblings of Destiny; the Guru imparts understanding. |
| ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥੧॥ | Attached to the Lord's Name, one is emancipated, O Siblings of Destiny; go and ask the wise ones about this. \|\|1\|\| |
| ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥ | O mind, renounce the three qualities, and focus your consciousness on the fourth state. |
| ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥ | The Dear Lord abides in the mind, O Siblings of Destiny; ever sing the Glorious Praises of the Lord. \|\|Pause\|\| |
| ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥ | From the Naam, everyone originated, O Siblings of Destiny; forgetting the Naam, they die away. |
| ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥ | The ignorant world is blind, O Siblings of Destiny; those who sleep are plundered. \|\|2\|\| |
| ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥ | Those Gurmukhs who remain awake are saved, O Siblings of Destiny; they cross over the terrifying world-ocean. |
| ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥੩॥ | In this world, the Name of the Lord is the true profit, O Siblings of Destiny; keep it enshrined within your heart. \|\|3\|\| |
| ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥ | In the Guru's Sanctuary, O Siblings of Destiny, you shall be saved; be lovingly attuned to the Lord's Name. |
| ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪॥੯॥ | O Nanak, the Name of the Lord is the boat, and the Name is the raft, O Siblings of Destiny; setting out on it, the Lord's humble servant crosses over the world-ocean. \|\|4\|\|9\|\| |
| ਸੋਰਠਿ ਮਹਲਾ ੩ ਘਰੁ ੧ ॥ | Sorat'h, Third Mehl, First House: |
| ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥ | The True Guru is the ocean of peace in the world; there is no other place of rest and peace. |
| ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥ | The world is afflicted with the painful disease of egotism; dying, only to be reborn, it cries out in pain. \|\|1\|\| |

| | |
|---|---|
| ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥ | O mind, serve the True Guru, and obtain peace. |
| ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥ | If you serve the True Guru, you shall find peace; otherwise, you shall depart, after wasting away your life in vain. \|\|Pause\|\| |
| ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥ | Led around by the three qualities, he does many deeds, but he does not come to taste and savor the subtle essence of the Lord. |
| ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥ | He says his evening prayers, and makes offerings of water, and recites his morning prayers, but without true understanding, he still suffers in pain. \|\|2\|\| |
| ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥ | One who serves the True Guru is very fortunate; as the Lord so wills, he meets with the Guru. |
| ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥ | Drinking in the sublime essence of the Lord, His humble servants remain ever satisfied; they eradicate self-conceit from within themselves. \|\|3\|\| |
| ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥ | This world is blind, and all act blindly; without the Guru, no one finds the Path. |
| ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥ | O Nanak, meeting with the True Guru, one sees with his eyes, and finds the True Lord within the home of his own being. \|\|4\|\|10\|\| |
| ਸੋਰਠਿ ਮਹਲਾ ੩ ॥ | Sorat'h, Third Mehl: |
| ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥ | Without serving the True Guru, he suffers in terrible pain, and throughout the four ages, he wanders aimlessly. |
| ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥੧॥ | I am poor and meek, and throughout the ages, You are the Great Giver - please, grant me the understanding of the Shabad. \|\|1\|\| |
| ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ | O Dear Beloved Lord, please show mercy to me. |
| ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥ | Unite me in the Union of the True Guru, the Great Giver, and give me the support of the Lord's Name. \|\|Pause\|\| |
| ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥ | Conquering my desires and duality, I have merged in celestial peace, and I have found the Naam, the Name of the Infinite Lord. |

ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥

I have tasted the sublime essence of the Lord, and my soul has become immaculately pure; the Lord is the Destroyer of sins. ||2||

## ੬੦੪

## 604

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥

Dying in the Word of the Shabad, you shall live forever, and you shall never die again.

ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥

The Ambrosial Nectar of the Naam is ever-sweet to the mind; but how few are those who obtain the Shabad. ||3||

ਦਾਤੈ ਦਾਤਿ ਰਖੀ ਹਥਿ ਅਪਨੈ ਜਿਸੁ ਭਾਵੈ ਤਿਸੁ ਦੇਈ ॥

The Great Giver keeps His Gifts in His Hand; He gives them to those with whom He is pleased.

ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥

O Nanak, imbued with the Naam, they find peace, and in the Court of the Lord, they are exalted. ||4||11||

ਸੋਰਠਿ ਮਹਲਾ ੩ ॥

Sorat'h, Third Mehl:

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥

Serving the True Guru, the divine melody wells up within, and one is blessed with wisdom and salvation.

ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥

The True Name of the Lord comes to abide in the mind, and through the Name, one merges in the Name. ||1||

ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥

Without the True Guru, the whole world is insane.

ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥

The blind, self-willed manmukhs do not realize the Word of the Shabad; they are deluded by false doubts. ||Pause||

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥

The three-faced Maya had led them astray in doubt, and they are snared by the noose of egotism.

ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥

Birth and death hang over their heads, and being reborn from the womb, they suffer in pain. ||2||

ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥

The three qualities permeate the whole world; acting in ego, it loses its honor.

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥

But one who becomes Gurmukh comes to realize the fourth state of celestial bliss; he finds peace through the Name of the Lord. ||3||

| | |
|---|---|
| ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥ | The three qualities are all Yours, O Lord; You Yourself created them. Whatever You do, comes to pass. |
| ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥ | O Nanak, through the Lord's Name, one is emancipated; through the Shabad, he is rid of egotism. \|\|4\|\|12\|\| |
| ਸੋਰਠਿ ਮਹਲਾ ੪ ਘਰੁ ੧ | Sorat'h, Fourth Mehl, First House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ ॥ | My Beloved Lord Himself pervades and permeates all; He Himself is, all by Himself. |
| ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ ॥ | My Beloved Himself is the trader in this world; He Himself is the true banker. |
| ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥੧॥ | My Beloved Himself is the trade and the trader; He Himself is the true credit. \|\|1\|\| |
| ਜਪਿ ਮਨ ਹਰਿ ਹਰਿ ਨਾਮੁ ਸਲਾਹ ॥ | O mind, meditate on the Lord, Har, Har, and praise His Name. |
| ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥ | By Guru's Grace, the Beloved, Ambrosial, unapproachable and unfathomable Lord is obtained. \|\|Pause\|\| |
| ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਹੁ ॥ | The Beloved Himself sees and hears everything; He Himself speaks through the mouths of all beings. |
| ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ ॥ | The Beloved Himself leads us into the wilderness, and He Himself shows us the Way. |
| ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਵੇਪਰਵਾਹੁ ॥੨॥ | The Beloved Himself is Himself all-in-all; He Himself is carefree. \|\|2\|\| |
| ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥ | The Beloved Himself, all by Himself, created everything; He Himself links all to their tasks. |
| ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥ | The Beloved Himself creates the Creation, and He Himself destroys it. |
| ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ ॥੩॥ | He Himself is the wharf, and He Himself is the ferryman, who ferries us across. \|\|3\|\| |
| ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ ॥ | The Beloved Himself is the ocean, and the boat; He Himself is the Guru, the boatman who steers it |

ਆਪੇ ਹੀ ਚੜਿ ਲੰਘਦਾ ਪਿਆਰਾ
ਕਰਿ ਚੋਜ ਵੇਖੈ ਪਾਤਿਸਾਹੁ ॥

. The Beloved Himself sets sail and crosses over; He, the King, beholds His wondrous play.

ਆਪੇ ਆਪਿ ਦਇਆਲੁ ਹੈ ਪਿਆਰਾ
ਜਨ ਨਾਨਕ ਬਖਸਿ ਮਿਲਾਹੁ ॥੪॥੧॥

The Beloved Himself is the Merciful Master; O servant Nanak, He forgives and blends with Himself. ||4||1||

ਸੋਰਠਿ ਮਹਲਾ ੪ ਚਉਥਾ ॥

Sorat'h, Fourth Mehl:

ਆਪੇ ਅੰਡਜ ਜੇਰਜ ਸੇਤਜ ਉਤਭੁਜ
ਆਪੇ ਖੰਡ ਆਪੇ ਸਭ ਲੋਇ ॥

He Himself is born of the egg, from the womb, from sweat and from the earth; He Himself is the continents and all the worlds.

ਆਪੇ ਸੂਤੁ ਆਪੇ ਬਹੁ ਮਣੀਆ ਕਰਿ
ਸਕਤੀ ਜਗਤੁ ਪਰੋਇ ॥

He Himself is the thread, and He Himself is the many beads; through His Almighty Power, He has strung the worlds.

## ੬੦੫

## 605

ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ
ਖਿੰਚੇ ਢਹਿ ਢੇਰੀ ਹੋਇ ॥੧॥

He holds the thread, and when He withdraws the thread, the beads scatter into heaps. ||1||

ਮੇਰੇ ਮਨ ਮੈ ਹਰਿ ਬਿਨੁ ਅਵਰੁ ਨ
ਕੋਇ ॥

O my mind, there is no other than the Lord for me.

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ
ਪਿਆਰਾ ਕਰਿ ਦਇਆ ਅੰਮ੍ਰਿਤੁ
ਮੁਖਿ ਚੋਇ ॥ ਰਹਾਉ ॥

The treasure of the Beloved Naam is within the True Guru; in His Mercy, he pours the Ambrosial Nectar into my mouth. ||Pause||

ਆਪੇ ਜਲ ਥਲਿ ਸਭਤੁ ਹੈ ਪਿਆਰਾ
ਪ੍ਰਭੁ ਆਪੇ ਕਰੇ ਸੁ ਹੋਇ ॥

The Beloved Himself is in all the oceans and lands; whatever God does, comes to pass.

ਸਭਨਾ ਰਿਜਕੁ ਸਮਾਹਦਾ ਪਿਆਰਾ
ਦੂਜਾ ਅਵਰੁ ਨ ਕੋਇ ॥

The Beloved brings nourishment to all; there is no other than Him.

ਆਪੇ ਖੇਲ ਖੇਲਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥੨॥

The Beloved Himself plays, and whatever He Himself does, comes to pass. ||2||

ਆਪੇ ਹੀ ਆਪਿ ਨਿਰਮਲਾ
ਪਿਆਰਾ ਆਪੇ ਨਿਰਮਲ ਸੋਇ ॥

The Beloved Himself, all by Himself, is immaculate and pure; He Himself is immaculate and pure.

ਆਪੇ ਕੀਮਤਿ ਪਾਇਦਾ ਪਿਆਰਾ
ਆਪੇ ਕਰੇ ਸੁ ਹੋਇ ॥

The Beloved Himself determines the value of all; whatever He does comes to pass.

ਆਪੇ ਅਲਖੁ ਨ ਲਖੀਐ ਪਿਆਰਾ
ਆਪਿ ਲਖਾਵੈ ਸੋਇ ॥੩॥

The Beloved Himself is unseen - He cannot be seen; He Himself causes us to see. ||3||

| | |
|---|---|
| ਆਪੇ ਗਹਿਰ ਗੰਭੀਰੁ ਹੈ ਪਿਆਰਾ ਤਿਸੁ ਜੇਵਡੁ ਅਵਰੁ ਨ ਕੋਇ ॥ | The Beloved Himself is deep and profound and unfathomable; there is no other as great as He. |
| ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ ॥ | The Beloved Himself enjoys every heart; He is contained within every woman and man. |
| ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ ॥੪॥੨॥ | O Nanak, the Beloved is pervading everywhere, but He is hidden; through the Guru, He is revealed. \|\|4\|\|2\|\| |
| ਸੋਰਠਿ ਮਹਲਾ ੪ ॥ | Sorat'h, Fourth Mehl: |
| ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥ | He Himself, the Beloved, is Himself all-in-all; He Himself establishes and disestablishes. |
| ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥ | The Beloved Himself beholds, and rejoices; God Himself works wonders, and beholds them. |
| ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥੧॥ | The Beloved Himself is contained in all the woods and meadows; as Gurmukh, He reveals Himself. \|\|1\|\| |
| ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥ | Meditate, O mind, on the Lord, Har, Har; through the sublime essence of Lord's Name, you shall be satisfied. |
| ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ ॥ ਰਹਾਉ ॥ | The Ambrosial Nectar of the Naam, is the sweetest juice; through the Word of the Guru's Shabad, its taste is revealed. \|\|Pause\|\| |
| ਆਪੇ ਤੀਰਥੁ ਤੁਲਹੜਾ ਪਿਆਰਾ ਆਪਿ ਤਰੈ ਪ੍ਰਭੁ ਆਪੈ ॥ | The Beloved is Himself the place of pilgrimage and the raft; God Himself ferries Himself across. |
| ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ ॥ | The Beloved Himself casts the net over all the world; the Lord Himself is the fish. |
| ਆਪਿ ਅਭੁਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ ॥੨॥ | The Beloved Himself is infallible; He makes no mistakes. There is no other like Him to be seen. \|\|2\|\| |
| ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ ॥ | The Beloved Himself is the Yogi's horn, and the sound current of the Naad; He Himself plays the tune. |
| ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥ | The Beloved Himself is the Yogi, the Primal Being; He Himself practices intense meditation. |
| ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥ | He Himself is the True Guru, and He Himself is the disciple; God Himself imparts the Teachings. \|\|3\|\| |

ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ॥

The Beloved Himself inspires us to chant His Name, and He Himself practices meditation.

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥

The Beloved Himself is the Ambrosial Nectar; He Himself is the juice of it.

ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥

The Beloved Himself praises Himself; servant Nanak is satisfied, with the sublime essence of the Lord. ||4||3||

ਸੋਰਠਿ ਮਹਲਾ ੪ ॥

Sorat'h, Fourth Mehl:

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥

God Himself is the balance scale, He Himself is the weigher, and He Himself weighs with the weights.

ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥

He Himself is the banker, He Himself is the trader, and He Himself makes the trades.

ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥੧॥

The Beloved Himself fashioned the world, and He Himself counter-balances it with a gram. ||1||

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥

My mind meditates on the Lord, Har, Har, and finds peace.

ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥

The Name of the Beloved Lord, Har, Har, is a treasure; the Perfect Guru has made it seem sweet to me. ||Pause||

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥

The Beloved Himself is the earth, and He Himself is the water; He Himself acts, and causes others to act.

ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥

The Beloved Himself issues His Commands, and keeps the water and the land bound down.

ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥੨॥

The Beloved Himself instills the Fear of God; He binds the tiger and the goat together. ||2||

## ੬੦੬

## 606

ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥

The Beloved Lord Himself is the firewood, and He Himself keeps the fire within the wood.

ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥

The Beloved Lord Himself, all by Himself, permeates them, and because of the Fear of God, the fire cannot burn the wood.

ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥੩॥

The Beloved Himself kills and revives; all draw the breath of life, given by Him. ||3||

| | |
|---|---|
| ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥ | The Beloved Himself is power and presence; He Himself engages us in our work. |
| ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥ | As the Beloved makes me walk, I walk, as it pleases my Lord God. |
| ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥੪॥੪॥ | The Beloved Himself is the musician, and the musical instrument; servant Nanak vibrates His vibration. \|\|4\|\|4\|\| |
| ਸੋਰਠਿ ਮਹਲਾ ੪ ॥ | Sorat'h, Fourth Mehl: |
| ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ ॥ | The Beloved Himself created the Universe; He made the light of the sun and the moon. |
| ਆਪਿ ਨਿਤਾਣਿਆ ਤਾਣੁ ਹੈ ਪਿਆਰਾ ਆਪਿ ਨਿਮਾਣਿਆ ਮਾਣੁ ॥ | The Beloved Himself is the power of the powerless; He Himself is the honor of the dishonored. |
| ਆਪਿ ਦਇਆ ਕਰਿ ਰਖਦਾ ਪਿਆਰਾ ਆਪੇ ਸੁਘੜੁ ਸੁਜਾਣੁ ॥੧॥ | The Beloved Himself grants His Grace and protects us; He Himself is wise and all-knowing. \|\|1\|\| |
| ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥ | O my mind, chant the Name of the Lord, and receive His Insignia. |
| ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣੁ ॥ ਰਹਾਉ ॥ | Join the Sat Sangat, the True Congregation, and meditate on the Lord, Har, Har; you shall not have to come and go in reincarnation again. \|\|Pause\|\| |
| ਆਪੇ ਹੀ ਗੁਣ ਵਰਤਦਾ ਪਿਆਰਾ ਆਪੇ ਹੀ ਪਰਵਾਣੁ ॥ | The Beloved Himself pervades His Glorious Praises, and He Himself approves them. |
| ਆਪੇ ਬਖਸ ਕਰਾਇਦਾ ਪਿਆਰਾ ਆਪੇ ਸਚੁ ਨੀਸਾਣੁ ॥ | The Beloved Himself grants His forgiveness, and He Himself bestows the Insignia of Truth. |
| ਆਪੇ ਹੁਕਮਿ ਵਰਤਦਾ ਪਿਆਰਾ ਆਪੇ ਹੀ ਫੁਰਮਾਣੁ ॥੨॥ | The Beloved Himself obeys His Will, and He Himself issues His Command. \|\|2\|\| |
| ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਨੁ ॥ | The Beloved Himself is the treasure of devotion; He Himself gives His gifts. |
| ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਣੁ ॥ | The Beloved Himself commits some to His service, and He Himself blesses them with honor. |
| ਆਪੇ ਤਾੜੀ ਲਾਇਦਾ ਪਿਆਰਾ ਆਪੇ ਗੁਣੀ ਨਿਧਾਨੁ ॥੩॥ | The Beloved Himself is absorbed in Samaadhi; He Himself is the treasure of excellence. \|\|3\|\| |

| | |
|---|---|
| ਆਪੇ ਵਡਾ ਆਪਿ ਹੈ ਪਿਆਰਾ ਆਪੇ ਹੀ ਪਰਧਾਣੁ ॥ | The Beloved Himself is the greatest; He Himself is supreme. |
| ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ ਪਰਵਾਣੁ ॥ | The Beloved Himself appraises the value; He Himself is the scale, and the weights. |
| ਆਪੇ ਅਤੁਲੁ ਤੁਲਾਇਦਾ ਪਿਆਰਾ ਜਨ ਨਾਨਕ ਸਦ ਕੁਰਬਾਣੁ ॥੪॥੫॥ | The Beloved Himself is unweighable - He weighs Himself; servant Nanak is forever a sacrifice to Him. \|\|4\|\|5\|\| |
| ਸੋਰਠਿ ਮਹਲਾ ੪ ॥ | Sorat'h, Fourth Mehl: |
| ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥ | The Beloved Himself commits some to His service; He Himself blesses them with the joy of devotional worship. |
| ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ ॥ | The Beloved Himself causes us to sing His Glorious Praises; He Himself is absorbed in the Word of His Shabad. |
| ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ॥੧॥ | He Himself is the pen, and He Himself is the scribe; He Himself inscribes His inscription. \|\|1\|\| |
| ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥ | O my mind, joyfully chant the Name of the Lord. |
| ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥ | Those very fortunate ones are in ecstasy night and day; through the Perfect Guru, they obtain the profit of the Lord's Name. \|\|Pause\|\| |
| ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥ | The Beloved Himself is the milk-maid and Krishna; He Himself herds the cows in the woods. |
| ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ ॥ | The Beloved Himself is the blue-skinned, handsome one; He Himself plays on His flute. |
| ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ ॥੨॥ | The Beloved Himself took the form of a child, and destroyed Kuwalia-peer, the mad elephant. \|\|2\|\| |
| ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ ॥ | The Beloved Himself sets the stage; He performs the plays, and He Himself watches them. |
| ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ ॥ | The Beloved Himself assumed the form of the child, and killed the demons Chandoor, Kansa and Kaysee. |
| ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ ॥੩॥ | The Beloved Himself, by Himself, is the embodiment of power; He shatters the power of the fools and idiots. \|\|3\|\| |

| | |
|---|---|
| ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ ॥ | The Beloved Himself created the whole world. In His hands He holds the power of the ages. |
| ੬੦੭ | 607 |
| ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥ | The Beloved Himself puts the chains around their necks; as God pulls them, must they go. |
| ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ ॥੪॥੬॥ | Whoever harbors pride shall be destroyed, O Beloved; meditating on the Lord, Nanak is absorbed in devotional worship. \|\|4\|\|6\|\| |
| ਸੋਰਠਿ ਮਃ ੪ ਦੁਤੁਕੇ ॥ | Sorat'h, Fourth Mehl, Du-Tukas: |
| ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥ | Separated from the Lord for countless lifetimes, the self-willed manmukh suffers in pain, engaged in acts of egotism. |
| ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥੧॥ | Beholding the Holy Saint, I found God; O Lord of the Universe, I seek Your Sanctuary. \|\|1\|\| |
| ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥ | The Love of God is very dear to me. |
| ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥ | When I joined the Sat Sangat, the Company of the Holy People, the Lord, the embodiment of peace, came into my heart. \|\|Pause\|\| |
| ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥ | You dwell, hidden, within my heart day and night, Lord; but the poor fools do not understand Your Love. |
| ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥੨॥ | Meeting with the Almighty True Guru, God was revealed to me; I sing His Glorious Praises, and reflect upon His Glories. \|\|2\|\| |
| ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥ | As Gurmukh, I have become enlightened; peace has come, and evil-mindedness has been dispelled from my mind. |
| ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥੩॥ | Understanding the relationship of the individual soul with God, I have found peace, in Your Sat Sangat, Your True Congregation, O Lord. \|\|3\|\| |
| ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥ | Those who are blessed by Your Kind Mercy, meet the Almighty Lord, and find the Guru. |

| | |
|---|---|
| ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥ | Nanak has found the immeasurable, celestial peace; night and day, he remains awake to the Lord, the Master of the Forest of the Universe. \|\|4\|\|7\|\| |
| ਸੋਰਠਿ ਮਹਲਾ ੪ ॥ | Sorat'h, Fourth Mehl: |
| ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥ | The inner depths of my mind are pierced by love for the Lord; I cannot live without the Lord. |
| ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥੧॥ | Just as the fish dies without water, I die without the Lord's Name. \|\|1\|\| |
| ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥ | O my God, please bless me with the water of Your Name. |
| ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥ | I beg for Your Name, deep within myself, day and night; through the Name, I find peace. \|\|Pause\|\| |
| ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ ॥ | The song-bird cries out for lack of water - without water, its thirst cannot be quenched. |
| ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥ | The Gurmukh obtains the water of celestial bliss, and is rejuvenated, blossoming forth through the blessed Love of the Lord. \|\|2\|\| |
| ਮਨਮੁਖ ਭੁਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ ॥ | The self-willed manmukhs are hungry, wandering around in the ten directions; without the Name, they suffer in pain. |
| ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ ॥੩॥ | They are born, only to die, and enter into reincarnation again; in the Court of the Lord, they are punished. \|\|3\|\| |
| ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥ | But if the Lord shows His Mercy, then one comes to sing His Glorious Praises; deep within the nucleus of his own self, he finds the sublime essence of the Lord's elixir. |
| ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥ | The Lord has become Merciful to meek Nanak, and through the Word of the Shabad, his desires are quenched. \|\|4\|\|8\|\| |
| ਸੋਰਠਿ ਮਹਲਾ ੪ ਪੰਚਪਦਾ ॥ | Sorat'h, Fourth Mehl, Panch-Padas: |
| ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥ | If one eats the uneatable, then he becomes a Siddha, a being of perfect spirituality; through this perfection, he obtains wisdom. |

| | |
|---|---|
| ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥੧॥ | When the arrow of the Lord's Love pierces his body, then his doubt is eradicated. \|\|1\|\| |
| ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥ | O my Lord of the Universe, please bless Your humble servant with glory. |
| ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥ | Under Guru's Instructions, enlighten me with the Lord's Name, that I may dwell forever in Your Sanctuary. \|\|Pause\|\| |
| ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ | This whole world is engrossed in coming and going; O my foolish and ignorant mind, be mindful of the Lord. |
| ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥੨॥ | O Dear Lord, please, take pity upon me, and unite me with the Guru, that I may merge in the Lord's Name. \|\|2\|\| |
| ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥ ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥੩॥ | Only one who has it knows God; he alone has it, to whom God has given it - so very beautiful, unapproachable and unfathomable. Through the Perfect Guru, the unknowable is known. \|\|3\|\| |
| ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ | Only one who tastes it knows it, like the mute, who tastes the sweet candy, but cannot speak of it. |
| **੬੦੮** | **608** |
| ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥ | The jewel is concealed, but it is not concealed, even though one may try to conceal it. \|\|4\|\| |
| ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥ | Everything is Yours, O Inner-knower, Searcher of hearts; You are the Lord God of all. |
| ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥ | He alone receives the gift, unto whom You give it; O servant Nanak, there is no one else. \|\|5\|\|9\|\| |
| ਸੋਰਠਿ ਮਹਲਾ ੫ ਘਰੁ ੧ ਤਿਤੁਕੇ | Sorat'h, Fifth Mehl, First House, Ti-Tukas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਿਸ ਹਉ ਜਾਚੀ ਕਿਸ ਆਰਾਧੀ ਜਾ ਸਭੁ ਕੋ ਕੀਤਾ ਹੋਸੀ ॥ | Who should I ask? Who should I worship? All were created by Him. |
| ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ ॥ | Whoever appears to be the greatest of the great, shall ultimately be mixed with the dust. |

| | |
|---|---|
| ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ ॥੧॥ | The Fearless, Formless Lord, the Destroyer of Fear bestows all comforts, and the nine treasures. \|\|1\|\| |
| ਹਰਿ ਜੀਉ ਤੇਰੀ ਦਾਤੀ ਰਾਜਾ ॥ | O Dear Lord, Your gifts alone satisfy me. |
| ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥ | Why should I praise the poor helpless man? Why should I feel subservient to him? \|\|Pause\|\| |
| ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ ॥ | All things come to one who meditates on the Lord; the Lord satisfies his hunger. |
| ਐਸਾ ਧਨੁ ਦੀਆ ਸੁਖਦਾਤੈ ਨਿਖੁਟਿ ਨ ਕਬ ਹੀ ਜਾਈ ॥ | The Lord, the Giver of peace, bestows such wealth, that it can never be exhausted. |
| ਅਨਦੁ ਭਇਆ ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ ॥੨॥ | I am in ecstasy, absorbed in celestial peace; the True Guru has united me in His Union. \|\|2\|\| |
| ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ ॥ | O mind, chant the Naam, the Name of the Lord; worship the Naam, night and day, and recite the Naam. |
| ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ ॥ | Listen to the Teachings of the Holy Saints, and all fear of death will be dispelled. |
| ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ ॥੩॥ | Those blessed by God's Grace are attached to the Word of the Guru's Bani. \|\|3\|\| |
| ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ ॥ | Who can estimate Your worth, God? You are kind and compassionate to all beings. |
| ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ ॥ | Everything which You do, prevails; I am just a poor child - what can I do? |
| ਰਾਖਿ ਲੇਹੁ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ ॥੪॥੧॥ | Protect and preserve Your servant Nanak; be kind to him, like a father to his son. \|\|4\|\|1\|\| |
| ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥ | Sorat'h, Fifth Mehl, First House, Chau-Tukas: |
| ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ ॥ | Praise the Guru, and the Lord of the Universe, O Siblings of Destiny; enshrine Him in your mind, body and heart. |
| ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ ॥ | Let the True Lord and Master abide in your mind, O Siblings of Destiny; this is the most excellent way of life. |
| ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਏ ਛਾਰ ॥ | Those bodies, in which the Name of the Lord does not well up, O Siblings of Destiny - those bodies are reduced to ashes. |

| | |
|---|---|
| ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥੧॥ | I am a sacrifice to the Saadh Sangat, the Company of the Holy, O Siblings of Destiny; they take the Support of the One and Only Lord. \|\|1\|\| |
| ਸੋਈ ਸਚੁ ਅਰਾਧਣਾ ਭਾਈ ਜਿਸ ਤੇ ਸਭੁ ਕਿਛੁ ਹੋਇ ॥ | So worship and adore that True Lord, O Siblings of Destiny; He alone does everything. |
| ਗੁਰਿ ਪੂਰੈ ਜਾਣਾਇਆ ਭਾਈ ਤਿਸੁ ਬਿਨੁ ਅਵਰੁ ਨ ਕੋਇ ॥ ਰਹਾਉ ॥ | The Perfect Guru has taught me, O Siblings of Destiny, that without Him, there is no other at all. \|\|Pause\|\| |
| ਨਾਮ ਵਿਹੂਣੇ ਪਚਿ ਮੁਏ ਭਾਈ ਗਣਤ ਨ ਜਾਇ ਗਣੀ ॥ | Without the Naam, the Name of the Lord, they putrefy and die, O Siblings of Destiny; their numbers cannot be counted. |
| ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ ॥ | Without Truth, purity cannot be achieved, O Siblings of Destiny; the Lord is true and unfathomable. |
| ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ ॥ | Coming and going do not end, O Siblings of Destiny; pride in worldly valuables is false. |
| ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥ | The Gurmukh saves millions of people, O Siblings of Destiny, blessing them with even a particle of the Name. \|\|2\|\| |
| ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥ | I have searched through the Simritees and the Shaastras, O Siblings of Destiny - without the True Guru, doubt does not depart. |
| ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥ | They are so tired of performing their many deeds, O Siblings of Destiny, but they fall into bondage again and again. |
| ਚਾਰੇ ਕੁੰਡਾ ਸੋਧੀਆ ਭਾਈ ਵਿਣੁ ਸਤਿਗੁਰ ਨਾਹੀ ਜਾਇ ॥ | I have searched in the four directions, O Siblings of Destiny, but without the True Guru, there is no place at all. |
| **੬੦੯** | **609** |
| ਵਡਭਾਗੀ ਗੁਰੁ ਪਾਇਆ ਭਾਈ ਹਰਿ ਹਰਿ ਨਾਮੁ ਧਿਆਇ ॥੩॥ | By great good fortune, I found the Guru, O Siblings of Destiny, and I meditate on the Name of the Lord, Har, Har. \|\|3\|\| |
| ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ ॥ | The Truth is forever pure, O Siblings of Destiny; those who are true are pure. |
| ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ ॥ | When the Lord bestows His Glance of Grace, O Siblings of Destiny, then one obtains Him. |
| ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ ॥ | Among millions, O Siblings of Destiny, hardly one humble servant of the Lord is found. |

| | |
|---|---|
| ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥ | Nanak is imbued with the True Name, O Siblings of Destiny; hearing it, the mind and body become immaculately pure. \|\|4\|\|2\|\| |
| ਸੋਰਠਿ ਮਹਲਾ ੫ ਦੁਤੁਕੇ ॥ | Sorat'h, Fifth Mehl, Du-Tukas: |
| ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ ॥ | As long as this person believes in love and hate, it is difficult for him to meet the Lord. |
| ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ ॥੧॥ | As long as he discriminates between himself and others, he will distance himself from the Lord. \|\|1\|\| |
| ਮਾਧਵੇ ਐਸੀ ਦੇਹੁ ਬੁਝਾਈ ॥ | O Lord, grant me such understanding, |
| ਸੇਵਉ ਸਾਧ ਗਹਉ ਓਟ ਚਰਨਾ ਨਹ ਬਿਸਰੈ ਮੁਹਤੁ ਚਸਾਈ ॥ ਰਹਾਉ ॥ | that I might serve the Holy Saints, and seek the protection of their feet, and not forget them, for a moment, even an instant. \|\|Pause\|\| |
| ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ ॥ | O foolish, thoughtless and fickle mind, such understanding did not come into your heart. |
| ਪ੍ਰਾਨਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ ॥੨॥ | Renouncing the Lord of Life, you have become engrossed in other things, and you are involved with your enemies. \|\|2\|\| |
| ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ ॥ | Sorrow does not afflict one who does not harbor self-conceit; in the Saadh Sangat, the Company of the Holy, I have attained this understanding. |
| ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥੩॥ | Know that the babbling of the faithless cynic is like wind passing by. \|\|3\|\| |
| ਕੋਟਿ ਪਰਾਧ ਅਛਾਦਿਓ ਇਹੁ ਮਨੁ ਕਹਣਾ ਕਛੂ ਨ ਜਾਈ ॥ | This mind is inundated by millions of sins - what can I say? |
| ਜਨ ਨਾਨਕ ਦੀਨ ਸਰਨਿ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ ॥੪॥੩॥ | Nanak, Your humble servant has come to Your Sanctuary, God; please, erase all his accounts. \|\|4\|\|3\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ ॥ | Children, spouses, men and women in one's household, are all bound by Maya. |
| ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ ॥੧॥ | At the very last moment, none of them shall stand by you; their love is totally false. \|\|1\|\| |

| | |
|---|---|
| ਰੇ ਨਰ ਕਾਹੇ ਪਪੋਰਹੁ ਦੇਹੀ ॥ | O man, why do you pamper your body so? |
| ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥ | It shall disperse like a cloud of smoke; vibrate upon the One, the Beloved Lord. \|\|Pause\|\| |
| ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ ॥ | There are three ways in which the body can be consumed - it can be thrown into water, given to the dogs, or cremated to ashes. |
| ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥੨॥ | He considers himself to be immortal; he sits in his home, and forgets the Lord, the Cause of causes. \|\|2\|\| |
| ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ ॥ | In various ways, the Lord has fashioned the beads, and strung them on a slender thread. |
| ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ ॥੩॥ | The thread shall break, O wretched man, and then, you shall repent and regret. \|\|3\|\| |
| ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ ॥ | He created you, and after creating you, He adorned you - meditate on Him day and night. |
| ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ ॥੪॥੪॥ | God has showered His Mercy upon servant Nanak; I hold tight to the Support of the True Guru. \|\|4\|\|4\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ | I met the True Guru, by great good fortune, and my mind has been enlightened. |
| ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥ | No one else can equal me, because I have the loving support of my Lord and Master. \|\|1\|\| |
| ਅਪੁਨੇ ਸਤਿਗੁਰ ਕੈ ਬਲਿਹਾਰੈ ॥ | I am a sacrifice to my True Guru. |
| ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ | I am at peace in this world, and I shall be in celestial peace in the next; my home is filled with bliss. \|\|Pause\|\| |
| ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ | He is the Inner-knower, the Searcher of hearts, the Creator, my Lord and Master. |
| ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥ | I have become fearless, attached to the Guru's feet; I take the Support of the Name of the One Lord. \|\|2\|\| |
| ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥ | Fruitful is the Blessed Vision of His Darshan; the Form of God is deathless; He is and shall always be. |

ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥

He hugs His humble servants close, and protects and preserves them; their love for Him is sweet to Him. ||3||

ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥

Great is His glorious greatness, and wondrous is His magnificence; through Him, all affairs are resolved.

## ੬੧੦

## 610

ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥

Nanak has met with the Perfect Guru; all his sorrows have been dispelled. ||4||5||

ਸੋਰਠਿ ਮਹਲਾ ੫ ॥

Sorat'h, Fifth Mehl:

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥

To the happy person, everyone seems happy; to the sick person, everyone seems sick.

ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ ॥੧॥

The Lord and Master acts, and causes us to act; union is in His Hands. ||1||

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥

O my mind, no one appears to be mistaken, to one who has dispelled his own doubts; he realizes that everyone is God. ||Pause||

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥

One whose mind is comforted in the Society of the Saints, believes that all are joyful.

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥੨॥

One whose mind is afflicted by the disease of egotism, cries out in birth and death. ||2||

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥

Everything is clear to one whose eyes are blessed with the ointment of spiritual wisdom.

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥

In the darkness of spiritual ignorance, he sees nothing at all; he wanders around in reincarnation, over and over again. ||3||

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥

Hear my prayer, O Lord and Master; Nanak begs for this happiness:

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥੪॥੬॥

wherever Your Holy Saints sing the Kirtan of Your Praises, let my mind be attached to that place. ||4||6||

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥ | My body belongs to the Saints, my wealth belongs to the Saints, and my mind belongs to the Saints. |
| ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥ | By the Grace of the Saints, I meditate on the Lord's Name, and then, all comforts come to me. \|\|1\|\| |
| ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ | Without the Saints, there are no other givers. |
| ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ | Whoever takes to the Sanctuary of the Holy Saints, is carried across. \|\|Pause\|\| |
| ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥ | Millions of sins are erased by serving the humble Saints, and singing the Glorious Praises of the Lord with love. |
| ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥ | One finds peace in this world, and one's face is radiant in the next world, by associating with the humble Saints, through great good fortune. \|\|2\|\| |
| ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥ | I have only one tongue, and the Lord's humble servant is filled with countless virtues; how can I sing his praises? |
| ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥ | The inaccessible, unapproachable and eternally unchanging Lord is obtained in the Sanctuary of the Saints. \|\|3\|\| |
| ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥ | I am worthless, lowly, without friends or support, and full of sins; I long for the Shelter of the Saints. |
| ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥ | I am drowning in the deep, dark pit of household attachments - please save me, Lord! \|\|4\|\|7\|\| |
| ਸੋਰਠਿ ਮਹਲਾ ੫ ਘਰੁ ੧ ॥ | Sorat'h, Fifth Mehl, First House: |
| ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ ॥ | O Creator Lord, You fulfill the desires of those, within whose heart You abide. |
| ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ ॥੧॥ | Your slaves do not forget You; the dust of Your feet is pleasing to their minds. \|\|1\|\| |
| ਤੇਰੀ ਅਕਥ ਕਥਾ ਕਥਨੁ ਨ ਜਾਈ ॥ | Your Unspoken Speech cannot be spoken. |
| ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ ॥ ਰਹਾਉ ॥ | O treasure of excellence, Giver of peace, Lord and Master, Your greatness is the highest of all. \|\|Pause\|\| |

| | |
|---|---|
| ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥ | The mortal does those deeds, and those alone, which You ordained by destiny. |
| ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥੨॥ | Your servant, whom You bless with Your service, is satisfied and fulfilled, beholding the Blessed Vision of Your Darshan. \|\|2\|\| |
| ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥ | You are contained in all, but he alone realizes this, whom You bless with understanding. |
| ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥੩॥ | By Guru's Grace, his spiritual ignorance is dispelled, and he is respected everywhere. \|\|3\|\| |
| ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥ | He alone is spiritually enlightened, he alone is a meditator, and he alone is a man of good nature. |
| ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥ | Says Nanak, one unto whom the Lord becomes Merciful, does not forget the Lord from his mind. \|\|4\|\|8\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ ॥ | The whole creation is engrossed in emotional attachment; sometimes, one is high, and at other times, low. |
| ਸੁਧੁ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ ਪਹੂਚੇ ॥੧॥ | No one can be purified by any rituals or devices; they cannot reach their goal. \|\|1\|\| |

## ੬੧੧ — 611

| | |
|---|---|
| ਮੇਰੇ ਮਨ ਸਾਧ ਸਰਣਿ ਛੁਟਕਾਰਾ ॥ | O my mind, emancipation is attained in the Sanctuary of the Holy Saints. |
| ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥ | Without the Perfect Guru, births and deaths do not cease, and one comes and goes, over and over again. \|\|Pause\|\| |
| ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥ | The whole world is entangled in what is called the delusion of doubt. |
| ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ ॥੨॥ | The perfect devotee of the Primal Lord God remains detached from everything. \|\|2\|\| |
| ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥ | Don't indulge in slander for any reason, for everything is the creation of the Lord and Master. |

| | |
|---|---|
| ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧਸੰਗਤਿ ਨਾਉ ਲੀਆ ॥੩॥ | One who is blessed with the Mercy of my God, dwells on the Name in the Saadh Sangat, the Company of the Holy. \|\|3\|\| |
| ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥ | The Supreme Lord God, the Transcendent Lord, the True Guru, saves all. |
| ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ ॥੪॥੯॥ | Says Nanak, without the Guru, no one crosses over; this is the perfect essence of all contemplation. \|\|4\|\|9\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥ | I have searched and searched and searched, and found that the Lord's Name is the most sublime reality. |
| ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ | Contemplating it for even an instant, sins are erased; the Gurmukh is carried across and saved. \|\|1\|\| |
| ਹਰਿ ਰਸੁ ਪੀਵਹੁ ਪੁਰਖ ਗਿਆਨੀ ॥ | Drink in the sublime essence of the Lord's Name, O man of spiritual wisdom. |
| ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ ਰਹਾਉ ॥ | Listening to the Ambrosial Words of the Holy Saints, the mind finds absolute fulfillment and satisfaction. \|\|Pause\|\| |
| ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥ | Liberation, pleasures, and the true way of life are obtained from the Lord, the Giver of all peace. |
| ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥ | The Perfect Lord, the Architect of Destiny, blesses His slave with the gift of devotional worship. \|\|2\|\| |
| ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥ | Hear with your ears, and sing with your tongue, and meditate within your heart on Him. |
| ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥ | The Lord and Master is all-powerful, the Cause of causes; without Him, there is nothing at all. \|\|3\|\| |
| ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥ | By great good fortune, I have obtained the jewel of human life; have mercy on me, O Merciful Lord. |
| ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋੁਪਾਲਾ ॥੪॥੧੦॥ | In the Saadh Sangat, the Company of the Holy, Nanak sings the Glorious Praises of the Lord, and contemplates Him forever in meditation. \|\|4\|\|10\|\| |

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ | After taking your cleansing bath, remember your God in meditation, and your mind and body shall be free of disease. |
| ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥ | Millions of obstacles are removed, in the Sanctuary of God, and good fortune dawns. \|\|1\|\| |
| ਪ੍ਰਭ ਬਾਣੀ ਸਬਦੁ ਸੁਭਾਖਿਆ ॥ | The Word of God's Bani, and His Shabad, are the best utterances. |
| ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ | So constantly sing them, listen to them, and read them, O Siblings of Destiny, and the Perfect Guru shall save you. \|\|Pause\|\| |
| ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥ | The glorious greatness of the True Lord is immeasurable; the Merciful Lord is the Lover of His devotees. |
| ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥ | He has preserved the honor of His Saints; from the very beginning of time, His Nature is to cherish them. \|\|2\|\| |
| ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ | So eat the Ambrosial Name of the Lord as your food; put it into your mouth at all times. |
| ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥ | The pains of old age and death shall all depart, when you constantly sing the Glorious Praises of the Lord of the Universe. \|\|3\|\| |
| ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ | My Lord and Master has heard my prayer, and all my affairs have been resolved. |
| ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ | The glorious greatness of Guru Nanak is manifest, throughout all the ages. \|\|4\|\|11\|\| |
| ਸੋਰਠਿ ਮਹਲਾ ੫ ਘਰੁ ੨ ਚਉਪਦੇ | Sorat'h, Fifth Mehl, Second House, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ | The One God is our father; we are the children of the One God. You are our Guru. |
| ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥ | Listen, friends: my soul is a sacrifice, a sacrifice to You; O Lord, reveal to me the Blessed Vision of Your Darshan. \|\|1\|\| |

| ੬੧੨ | 612 |
|---|---|
| ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ | Listen, friends: I am a sacrifice to the dust of Your feet. |
| ਇਹੁ ਮਨੁ ਤੇਰਾ ਭਾਈ ॥ ਰਹਾਉ ॥ | This mind is yours, O Siblings of Destiny. \|\|Pause\|\| |
| ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ | I wash your feet, I massage and clean them; I give this mind to you. |
| ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥ | Listen, friends: I have come to Your Sanctuary; teach me, that I might unite with God. \|\|2\|\| |
| ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ | Do not be proud; seek His Sanctuary, and accept as good all that He does. |
| ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥ | Listen, friends: dedicate your soul, body and your whole being to Him; thus you shall receive the Blessed Vision of His Darshan. \|\|3\|\| |
| ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥ | He has shown mercy to me, by the Grace of the Saints; the Lord's Name is sweet to me. |
| ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥ | My mind is absorbed in loving devotional worship of the Lord, |
| ਨਿਤ ਬਾਜੇ ਅਨਹਤ ਬੀਨਾ ॥ ਰਹਾਉ ॥ | and the unstruck melody of the celestial sound current ever resounds within me. \|\|Pause\|\| |
| ਹਰਿ ਚਰਣ ਕੀ ਓਟ ਸਤਾਣੀ ॥ | The Lord's feet are my all-powerful shelter and support; |
| ਸਭ ਚੂਕੀ ਕਾਣਿ ਲੋਕਾਣੀ ॥ | my dependence on other people is totally finished. |
| ਜਗਜੀਵਨੁ ਦਾਤਾ ਪਾਇਆ ॥ | I have found the Life of the world, the Great Giver; |
| ਹਰਿ ਰਸਕਿ ਰਸਕਿ ਗੁਣ ਗਾਇਆ ॥੨॥ | in joyful rapture, I sing the Glorious Praises of the Lord. \|\|2\|\| |
| ਪ੍ਰਭ ਕਾਟਿਆ ਜਮ ਕਾ ਫਾਸਾ ॥ | God has cut away the noose of death. |
| ਮਨ ਪੂਰਨ ਹੋਈ ਆਸਾ ॥ | My mind's desires have been fulfilled; |
| ਜਹ ਪੇਖਾ ਤਹ ਸੋਈ ॥ | wherever I look, He is there. |
| ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥ | Without the Lord God, there is no other at all. \|\|3\|\| |
| ਕਰਿ ਕਿਰਪਾ ਪ੍ਰਭਿ ਰਾਖੇ ॥ | In His Mercy, God has protected and preserved me. |
| ਸਭਿ ਜਨਮ ਜਨਮ ਦੁਖ ਲਾਥੇ ॥ | I am rid of all the pains of countless incarnations. |
| ਨਿਰਭਉ ਨਾਮੁ ਧਿਆਇਆ ॥ | I have meditated on the Naam, the Name of the Fearless Lord; |
| ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥ | O Nanak, I have found eternal peace. \|\|4\|\|5\|\|55\|\| |

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਠਾਢਿ ਪਾਈ ਕਰਤਾਰੇ ॥ | The Creator has brought utter peace to my home; |
| ਤਾਪੁ ਛੋਡਿ ਗਇਆ ਪਰਵਾਰੇ ॥ | the fever has left my family. |
| ਗੁਰਿ ਪੂਰੈ ਹੈ ਰਾਖੀ ॥ | The Perfect Guru has saved us. |
| ਸਰਣਿ ਸਚੇ ਕੀ ਤਾਕੀ ॥੧॥ | I sought the Sanctuary of the True Lord. \|\|1\|\| |
| ਪਰਮੇਸਰੁ ਆਪਿ ਹੋਆ ਰਖਵਾਲਾ ॥ | The Transcendent Lord Himself has become my Protector. |
| ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ | Tranquility, intuitive peace and poise welled up in an instant, and my mind was comforted forever. \|\|Pause\|\| |
| ਹਰਿ ਹਰਿ ਨਾਮੁ ਦੀਓ ਦਾਰੂ ॥ | The Lord, Har, Har, gave me the medicine of His Name, |
| ਤਿਨਿ ਸਗਲਾ ਰੋਗੁ ਬਿਦਾਰੂ ॥ | which has cured all disease. |
| ਅਪਣੀ ਕਿਰਪਾ ਧਾਰੀ ॥ | He extended His Mercy to me, |
| ਤਿਨਿ ਸਗਲੀ ਬਾਤ ਸਵਾਰੀ ॥੨॥ | and resolved all these affairs. \|\|2\|\| |
| ਪ੍ਰਭਿ ਅਪਨਾ ਬਿਰਦੁ ਸਮਾਰਿਆ ॥ | God confirmed His loving nature; |
| ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ | He did not take my merits or demerits into account. |
| ਗੁਰ ਕਾ ਸਬਦੁ ਭਇਓ ਸਾਖੀ ॥ | The Word of the Guru's Shabad has become manifest, |

## ੬੨੩ 623

| | |
|---|---|
| ਤਿਨਿ ਸਗਲੀ ਲਾਜ ਰਾਖੀ ॥੩॥ | and through it, my honor was totally preserved. \|\|3\|\| |
| ਬੋਲਾਇਆ ਬੋਲੀ ਤੇਰਾ ॥ | I speak as You cause me to speak; |
| ਤੂ ਸਾਹਿਬੁ ਗੁਣੀ ਗਹੇਰਾ ॥ | O Lord and Master, You are the ocean of excellence. |
| ਜਪਿ ਨਾਨਕ ਨਾਮੁ ਸਚੁ ਸਾਖੀ ॥ | Nanak chants the Naam, the Name of the Lord, according to the Teachings of Truth. |
| ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥ | God preserves the honor of His slaves. \|\|4\|\|6\|\|56\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਵਿਚਿ ਕਰਤਾ ਪੁਰਖੁ ਖਲੋਆ ॥ | The Creator Lord Himself stood between us, |
| ਵਾਲੁ ਨ ਵਿੰਗਾ ਹੋਆ ॥ | and not a hair upon my head was touched. |

| | |
|---|---|
| ਮਜਨੁ ਗੁਰ ਆਂਦਾ ਰਾਸੇ ॥ | The Guru made my cleansing bath successful; |
| ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥ | meditating on the Lord, Har, Har, my sins were erased. \|\|1\|\| |
| ਸੰਤਹੁ ਰਾਮਦਾਸ ਸਰੋਵਰੁ ਨੀਕਾ ॥ | O Saints, the purifying pool of Ram Das is sublime. |
| ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥ | Whoever bathes in it, his family and ancestry are saved, and his soul is saved as well. \|\|1\|\|Pause\|\| |
| ਜੈ ਜੈ ਕਾਰੁ ਜਗੁ ਗਾਵੈ ॥ | The world sings cheers of victory, |
| ਮਨ ਚਿੰਦਿਅੜੇ ਫਲ ਪਾਵੈ ॥ | and the fruits of his mind's desires are obtained. |
| ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥ | Whoever comes and bathes here, and meditates on his God, is safe and sound. \|\|2\|\| |
| ਸੰਤ ਸਰੋਵਰ ਨਾਵੈ ॥ | One who bathes in the healing pool of the Saints, |
| ਸੋ ਜਨੁ ਪਰਮ ਗਤਿ ਪਾਵੈ ॥ | that humble being obtains the supreme status. |
| ਮਰੈ ਨ ਆਵੈ ਜਾਈ ॥ | He does not die, or come and go in reincarnation; |
| ਹਰਿ ਹਰਿ ਨਾਮੁ ਧਿਆਈ ॥੩॥ | he meditates on the Name of the Lord, Har, Har. \|\|3\|\| |
| ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ | He alone knows this about God, |
| ਜਿਸੁ ਦਇਆਲੁ ਹੋਇ ਭਗਵਾਨੈ ॥ | whom God blesses with His kindness. |
| ਬਾਬਾ ਨਾਨਕ ਪ੍ਰਭ ਸਰਣਾਈ ॥ | Baba Nanak seeks the Sanctuary of God; |
| ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥ | all his worries and anxieties are dispelled. \|\|4\|\|7\|\|57\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪਾਰਬ੍ਰਹਮਿ ਨਿਬਾਹੀ ਪੂਰੀ ॥ | The Supreme Lord God has stood by me and fulfilled me, |
| ਕਾਈ ਬਾਤ ਨ ਰਹੀਆ ਊਰੀ ॥ | and nothing is left unfinished. |
| ਗੁਰਿ ਚਰਨ ਲਾਇ ਨਿਸਤਾਰੇ ॥ | Attached to the Guru's feet, I am saved; |
| ਹਰਿ ਹਰਿ ਨਾਮੁ ਸਮੑਾਰੇ ॥੧॥ | I contemplate and cherish the Name of the Lord, Har, Har. \|\|1\|\| |
| ਅਪਨੇ ਦਾਸ ਕਾ ਸਦਾ ਰਖਵਾਲਾ ॥ | He is forever the Savior of His slaves. |
| ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ ॥੧॥ ਰਹਾਉ ॥ | Bestowing His Mercy, He made me His own and preserved me; like a mother or father, He cherishes me. \|\|1\|\|Pause\|\| |

| | |
|---|---|
| ਵਡਭਾਗੀ ਸਤਿਗੁਰੁ ਪਾਇਆ ॥ | By great good fortune, I found the True Guru, |
| ਜਿਨਿ ਜਮ ਕਾ ਪੰਥੁ ਮਿਟਾਇਆ ॥ | who obliterated the path of the Messenger of Death. |
| ਹਰਿ ਭਗਤਿ ਭਾਇ ਚਿਤੁ ਲਾਗਾ ॥ | My consciousness is focused on loving, devotional worship of the Lord. |
| ਜਪਿ ਜੀਵਹਿ ਸੇ ਵਡਭਾਗਾ ॥੨॥ | One who lives in this meditation is very fortunate indeed. ‖2‖ |
| ਹਰਿ ਅੰਮ੍ਰਿਤ ਬਾਣੀ ਗਾਵੈ ॥ | He sings the Ambrosial Word of the Guru's Bani, |
| ਸਾਧਾ ਕੀ ਧੂਰੀ ਨਾਵੈ ॥ | and bathes in the dust of the feet of the Holy. |
| ਅਪੁਨਾ ਨਾਮੁ ਆਪੇ ਦੀਆ ॥ | He Himself bestows His Name. |
| ਪ੍ਰਭ ਕਰਣਹਾਰ ਰਖਿ ਲੀਆ ॥੩॥ | God, the Creator, saves us. ‖3‖ |
| ਹਰਿ ਦਰਸਨ ਪ੍ਰਾਨ ਅਧਾਰਾ ॥ | The Blessed Vision of the Lord's Darshan is the support of the breath of life. |
| ਇਹੁ ਪੂਰਨ ਬਿਮਲ ਬੀਚਾਰਾ ॥ | This is the perfect, pure wisdom. |
| ਕਰਿ ਕਿਰਪਾ ਅੰਤਰਜਾਮੀ ॥ | The Inner-knower, the Searcher of hearts, has granted His Mercy; |
| ਦਾਸ ਨਾਨਕ ਸਰਣਿ ਸੁਆਮੀ ॥੪॥੮॥੫੮॥ | slave Nanak seeks the Sanctuary of his Lord and Master. ‖4‖8‖58‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰਿ ਪੂਰੈ ਚਰਨੀ ਲਾਇਆ ॥ | The Perfect Guru has attached me to His feet. |
| ਹਰਿ ਸੰਗਿ ਸਹਾਈ ਪਾਇਆ ॥ | I have obtained the Lord as my companion, my support, my best friend. |
| ਜਹ ਜਾਈਐ ਤਹਾ ਸੁਹੇਲੇ ॥ | Wherever I go, I am happy there. |
| ਕਰਿ ਕਿਰਪਾ ਪ੍ਰਭਿ ਮੇਲੇ ॥੧॥ | By His Kind Mercy, God united me with Himself. ‖1‖ |
| ਹਰਿ ਗੁਣ ਗਾਵਹੁ ਸਦਾ ਸੁਭਾਈ ॥ | So sing forever the Glorious Praises of the Lord with loving devotion. |
| ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥ | You shall obtain all the fruits of your mind's desires, and the Lord shall become the companion and the support of your soul. ‖1‖Pause‖ |
| ਨਾਰਾਇਣ ਪ੍ਰਾਣ ਅਧਾਰਾ ॥ | The Lord is the support of the breath of life. |
| ਹਮ ਸੰਤ ਜਨਾਂ ਰੇਨਾਰਾ ॥ | I am the dust of the feet of the Holy people. |
| ਪਤਿਤ ਪੁਨੀਤ ਕਰਿ ਲੀਨੇ ॥ | I am a sinner, but the Lord made me pure. |

| | |
|---|---|
| ਕਰਿ ਕਿਰਪਾ ਹਰਿ ਜਸੁ ਦੀਨੇ ॥੨॥ | By His Kind Mercy, the Lord blessed me with His Praises. \|\|2\|\| |
| ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ | The Supreme Lord God cherishes and nurtures me. |
| ਸਦ ਜੀਅ ਸੰਗਿ ਰਖਵਾਲਾ ॥ | He is always with me, the Protector of my soul. |
| ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ | Singing the Kirtan of the Lord's Praises day and night, |
| ਬਹੁੜਿ ਨ ਜੋਨੀ ਪਾਈਐ ॥੩॥ | I shall not be consigned to reincarnation again. \|\|3\|\| |
| ਜਿਸੁ ਦੇਵੈ ਪੁਰਖੁ ਬਿਧਾਤਾ ॥ | One who is blessed by the Primal Lord, the Architect of Destiny, |
| ਹਰਿ ਰਸੁ ਤਿਨ ਹੀ ਜਾਤਾ ॥ | realizes the subtle essence of the Lord. |
| ਜਮਕੰਕਰੁ ਨੇੜਿ ਨ ਆਇਆ ॥ | The Messenger of Death does not come near him. |
| ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥ | In the Lord's Sanctuary, Nanak has found peace. \|\|4\|\|9\|\|59\|\| |

## ੬੨੪ | 624

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰਿ ਪੂਰੈ ਕੀਤੀ ਪੂਰੀ ॥ | The Perfect Guru has made me perfect. |
| ਪ੍ਰਭੁ ਰਵਿ ਰਹਿਆ ਭਰਪੂਰੀ ॥ | God is totally pervading and permeating everywhere. |
| ਖੇਮ ਕੁਸਲ ਭਇਆ ਇਸਨਾਨਾ ॥ | With joy and pleasure, I take my purifying bath. |
| ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥ | I am a sacrifice to the Supreme Lord God. \|\|1\|\| |
| ਗੁਰ ਕੇ ਚਰਨ ਕਵਲ ਰਿਦ ਧਾਰੇ ॥ | I enshrine the lotus feet of the Guru within my heart. |
| ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥ | Not even the tiniest obstacle blocks my way; all my affairs are resolved. \|\|1\|\|Pause\|\| |
| ਮਿਲਿ ਸਾਧੂ ਦੁਰਮਤਿ ਖੋਏ ॥ | Meeting with the Holy Saints, my evil-mindedness was eradicated. |
| ਪਤਿਤ ਪੁਨੀਤ ਸਭ ਹੋਏ ॥ | All the sinners are purified. |
| ਰਾਮਦਾਸਿ ਸਰੋਵਰ ਨਾਤੇ ॥ | Bathing in the sacred pool of Guru Ram Das, |
| ਸਭ ਲਾਥੇ ਪਾਪ ਕਮਾਤੇ ॥੨॥ | all the sins one has committed are washed away. \|\|2\|\| |
| ਗੁਨ ਗੋਬਿੰਦ ਨਿਤ ਗਾਈਐ ॥ | So sing forever the Glorious Praises of the Lord of the Universe; |
| ਸਾਧਸੰਗਿ ਮਿਲਿ ਧਿਆਈਐ ॥ | joining the Saadh Sangat, the Company of the Holy, meditate on Him. |

| | |
|---|---|
| ਮਨ ਬਾਂਛਤ ਫਲ ਪਾਏ ॥ | The fruits of your mind's desires are obtained |
| ਗੁਰੁ ਪੂਰਾ ਰਿਦੈ ਧਿਆਏ ॥੩॥ | by meditating on the Perfect Guru within your heart. \|\|3\|\| |
| ਗੁਰ ਗੋਪਾਲ ਆਨੰਦਾ ॥ | The Guru, the Lord of the World, is blissful; |
| ਜਪਿ ਜਪਿ ਜੀਵੈ ਪਰਮਾਨੰਦਾ ॥ | chanting, meditating on the Lord of supreme bliss, He lives. |
| ਜਨ ਨਾਨਕ ਨਾਮੁ ਧਿਆਇਆ ॥ | Servant Nanak meditates on the Naam, the Name of the Lord. |
| ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥ | God has confirmed His innate nature. \|\|4\|\|10\|\|60\|\| |
| ਰਾਗੁ ਸੋਰਠਿ ਮਹਲਾ ੫ ॥ | Sorat'h, Fifth Mehl: |
| ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥ | In the ten directions, the clouds cover the sky like a canopy; through the dark clouds, lightning flashes, and I am terrified. |
| ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥੧॥ | By bed is empty, and my eyes are sleepless; my Husband Lord has gone far away. \|\|1\|\| |
| ਹੁਣਿ ਨਹੀ ਸੰਦੇਸਰੋ ਮਾਇਓ ॥ | Now, I receive no messages from Him, O mother! |
| ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥ | When my Beloved used to go even a mile away, He would send me four letters. \|\|Pause\|\| |
| ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥ | How could I forget this Dear Beloved of mine? He is the Giver of peace, and all virtues. |
| ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥੨॥ | Ascending to His Mansion, I gaze upon His path, and my eyes are filled with tears. \|\|2\|\| |
| ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ | The wall of egotism and pride separates us, but I can hear Him nearby. |
| ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥ | There is a veil between us, like the wings of a butterfly; without being able to see Him, He seems so far away. \|\|3\|\| |
| ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ | The Lord and Master of all has become merciful; He has dispelled all my sufferings. |
| ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥ | Says Nanak, when the Guru tore down the wall of egotism, then, I found my Merciful Lord and Master. \|\|4\|\| |

| | |
|---|---|
| ਸਭੁ ਰਹਿਓ ਅੰਦੇਸਰੋ ਮਾਇਓ ॥ | All my fears have been dispelled, O mother! |
| ਜੋ ਚਾਹਤ ਸੋ ਗੁਰੂ ਮਿਲਾਇਓ ॥ | Whoever I seek, the Guru leads me to find. |
| ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥ | The Lord, our King, is the treasure of all virtue. \|\|Second Pause\|\|11\|\|61\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ | The Restorer of what was taken away, the Liberator from captivity; the Formless Lord, the Destroyer of pain. |
| ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥ | I do not know about karma and good deeds; I do not know about Dharma and righteous living. I am so greedy, chasing after Maya. |
| ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ | I go by the name of God's devotee; please, save this honor of Yours. \|\|1\|\| |
| ਹਰਿ ਜੀਉ ਨਿਮਾਣਿਆ ਤੂ ਮਾਣੁ ॥ | O Dear Lord, You are the honor of the dishonored. |
| ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥ | You make the unworthy ones worthy, O my Lord of the Universe; I am a sacrifice to Your almighty creative power. \|\|Pause\|\| |
| ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥ | Like the child, innocently making thousands of mistakes |
| ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ | his father teaches him, and scolds him so many times, but still, he hugs him close in his embrace. |
| ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ | Please forgive my past actions, God, and place me on Your path for the future. \|\|2\|\| |
| ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥ | The Lord, the Inner-knower, the Searcher of hearts, knows all about my state of mind; so who else should I go to and speak to? |
| ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ | The Lord, the Lord of the Universe, is not pleased by mere recitation of words; if it is pleasing to His Will, He preserves our honor. |
| ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥ | I have seen all other shelters, but Yours alone remains for me. \|\|3\|\| |

| ੬੨੫ | 625 |
|---|---|
| ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥ | Becoming kind and compassionate, God the Lord and Master Himself listens to my prayer. |
| ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥ | He unites me in Union with the Perfect True Guru, and all the cares and anxieties of my mind are dispelled. |
| ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥ | The Lord, Har, Har, has placed the medicine of the Naam into my mouth; servant Nanak abides in peace. \|\|4\|\|12\|\|62\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਿਮਰਿ ਸਿਮਰਿ ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ | Remembering, remembering God in meditation, bliss ensues, and one is rid of all suffering and pain. |
| ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ ॥੧॥ | Singing the Glorious Praises of God, and meditating on Him, all my affairs are brought into harmony. \|\|1\|\| |
| ਜਗਜੀਵਨ ਨਾਮੁ ਤੁਮਾਰਾ ॥ | Your Name is the Life of the world. |
| ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥ | The Perfect Guru has taught me, that by meditating, I cross over the terrifying world-ocean. \|\|Pause\|\| |
| ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈਹਾਰਾ ॥ | You are Your own advisor; You hear everything, God, and You do everything. |
| ਤੂ ਆਪੇ ਦਾਤਾ ਆਪੇ ਭੁਗਤਾ ਕਿਆ ਇਹੁ ਜੰਤੁ ਵਿਚਾਰਾ ॥੨॥ | You Yourself are the Giver, and You Yourself are the Enjoyer. What can this poor creature do? \|\|2\|\| |
| ਕਿਆ ਗੁਣ ਤੇਰੇ ਆਖਿ ਵਖਾਣੀ ਕੀਮਤਿ ਕਹਣੁ ਨ ਜਾਈ ॥ | Which of Your Glorious Virtues should I describe and speak of? Your value cannot be described. |
| ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥੩॥ | I live by beholding, beholding You, O God. Your glorious greatness is wonderful and amazing! \|\|3\|\| |
| ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ ॥ | Granting His Grace, God my Lord and Master Himself saved my honor, and my intellect has been made perfect. |
| ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥੪॥੧੩॥੬੩॥ | Forever and ever, Nanak is a sacrifice, longing for the dust of the feet of the Saints. \|\|4\|\|13\|\|63\|\| |

| | |
|---|---|
| ਸੋਰਠਿ ਮਃ ੫ ॥ | Sorat'h, Fifth Mehl: |
| ਗੁਰੁ ਪੂਰਾ ਨਮਸਕਾਰੇ ॥ | I bow in reverence to the Perfect Guru. |
| ਪ੍ਰਭਿ ਸਭੇ ਕਾਜ ਸਵਾਰੇ ॥ | God has resolved all my affairs. |
| ਹਰਿ ਅਪਣੀ ਕਿਰਪਾ ਧਾਰੀ ॥ | The Lord has showered me with His Mercy. |
| ਪ੍ਰਭ ਪੂਰਨ ਪੈਜ ਸਵਾਰੀ ॥੧॥ | God has perfectly preserved my honor. \|\|1\|\| |
| ਅਪਨੇ ਦਾਸ ਕੋ ਭਇਓ ਸਹਾਈ ॥ | He has become the help and support of His slave. |
| ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥ ਰਹਾਉ ॥ | The Creator has achieved all my goals, and now, nothing is lacking. \|\|Pause\|\| |
| ਕਰਤੈ ਪੁਰਖਿ ਤਾਲੁ ਦਿਵਾਇਆ ॥ | The Creator Lord has caused the pool of nectar to be constructed. |
| ਪਿਛੈ ਲਗਿ ਚਲੀ ਮਾਇਆ ॥ | The wealth of Maya follows in my footsteps, |
| ਤੋਟਿ ਨ ਕਤਹੂ ਆਵੈ ॥ | and now, nothing is lacking at all. |
| ਮੇਰੇ ਪੂਰੇ ਸਤਗੁਰ ਭਾਵੈ ॥੨॥ | This is pleasing to my Perfect True Guru. \|\|2\|\| |
| ਸਿਮਰਿ ਸਿਮਰਿ ਦਇਆਲਾ ॥ | Remembering, remembering the Merciful Lord in meditation, |
| ਸਭਿ ਜੀਅ ਭਏ ਕਿਰਪਾਲਾ ॥ | all beings have become kind and compassionate to me. |
| ਜੈ ਜੈ ਕਾਰੁ ਗੁਸਾਈ ॥ | Hail! Hail to the Lord of the world, |
| ਜਿਨਿ ਪੂਰੀ ਬਣਤ ਬਣਾਈ ॥੩॥ | who created the perfect creation. \|\|3\|\| |
| ਤੂ ਭਾਰੋ ਸੁਆਮੀ ਮੋਰਾ ॥ | You are my Great Lord and Master. |
| ਇਹੁ ਪੁੰਨੁ ਪਦਾਰਥੁ ਤੇਰਾ ॥ | These blessings and wealth are Yours. |
| ਜਨ ਨਾਨਕ ਏਕੁ ਧਿਆਇਆ ॥ | Servant Nanak has meditated on the One Lord; |
| ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥ | he has obtained the fruitful rewards for all good deeds. \|\|4\|\|14\|\|64\|\| |
| ਸੋਰਠਿ ਮਹਲਾ ੫ ਘਰੁ ੩ ਦੁਪਦੇ | Sorat'h, Fifth Mehl, Third House, Du-Padas: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਮਦਾਸ ਸਰੋਵਰਿ ਨਾਤੇ ॥ | Bathing in the nectar tank of Ram Das, |
| ਸਭਿ ਉਤਰੇ ਪਾਪ ਕਮਾਤੇ ॥ | all sins are erased. |
| ਨਿਰਮਲ ਹੋਏ ਕਰਿ ਇਸਨਾਨਾ ॥ | One becomes immaculately pure, taking this cleansing bath. |

| | |
|---|---|
| ਗੁਰਿ ਪੂਰੈ ਕੀਨੇ ਦਾਨਾ ॥੧॥ | The Perfect Guru has bestowed this gift. \|\|1\|\| |
| ਸਭਿ ਕੁਸਲ ਖੇਮ ਪ੍ਰਭਿ ਧਾਰੇ ॥ | God has blessed all with peace and pleasure. |
| ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ | Everything is safe and sound, as we contemplate the Word of the Guru's Shabad. \|\|Pause\|\| |
| ਸਾਧਸੰਗਿ ਮਲੁ ਲਾਥੀ ॥ | In the Saadh Sangat, the Company of the Holy, filth is washed off. |
| ਪਾਰਬ੍ਰਹਮੁ ਭਇਓ ਸਾਥੀ ॥ | The Supreme Lord God has become our friend and helper. |
| ਨਾਨਕ ਨਾਮੁ ਧਿਆਇਆ ॥ | Nanak meditates on the Naam, the Name of the Lord. |
| ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥ | He has found God, the Primal Being. \|\|2\|\|1\|\|65\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਜਿਤੁ ਪਾਰਬ੍ਰਹਮੁ ਚਿਤਿ ਆਇਆ ॥ ਸੋ ਘਰੁ ਦਯਿ ਵਸਾਇਆ ॥ | The Supreme Lord God has established that home, in which He comes to mind. |
| **੬੨੬** | **626** |
| ਸੁਖ ਸਾਗਰੁ ਗੁਰੁ ਪਾਇਆ ॥ ਤਾ ਸਹਸਾ ਸਗਲ ਮਿਟਾਇਆ ॥੧॥ | I found the Guru, the ocean of peace, and all my doubts were dispelled. \|\|1\|\| |
| ਹਰਿ ਕੇ ਨਾਮ ਕੀ ਵਡਿਆਈ ॥ | This is the glorious greatness of the Naam. |
| ਆਠ ਪਹਰ ਗੁਣ ਗਾਈ ॥ | Twenty-four hours a day, I sing His Glorious Praises. |
| ਗੁਰ ਪੂਰੇ ਤੇ ਪਾਈ ॥ ਰਹਾਉ ॥ | I obtained this from the Perfect Guru. \|\|Pause\|\| |
| ਪ੍ਰਭ ਕੀ ਅਕਥ ਕਹਾਣੀ ॥ | God's sermon is inexpressible. |
| ਜਨ ਬੋਲਹਿ ਅੰਮ੍ਰਿਤ ਬਾਣੀ ॥ | His humble servants speak words of Ambrosial Nectar. |
| ਨਾਨਕ ਦਾਸ ਵਖਾਣੀ ॥ | Slave Nanak has spoken. |
| ਗੁਰ ਪੂਰੇ ਤੇ ਜਾਣੀ ॥੨॥੨॥੬੬॥ | Through the Perfect Guru, it is known. \|\|2\|\|2\|\|66\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਆਗੈ ਸੁਖੁ ਗੁਰਿ ਦੀਆ ॥ | The Guru has blessed me with peace here, |
| ਪਾਛੈ ਕੁਸਲ ਖੇਮ ਗੁਰਿ ਕੀਆ ॥ | and the Guru has arranged peace and pleasure for me hereafter. |

| | |
|---|---|
| ਸਰਬ ਨਿਧਾਨ ਸੁਖ ਪਾਇਆ ॥ | I have all treasures and comforts, |
| ਗੁਰੁ ਅਪੁਨਾ ਰਿਦੈ ਧਿਆਇਆ ॥੧॥ | meditating on the Guru in my heart. \|\|1\|\| |
| ਅਪਨੇ ਸਤਿਗੁਰ ਕੀ ਵਡਿਆਈ ॥ | This is the glorious greatness of my True Guru; |
| ਮਨ ਇਛੇ ਫਲ ਪਾਈ ॥ | I have obtained the fruits of my mind's desires. |
| ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥ | O Saints, His Glory increases day by day. \|\|Pause\|\| |
| ਜੀਅ ਜੰਤ ਸਭਿ ਭਏ ਦਇਆਲਾ ਪ੍ਰਭਿ ਅਪਨੇ ਕਰਿ ਦੀਨੇ ॥ | All beings and creatures have become kind and compassionate to me; my God has made them so. |
| ਸਹਜ ਸੁਭਾਇ ਮਿਲੇ ਗੋਪਾਲਾ ਨਾਨਕ ਸਾਚਿ ਪਤੀਨੇ ॥੨॥੩॥੬੭॥ | Nanak has met with the Lord of the world with intuitive ease, and with Truth, he is pleased. \|\|2\|\|3\|\|67\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰ ਕਾ ਸਬਦੁ ਰਖਵਾਰੇ ॥ | The Word of the Guru's Shabad is my Saving Grace. |
| ਚਉਕੀ ਚਉਗਿਰਦ ਹਮਾਰੇ ॥ | It is a guardian posted on all four sides around me. |
| ਰਾਮ ਨਾਮਿ ਮਨੁ ਲਾਗਾ ॥ | My mind is attached to the Lord's Name. |
| ਜਮੁ ਲਜਾਇ ਕਰਿ ਭਾਗਾ ॥੧॥ | The Messenger of Death has run away in shame. \|\|1\|\| |
| ਪ੍ਰਭ ਜੀ ਤੂ ਮੇਰੋ ਸੁਖਦਾਤਾ ॥ | O Dear Lord, You are my Giver of peace. |
| ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ ਰਹਾਉ ॥ | The Perfect Lord, the Architect of Destiny, has shattered my bonds, and made my mind immaculately pure. \|\|Pause\|\| |
| ਨਾਨਕ ਪ੍ਰਭੁ ਅਬਿਨਾਸੀ ॥ | O Nanak, God is eternal and imperishable. |
| ਤਾ ਕੀ ਸੇਵ ਨ ਬਿਰਥੀ ਜਾਸੀ ॥ | Service to Him shall never go unrewarded. |
| ਅਨਦ ਕਰਹਿ ਤੇਰੇ ਦਾਸਾ ॥ | Your slaves are in bliss; |
| ਜਪਿ ਪੂਰਨ ਹੋਈ ਆਸਾ ॥੨॥੪॥੬੮॥ | chanting and meditating, their desires are fulfilled. \|\|2\|\|4\|\|68\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰ ਅਪੁਨੇ ਬਲਿਹਾਰੀ ॥ | I am a sacrifice to my Guru. |
| ਜਿਨਿ ਪੂਰਨ ਪੈਜ ਸਵਾਰੀ ॥ | He has totally preserved my honor. |
| ਮਨ ਚਿੰਦਿਆ ਫਲੁ ਪਾਇਆ ॥ | I have obtained the fruits of my mind's desires. |
| ਪ੍ਰਭੁ ਅਪੁਨਾ ਸਦਾ ਧਿਆਇਆ ॥੧॥ | I meditate forever on my God. \|\|1\|\| |

| | |
|---|---|
| ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ | O Saints, without Him, there is no other at all. |
| ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥ | He is God, the Cause of causes. \|\|Pause\|\| |
| ਪ੍ਰਭਿ ਅਪਨੈ ਵਰ ਦੀਨੇ ॥ | My God has given me His Blessing. |
| ਸਗਲ ਜੀਅ ਵਸਿ ਕੀਨੇ ॥ | He has made all creatures subject to me. |
| ਜਨ ਨਾਨਕ ਨਾਮੁ ਧਿਆਇਆ ॥ | Servant Nanak meditates on the Naam, the Name of the Lord, |
| ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥ | and all his sorrows depart. \|\|2\|\|5\|\|69\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਤਾਪੁ ਗਵਾਇਆ ਗੁਰਿ ਪੂਰੇ ॥ | The Perfect Guru has dispelled the fever. |
| ਵਾਜੇ ਅਨਹਦ ਤੂਰੇ ॥ | The unstruck melody of the sound current resounds. |
| ਸਰਬ ਕਲਿਆਣ ਪ੍ਰਭਿ ਕੀਨੇ ॥ | God has bestowed all comforts. |
| ਕਰਿ ਕਿਰਪਾ ਆਪਿ ਦੀਨੇ ॥੧॥ | In His Mercy, He Himself has given them. \|\|1\|\| |
| ਬੇਦਨ ਸਤਿਗੁਰਿ ਆਪਿ ਗਵਾਈ ॥ | The True Guru Himself has eradicated the disease. |
| ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ ਰਹਾਉ ॥ | All the Sikhs and Saints are filled with joy, meditating on the Name of the Lord, Har, Har. \|\|Pause\|\| |
| ਜੋ ਮੰਗਹਿ ਸੋ ਲੇਵਹਿ ॥ | They obtain that which they ask for. |
| ਪ੍ਰਭ ਅਪਣਿਆ ਸੰਤਾ ਦੇਵਹਿ ॥ | God gives to His Saints. |
| ਹਰਿ ਗੋਵਿਦੁ ਪ੍ਰਭਿ ਰਾਖਿਆ ॥ | God saved Hargobind. |
| ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥ | Servant Nanak speaks the Truth. \|\|2\|\|6\|\|70\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੋਈ ਕਰਾਇ ਜੋ ਤੁਧੁ ਭਾਵੈ ॥ | You make me do what pleases You. |
| ਮੋਹਿ ਸਿਆਣਪ ਕਛੂ ਨ ਆਵੈ ॥ | I have no cleverness at all. |
| ਹਮ ਬਾਰਿਕ ਤਉ ਸਰਣਾਈ ॥ | I am just a child - I seek Your Protection. |
| ਪ੍ਰਭਿ ਆਪੇ ਪੈਜ ਰਖਾਈ ॥੧॥ | God Himself preserves my honor. \|\|1\|\| |
| ਮੇਰਾ ਮਾਤ ਪਿਤਾ ਹਰਿ ਰਾਇਆ ॥ | The Lord is my King; He is my mother and father. |
| ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰਂੀ ਤੇਰਾ ਕਰਾਇਆ ॥ ਰਹਾਉ ॥ | In Your Mercy, You cherish me; I do whatever You make me do. \|\|Pause\|\| |

| | |
|---|---|
| ਜੀਅ ਜੰਤ ਤੇਰੇ ਧਾਰੇ ॥ | The beings and creatures are Your creation. |
| ਪ੍ਰਭ ਡੋਰੀ ਹਾਥਿ ਤੁਮਾਰੇ ॥ | O God, their reins are in Your hands. |
| **੬੨੭** | 627 |
| ਜਿ ਕਰਾਵੈ ਸੋ ਕਰਣਾ ॥ | Whatever You cause us to do, we do. |
| ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥ | Nanak, Your slave, seeks Your Protection. \|\|2\|\|7\|\|71\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਹਰਿ ਨਾਮੁ ਰਿਦੈ ਪਰੋਇਆ ॥ | I have woven the Lord's Name into the fabric of my heart. |
| ਸਭੁ ਕਾਜੁ ਹਮਾਰਾ ਹੋਇਆ ॥ | All my affairs are resolved. |
| ਪ੍ਰਭ ਚਰਣੀ ਮਨੁ ਲਾਗਾ ॥ | His mind is attached to God's feet, |
| ਪੂਰਨ ਜਾ ਕੇ ਭਾਗਾ ॥੧॥ | whose destiny is perfect. \|\|1\|\| |
| ਮਿਲਿ ਸਾਧਸੰਗਿ ਹਰਿ ਧਿਆਇਆ ॥ | Joining the Saadh Sangat, the Company of the Holy, I meditate on the Lord. |
| ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ ॥ ਰਹਾਉ ॥ | Twenty-four hours a day, I worship and adore the Lord, Har, Har; I have obtained the fruits of my mind's desires. \|\|Pause\|\| |
| ਪਰਾ ਪੂਰਬਲਾ ਅੰਕੁਰੁ ਜਾਗਿਆ ॥ | The seeds of my past actions have sprouted. |
| ਰਾਮ ਨਾਮਿ ਮਨੁ ਲਾਗਿਆ ॥ | My mind is attached to the Lord's Name. |
| ਮਨਿ ਤਨਿ ਹਰਿ ਦਰਸਿ ਸਮਾਵੈ ॥ | My mind and body are absorbed into the Blessed Vision of the Lord's Darshan. |
| ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥ | Slave Nanak sings the Glorious Praises of the True Lord. \|\|2\|\|8\|\|72\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗੁਰ ਮਿਲਿ ਪ੍ਰਭੂ ਚਿਤਾਰਿਆ ॥ | Meeting with the Guru, I contemplate God. |
| ਕਾਰਜ ਸਭਿ ਸਵਾਰਿਆ ॥ | All of my affairs have been resolved. |
| ਮੰਦਾ ਕੋ ਨ ਅਲਾਏ ॥ | No one speaks ill of me. |
| ਸਭ ਜੈ ਜੈ ਕਾਰੁ ਸੁਣਾਏ ॥੧॥ | Everyone congratulates me on my victory. \|\|1\|\| |
| ਸੰਤਹੁ ਸਾਚੀ ਸਰਣਿ ਸੁਆਮੀ ॥ | O Saints, I seek the True Sanctuary of the Lord and Master. |

| | |
|---|---|
| ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ ॥ ਰਹਾਉ ॥ | All beings and creatures are in His hands; He is God, the Inner-knower, the Searcher of hearts. ‖Pause‖ |
| ਕਰਤਬ ਸਭਿ ਸਵਾਰੇ ॥ | He has resolved all of my affairs. |
| ਪ੍ਰਭਿ ਅਪੁਨਾ ਬਿਰਦੁ ਸਮਾਰੇ ॥ | God has confirmed His innate nature. |
| ਪਤਿਤ ਪਾਵਨ ਪ੍ਰਭ ਨਾਮਾ ॥ | God's Name is the Purifier of sinners. |
| ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥ | Servant Nanak is forever a sacrifice to Him. ‖2‖9‖73‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪਾਰਬ੍ਰਹਮਿ ਸਾਜਿ ਸਵਾਰਿਆ ॥ | The Supreme Lord God created and embellished him. |
| ਇਹੁ ਲਹੁੜਾ ਗੁਰੂ ਉਬਾਰਿਆ ॥ | The Guru has saved this small child. |
| ਅਨਦ ਕਰਹੁ ਪਿਤ ਮਾਤਾ ॥ | So celebrate and be happy, father and mother. |
| ਪਰਮੇਸਰੁ ਜੀਅ ਕਾ ਦਾਤਾ ॥੧॥ | The Transcendent Lord is the Giver of souls. ‖1‖ |
| ਸੁਭ ਚਿਤਵਨਿ ਦਾਸ ਤੁਮਾਰੇ ॥ | Your slaves, O Lord, focus on pure thoughts. |
| ਰਾਖਹਿ ਪੈਜ ਦਾਸ ਅਪੁਨੇ ਕੀ ਕਾਰਜ ਆਪਿ ਸਵਾਰੇ ॥ ਰਹਾਉ ॥ | You preserve the honor of Your slaves, and You Yourself arrange their affairs. ‖Pause‖ |
| ਮੇਰਾ ਪ੍ਰਭੁ ਪਰਉਪਕਾਰੀ ॥ | My God is so benevolent. |
| ਪੂਰਨ ਕਲ ਜਿਨਿ ਧਾਰੀ ॥ | His Almighty Power is manifest. |
| ਨਾਨਕ ਸਰਣੀ ਆਇਆ ॥ | Nanak has come to His Sanctuary. |
| ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥ | He has obtained the fruits of his mind's desires. ‖2‖10‖74‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਦਾ ਸਦਾ ਹਰਿ ਜਾਪੇ ॥ | Forever and ever, I chant the Lord's Name. |
| ਪ੍ਰਭ ਬਾਲਕ ਰਾਖੇ ਆਪੇ ॥ | God Himself has saved my child. |
| ਸੀਤਲਾ ਠਾਕਿ ਰਹਾਈ ॥ | He healed him from the smallpox. |
| ਬਿਘਨ ਗਏ ਹਰਿ ਨਾਈ ॥੧॥ | My troubles have been removed through the Lord's Name. ‖1‖ |
| ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥ | My God is forever Merciful. |

| | |
|---|---|
| ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ ਰਹਾਉ ॥ | He heard the prayer of His devotee, and now all beings are kind and compassionate to him. \|\|Pause\|\| |
| ਪ੍ਰਭ ਕਰਣ ਕਾਰਣ ਸਮਰਾਥਾ ॥ | God is Almighty, the Cause of causes. |
| ਹਰਿ ਸਿਮਰਤ ਸਭੁ ਦੁਖੁ ਲਾਥਾ ॥ | Remembering the Lord in meditation, all pains and sorrows vanish. |
| ਅਪਣੇ ਦਾਸ ਕੀ ਸੁਣੀ ਬੇਨੰਤੀ ॥ | He has heard the prayer of His slave. |
| ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥ | O Nanak, now everyone sleeps in peace. \|\|2\|\|11\|\|75\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਅਪਨਾ ਗੁਰੂ ਧਿਆਏ ॥ | I meditated on my Guru. |
| ਮਿਲਿ ਕੁਸਲ ਸੇਤੀ ਘਰਿ ਆਏ ॥ | I met with Him, and returned home in joy. |
| ਨਾਮੈ ਕੀ ਵਡਿਆਈ ॥ | This is the glorious greatness of the Naam. |
| ਤਿਸੁ ਕੀਮਤਿ ਕਹਣੁ ਨ ਜਾਈ ॥੧॥ | Its value cannot be estimated. \|\|1\|\| |
| ਸੰਤਹੁ ਹਰਿ ਹਰਿ ਹਰਿ ਆਰਾਧਹੁ ॥ | O Saints, worship and adore the Lord, Har, Har, Har. |
| ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥ | Worship the Lord in adoration, and you shall obtain everything; your affairs shall all be resolved. \|\|Pause\|\| |
| ਪ੍ਰੇਮ ਭਗਤਿ ਪ੍ਰਭ ਲਾਗੀ ॥ | He alone is attached in loving devotion to God, |
| ਸੋ ਪਾਏ ਜਿਸੁ ਵਡਭਾਗੀ ॥ | who realizes his great destiny. |
| ਜਨ ਨਾਨਕ ਨਾਮੁ ਧਿਆਇਆ ॥ | Servant Nanak meditates on the Naam, the Name of the Lord. |
| ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥ | He obtains the rewards of all joys and peace. \|\|2\|\|12\|\|76\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪਰਮੇਸਰਿ ਦਿਤਾ ਬੰਨਾ ॥ | The Transcendent Lord has given me His support. |
| ਦੁਖ ਰੋਗ ਕਾ ਡੇਰਾ ਭੰਨਾ ॥ | The house of pain and disease has been demolished. |
| ਅਨਦ ਕਰਹਿ ਨਰ ਨਾਰੀ ॥ | The men and women celebrate. |
| ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ | The Lord God, Har, Har, has extended His Mercy. \|\|1\|\| |

## ੬੨੮

## 628

ਸੰਤਹੁ ਸੁਖੁ ਹੋਆ ਸਭ ਥਾਈ ॥

O Saints, there is peace everywhere.

ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥

The Supreme Lord God, the Perfect Transcendent Lord, is pervading everywhere. ||Pause||

ਧੁਰ ਕੀ ਬਾਣੀ ਆਈ ॥

The Bani of His Word emanated from the Primal Lord.

ਤਿਨਿ ਸਗਲੀ ਚਿੰਤ ਮਿਟਾਈ ॥

It eradicates all anxiety.

ਦਇਆਲ ਪੁਰਖ ਮਿਹਰਵਾਨਾ ॥

The Lord is merciful, kind and compassionate.

ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥

Nanak chants the Naam, the Name of the True Lord. ||2||13||77||

### ਸੋਰਠਿ ਮਹਲਾ ੫ ॥

### Sorat'h, Fifth Mehl:

ਐਥੈ ਓਥੈ ਰਖਵਾਲਾ ॥

Here and hereafter, He is our Savior.

ਪ੍ਰਭ ਸਤਿਗੁਰ ਦੀਨ ਦਇਆਲਾ ॥

God, the True Guru, is Merciful to the meek.

ਦਾਸ ਅਪਨੇ ਆਪਿ ਰਾਖੇ ॥

He Himself protects His slaves.

ਘਟਿ ਘਟਿ ਸਬਦੁ ਸੁਭਾਖੇ ॥੧॥

In each and every heart, the Beautiful Word of His Shabad resounds. ||1||

ਗੁਰ ਕੇ ਚਰਣ ਊਪਰਿ ਬਲਿ ਜਾਈ ॥

I am a sacrifice to the Guru's Feet.

ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥

Day and night, with each and every breath, I remember Him; He is totally pervading and permeating all places. ||Pause||

ਆਪਿ ਸਹਾਈ ਹੋਆ ॥

He Himself has become my help and support.

ਸਚੇ ਦਾ ਸਚਾ ਢੋਆ ॥

True is the support of the True Lord.

ਤੇਰੀ ਭਗਤਿ ਵਡਿਆਈ ॥

Glorious and great is devotional worship to You.

ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥

Nanak has found God's Sanctuary. ||2||14||78||

### ਸੋਰਠਿ ਮਹਲਾ ੫ ॥

### Sorat'h, Fifth Mehl:

ਸਤਿਗੁਰ ਪੂਰੇ ਭਾਣਾ ॥

When it was pleasing to the Perfect True Guru,

ਤਾ ਜਪਿਆ ਨਾਮੁ ਰਮਾਣਾ ॥

then I chanted the Naam, the Name of the Pervading Lord.

ਗੋਬਿੰਦ ਕਿਰਪਾ ਧਾਰੀ ॥

The Lord of the Universe extended His Mercy to me,

ਪ੍ਰਭਿ ਰਾਖੀ ਪੈਜ ਹਮਾਰੀ ॥੧॥

and God saved my honor. ||1||

| | |
|---|---|
| ਹਰਿ ਕੇ ਚਰਨ ਸਦਾ ਸੁਖਦਾਈ ॥ | The Lord's feet are forever peace-giving. |
| ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ ਰਹਾਉ ॥ | Whatever fruit one desires, he receives; his hopes shall not go in vain. \|\|1\|\|Pause\|\| |
| ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ ॥ | That Saint, unto whom the Lord of Life, the Great Giver, extends His Mercy - he alone sings the Glorious Praises of the Lord. |
| ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ ॥੨॥ | His soul is absorbed in loving devotional worship; his mind is pleasing to the Supreme Lord God. \|\|2\|\| |
| ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ ॥ | Twenty-four hours a day, he chants the Praises of the Lord, and the bitter poison does not affect him. |
| ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥੩॥ | My Creator Lord has united me with Himself, and the Holy Saints have become my companions. \|\|3\|\| |
| ਕਰੁ ਗਹਿ ਲੀਨੇ ਸਰਬਸੁ ਦੀਨੇ ਆਪਹਿ ਆਪੁ ਮਿਲਾਇਆ ॥ | Taking me by the hand, He has given me everything, and blended me with Himself. |
| ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥ | Says Nanak, everything has been perfectly resolved; I have found the Perfect True Guru. \|\|4\|\|15\|\|79\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਗਰੀਬੀ ਗਦਾ ਹਮਾਰੀ ॥ | Humility is my spiked club. |
| ਖੰਨਾ ਸਗਲ ਰੇਨੁ ਛਾਰੀ ॥ | My dagger is to be the dust of all men's feet. |
| ਇਸੁ ਆਗੈ ਕੋ ਨ ਟਿਕੈ ਵੇਕਾਰੀ ॥ | No evil-doer can withstand these weapons. |
| ਗੁਰ ਪੂਰੇ ਏਹ ਗਲ ਸਾਰੀ ॥੧॥ | The Perfect Guru has given me this understanding. \|\|1\|\| |
| ਹਰਿ ਹਰਿ ਨਾਮੁ ਸੰਤਨ ਕੀ ਓਟਾ ॥ | The Name of the Lord, Har, Har, is the support and shelter of the Saints. |
| ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ ॥ | One who remembers the Lord in meditation, is emancipated; millions have been saved in this way. \|\|1\|\|Pause\|\| |
| ਸੰਤ ਸੰਗਿ ਜਸੁ ਗਾਇਆ ॥ | In the Society of the Saints, I sing His Praises. |
| ਇਹੁ ਪੂਰਨ ਹਰਿ ਧਨੁ ਪਾਇਆ ॥ | I have found this, the perfect wealth of the Lord. |
| ਕਹੁ ਨਾਨਕ ਆਪੁ ਮਿਟਾਇਆ ॥ | Says Nanak, I have eradicated my self-conceit. |
| ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥ | I see the Supreme Lord God everywhere. \|\|2\|\|16\|\|80\|\| |

ਸੋਰਠਿ ਮਹਲਾ ੫ ॥

Sorat'h, Fifth Mehl:

ਗੁਰਿ ਪੂਰੈ ਪੂਰੀ ਕੀਨੀ ॥

The Perfect Guru has done it perfectly.

ਬਖਸ ਅਪੁਨੀ ਕਰਿ ਦੀਨੀ ॥

He blessed me with forgiveness.

ਨਿਤ ਅਨੰਦ ਸੁਖ ਪਾਇਆ ॥

I have found lasting peace and bliss.

ਥਾਵ ਸਗਲੇ ਸੁਖੀ ਵਸਾਇਆ ॥੧॥

Everywhere, the people dwell in peace. ||1||

ਹਰਿ ਕੀ ਭਗਤਿ ਫਲ ਦਾਤੀ ॥

Devotional worship to the Lord is what gives rewards.

ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ ॥ ਰਹਾਉ ॥

The Perfect Guru, by His Grace, gave it to me; how rare are those who know this. ||Pause||

ਗੁਰਬਾਣੀ ਗਾਵਹ ਭਾਈ ॥

Sing the Word of the Guru's Bani, O Siblings of Destiny.

ਓਹ ਸਫਲ ਸਦਾ ਸੁਖਦਾਈ ॥

That is always rewarding and peace-giving.

ਨਾਨਕ ਨਾਮੁ ਧਿਆਇਆ ॥

Nanak has meditated on the Naam, the Name of the Lord.

ਪੂਰਬਿ ਲਿਖਿਆ ਪਾਇਆ ॥੨॥੧੭॥੮੧॥

He has realized his pre-ordained destiny. ||2||17||81||

ਸੋਰਠਿ ਮਹਲਾ ੫ ॥

Sorat'h, Fifth Mehl:

## ੬੨੯

## 629

ਗੁਰੁ ਪੂਰਾ ਆਰਾਧੇ ॥

I worship and adore the Perfect Guru.

ਕਾਰਜ ਸਗਲੇ ਸਾਧੇ ॥

All my affairs have been resolved.

ਸਗਲ ਮਨੋਰਥ ਪੂਰੇ ॥

All desires have been fulfilled.

ਬਾਜੇ ਅਨਹਦ ਤੂਰੇ ॥੧॥

The unstruck melody of the sound current resounds. ||1||

ਸੰਤਹੁ ਰਾਮੁ ਜਪਤ ਸੁਖੁ ਪਾਇਆ ॥

O Saints, meditating on the Lord, we obtain peace.

ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ ॥

In the home of the Saints, celestial peace is pervading; all pain and suffering is dispelled. ||1||Pause||

ਗੁਰ ਪੂਰੇ ਕੀ ਬਾਣੀ ॥

The Word of the Perfect Guru's Bani

ਪਾਰਬ੍ਰਹਮ ਮਨਿ ਭਾਣੀ ॥

is pleasing to the Mind of the Supreme Lord God.

ਨਾਨਕ ਦਾਸਿ ਵਖਾਣੀ ॥

Slave Nanak speaks

ਨਿਰਮਲ ਅਕਥ ਕਹਾਣੀ ॥੨॥੧੮॥੮੨॥

the Unspoken, immaculate sermon of the Lord. ||2||18||82||

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਭੂਖੇ ਖਾਵਤ ਲਾਜ ਨ ਆਵੈ ॥ | The hungry man is not ashamed to eat. |
| ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥ | Just so, the humble servant of the Lord sings the Glorious Praises of the Lord. \|\|1\|\| |
| ਅਪਨੇ ਕਾਜ ਕਉ ਕਿਉ ਅਲਕਾਈਐ ॥ | Why are you so lazy in your own affairs? |
| ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ ॥੧॥ ਰਹਾਉ ॥ | Remembering Him in meditation, your face shall be radiant in the Court of the Lord; you shall find peace, forever and ever. \|\|1\|\|Pause\|\| |
| ਜਿਉ ਕਾਮੀ ਕਾਮਿ ਲੁਭਾਵੈ ॥ | Just as the lustful man is enticed by lust, |
| ਤਿਉ ਹਰਿ ਦਾਸ ਹਰਿ ਜਸੁ ਭਾਵੈ ॥੨॥ | so is the Lord's slave pleased with the Lord's Praise. \|\|2\|\| |
| ਜਿਉ ਮਾਤਾ ਬਾਲਿ ਲਪਟਾਵੈ ॥ | Just as the mother holds her baby close, |
| ਤਿਉ ਗਿਆਨੀ ਨਾਮੁ ਕਮਾਵੈ ॥੩॥ | so does the spiritual person cherish the Naam, the Name of the Lord. \|\|3\|\| |
| ਗੁਰ ਪੂਰੇ ਤੇ ਪਾਵੈ ॥ | This is obtained from the Perfect Guru. |
| ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥ | Servant Nanak meditates on the Naam, the Name of the Lord. \|\|4\|\|19\|\|83\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੁਖ ਸਾਂਦਿ ਘਰਿ ਆਇਆ ॥ | Safe and sound, I have returned home. |
| ਨਿੰਦਕ ਕੈ ਮੁਖਿ ਛਾਇਆ ॥ | The slanderer's face is blackened with ashes. |
| ਪੂਰੈ ਗੁਰਿ ਪਹਿਰਾਇਆ ॥ | The Perfect Guru has dressed in robes of honor. |
| ਬਿਨਸੇ ਦੁਖ ਸਬਾਇਆ ॥੧॥ | All my pains and sufferings are over. \|\|1\|\| |
| ਸੰਤਹੁ ਸਾਚੇ ਕੀ ਵਡਿਆਈ ॥ | O Saints, this is the glorious greatness of the True Lord. |
| ਜਿਨਿ ਅਚਰਜ ਸੋਭ ਬਣਾਈ ॥੧॥ ਰਹਾਉ ॥ | He has created such wonder and glory! \|\|1\|\|Pause\|\| |
| ਬੋਲੇ ਸਾਹਿਬ ਕੈ ਭਾਣੈ ॥ | I speak according to the Will of my Lord and Master. |
| ਦਾਸੁ ਬਾਣੀ ਬ੍ਰਹਮੁ ਵਖਾਣੈ ॥ | God's slave chants the Word of His Bani. |
| ਨਾਨਕ ਪ੍ਰਭ ਸੁਖਦਾਈ ॥ | O Nanak, God is the Giver of peace. |
| ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥ | He has created the perfect creation. \|\|2\|\|20\|\|84\|\| |

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਪ੍ਰਭੁ ਅਪੁਨਾ ਰਿਦੈ ਧਿਆਏ ॥ | Within my heart, I meditate on God. |
| ਘਰਿ ਸਹੀ ਸਲਾਮਤਿ ਆਏ ॥ | I have returned home safe and sound. |
| ਸੰਤੋਖੁ ਭਇਆ ਸੰਸਾਰੇ ॥ | The world has become contented. |
| ਗੁਰਿ ਪੂਰੈ ਲੈ ਤਾਰੇ ॥੧॥ | The Perfect Guru has saved me. \|\|1\|\| |
| ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥ | O Saints, my God is forever merciful. |
| ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ ਰਹਾਉ ॥ | The Lord of the world does not call His devotee to account; He protects His children. \|\|1\|\|Pause\|\| |
| ਹਰਿ ਨਾਮੁ ਰਿਦੈ ਉਰਿ ਧਾਰੇ ॥ | I have enshrined the Lord's Name within my heart. |
| ਤਿਨਿ ਸਭੇ ਥੋਕ ਸਵਾਰੇ ॥ | He has resolved all my affairs. |
| ਗੁਰਿ ਪੂਰੈ ਤੁਸਿ ਦੀਆ ॥ | The Perfect Guru was pleased, and blessed me, |
| ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥ | and now, Nanak shall never again suffer pain. \|\|2\|\|21\|\|85\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਹਰਿ ਮਨਿ ਤਨਿ ਵਸਿਆ ਸੋਈ ॥ | The Lord abides in my mind and body. |
| ਜੈ ਜੈ ਕਾਰੁ ਕਰੇ ਸਭੁ ਕੋਈ ॥ | Everyone congratulates me on my victory. |
| ਗੁਰ ਪੂਰੇ ਕੀ ਵਡਿਆਈ ॥ | This is the glorious greatness of the Perfect Guru. |
| ਤਾ ਕੀ ਕੀਮਤਿ ਕਹੀ ਨ ਜਾਈ ॥੧॥ | His value cannot be described. \|\|1\|\| |
| ਹਉ ਕੁਰਬਾਨੁ ਜਾਈ ਤੇਰੇ ਨਾਵੈ ॥ | I am a sacrifice to Your Name. |
| ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥ | He alone, whom You have forgiven, O my Beloved, sings Your Praises. \|\|1\|\|Pause\|\| |
| ਤੂੰ ਭਾਰੋ ਸੁਆਮੀ ਮੇਰਾ ॥ | You are my Great Lord and Master. |
| ਸੰਤਾਂ ਭਰਵਾਸਾ ਤੇਰਾ ॥ | You are the support of the Saints. |
| ਨਾਨਕ ਪ੍ਰਭ ਸਰਣਾਈ ॥ | Nanak has entered God's Sanctuary. |
| ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥ | The faces of the slanderers are blackened with ashes. \|\|2\|\|22\|\|86\|\| |

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਆਗੈ ਸੁਖੁ ਮੇਰੇ ਮੀਤਾ ॥ | Peace in this world, O my friends, |
| ਪਾਛੇ ਆਨਦੁ ਪ੍ਰਭਿ ਕੀਤਾ ॥ | and bliss in the world hereafter - God has given me this. |
| ਪਰਮੇਸੁਰਿ ਬਣਤ ਬਣਾਈ ॥ | The Transcendent Lord has arranged these arrangements; |
| ਫਿਰਿ ਡੋਲਤ ਕਤਹੂ ਨਾਹੀ ॥੧॥ | I shall never waver again. ‖1‖ |
| ਸਾਚੇ ਸਾਹਿਬ ਸਿਉ ਮਨੁ ਮਾਨਿਆ ॥ | My mind is pleased with the True Lord Master. |
| ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥ | I know the Lord to be pervading all. ‖1‖Pause‖ |
| **੬੩੦** | 630 |
| ਸਭ ਜੀਅ ਤੇਰੇ ਦਇਆਲਾ ॥ | All beings are Yours, O Merciful Lord. |
| ਅਪਨੇ ਭਗਤ ਕਰਹਿ ਪ੍ਰਤਿਪਾਲਾ ॥ | You cherish Your devotees. |
| ਅਚਰਜੁ ਤੇਰੀ ਵਡਿਆਈ ॥ | Your glorious greatness is wonderful and marvellous. |
| ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥ | Nanak ever meditates on the Naam, the Name of the Lord. ‖2‖23‖87‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਨਾਲਿ ਨਰਾਇਣੁ ਮੇਰੈ ॥ | The Lord is always with me. |
| ਜਮਦੂਤੁ ਨ ਆਵੈ ਨੇਰੈ ॥ | The Messenger of Death does not approach me. |
| ਕੰਠਿ ਲਾਇ ਪ੍ਰਭ ਰਾਖੈ ॥ | God holds me close in His embrace, and protects me. |
| ਸਤਿਗੁਰ ਕੀ ਸਚੁ ਸਾਖੈ ॥੧॥ | True are the Teachings of the True Guru. ‖1‖ |
| ਗੁਰਿ ਪੂਰੈ ਪੂਰੀ ਕੀਤੀ ॥ | The Perfect Guru has done it perfectly. |
| ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥ | He has beaten and driven off my enemies, and given me, His slave, the sublime understanding of the neutral mind. ‖1‖Pause‖ |
| ਪ੍ਰਭਿ ਸਗਲੇ ਥਾਨ ਵਸਾਏ ॥ | God has blessed all places with prosperity. |
| ਸੁਖਿ ਸਾਂਦਿ ਫਿਰਿ ਆਏ ॥ | I have returned again safe and sound. |
| ਨਾਨਕ ਪ੍ਰਭ ਸਰਣਾਏ ॥ | Nanak has entered God's Sanctuary. |
| ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥ | It has eradicated all disease. ‖2‖24‖88‖ |

| | |
|---|---|
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥ | The True Guru is the Giver of all peace and comfort - seek His Sanctuary. |
| ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥ | Beholding the Blessed Vision of His Darshan, bliss ensues, pain is dispelled, and one sings the Lord's Praises. \|\|1\|\| |
| ਹਰਿ ਰਸੁ ਪੀਵਹੁ ਭਾਈ ॥ | Drink in the sublime essence of the Lord, O Siblings of Destiny. |
| ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥ | Chant the Naam, the Name of the Lord; worship the Naam in adoration, and enter the Sanctuary of the Perfect Guru. \|\|Pause\|\| |
| ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥ | Only one who has such pre-ordained destiny receives it; he alone becomes perfect, O Siblings of Destiny. |
| ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੮੯॥ | Nanak's prayer, O Dear God, is to remain lovingly absorbed in the Naam. \|\|2\|\|25\|\|89\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ ॥ | The Lord is the Cause of Causes, the Inner-knower, the Searcher of hearts; He preserves the honor of His servant. |
| ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ ॥੧॥ | He is hailed and congratulated throughout the world, and he tastes the sublime essence of the Word of the Guru's Shabad. \|\|1\|\| |
| ਪ੍ਰਭ ਜੀ ਤੇਰੀ ਓਟ ਗੁਸਾਈ ॥ | Dear God, Lord of the world, You are my only support. |
| ਤੂ ਸਮਰਥੁ ਸਰਨਿ ਕਾ ਦਾਤਾ ਆਠ ਪਹਰ ਤੁਮ੍ ਧਿਆਈ ॥ ਰਹਾਉ ॥ | You are all-powerful, the Giver of Sanctuary; twenty-four hours a day, I meditate on You. \|\|Pause\|\| |
| ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ ॥ | That humble being, who vibrates upon You, O God, is not afflicted by anxiety. |
| ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ ॥੨॥ | Attached to the Feet of the True Guru, his fear is dispelled, and within his mind, he sings the Glorious Praises of the Lord. \|\|2\|\| |
| ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥ | He abides in celestial peace and utter ecstasy; the True Guru has comforted him. |
| ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥੩॥ | He has returned home victorious, with honor, and his hopes have been fulfilled. \|\|3\|\| |

| | |
|---|---|
| ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥ | Perfect are the Teachings of the Perfect Guru; Perfect are the actions of God. |
| ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥ | Grasping hold of the Guru's feet, Nanak has crossed over the terrifying world-ocean, chanting the Name of the Lord, Har, Har. \|\|4\|\|26\|\|90\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਭਇਓ ਕਿਰਪਾਲੁ ਦੀਨ ਦੁਖ ਭੰਜਨੁ ਆਪੇ ਸਭ ਬਿਧਿ ਥਾਟੀ ॥ | Becoming merciful, the Destroyer of the pains of the poor has Himself devised all devices. |
| ਖਿਨ ਮਹਿ ਰਾਖਿ ਲੀਓ ਜਨੁ ਅਪੁਨਾ ਗੁਰ ਪੂਰੈ ਬੇੜੀ ਕਾਟੀ ॥੧॥ | In an instant, He has saved His humble servant; the Perfect Guru has cut away his bonds. \|\|1\|\| |
| ਮੇਰੇ ਮਨ ਗੁਰ ਗੋਵਿੰਦੁ ਸਦ ਧਿਆਈਐ ॥ | O my mind, meditate forever on the Guru, the Lord of the Universe. |
| ਸਗਲ ਕਲੇਸ ਮਿਟਹਿ ਇਸੁ ਤਨ ਤੇ ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥ | All illness shall depart from this body, and you shall obtain the fruits of your mind's desires. \|\|Pause\|\| |
| ਜੀਅ ਜੰਤ ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ ॥ | God created all beings and creatures; He is lofty, inaccessible and infinite. |
| ਸਾਧਸੰਗਿ ਨਾਨਕ ਨਾਮੁ ਧਿਆਇਆ ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥ | In the Saadh Sangat, the Company of the Holy, Nanak meditates on the Naam, the Name of the Lord; his face is radiant in the Court of the Lord. \|\|2\|\|27\|\|91\|\| |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸਿਮਰਉ ਅਪੁਨਾ ਸਾਂਈ ॥ | I meditate in remembrance on my Lord. |
| ਦਿਨਸੁ ਰੈਨਿ ਸਦ ਧਿਆਈ ॥ | Day and night, I ever meditate on Him. |
| ਹਾਥ ਦੇਇ ਜਿਨਿ ਰਾਖੇ ॥ | He gave me His hand, and protected me. |
| ਹਰਿ ਨਾਮ ਮਹਾ ਰਸ ਚਾਖੇ ॥੧॥ | I drink in the most sublime essence of the Lord's Name. \|\|1\|\| |
| **੬੩੧** | 631 |
| ਅਪਨੇ ਗੁਰ ਊਪਰਿ ਕੁਰਬਾਨੁ ॥ | I am a sacrifice to my Guru. |
| ਭਏ ਕਿਰਪਾਲ ਪੂਰਨ ਪ੍ਰਭ ਦਾਤੇ ਜੀਅ ਹੋਏ ਮਿਹਰਵਾਨ ॥ ਰਹਾਉ ॥ | God, the Great Giver, the Perfect One, has become merciful to me, and now, all are kind to me. \|\|Pause\|\| |

| | |
|---|---|
| ਨਾਨਕ ਜਨ ਸਰਨਾਈ ॥ | Servant Nanak has entered His Sanctuary. |
| ਜਿਨਿ ਪੂਰਨ ਪੈਜ ਰਖਾਈ ॥ | He has perfectly preserved his honor. |
| ਸਗਲੇ ਦੂਖ ਮਿਟਾਈ ॥ | All suffering has been dispelled. |
| ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥ | So enjoy peace, O my Siblings of Destiny! ‖2‖28‖92‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ | Hear my prayer, O my Lord and Master; all beings and creatures were created by You. |
| ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥ | You preserve the honor of Your Name, O Lord, Cause of causes. ‖1‖ |
| ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ | O Dear God, Beloved, please, make me Your own. |
| ਬੁਰੇ ਭਲੇ ਹਮ ਥਾਰੇ ॥ ਰਹਾਉ ॥ | Whether good or bad, I am Yours. ‖Pause‖ |
| ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ | The Almighty Lord and Master heard my prayer; cutting away my bonds, He has adorned me. |
| ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥੨॥੨੯॥੯੩॥ | He dressed me in robes of honor, and blended His servant with Himself; Nanak is revealed in glory throughout the world. ‖2‖29‖93‖ |
| ਸੋਰਠਿ ਮਹਲਾ ੫ ॥ | Sorat'h, Fifth Mehl: |
| ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ ॥ | All beings and creatures are subservient to all those who serve in the Lord's Court. |
| ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵ ਨਿਧਿ ਪਾਰਿ ਉਤਾਰੇ ॥੧॥ | Their God made them His own, and carried them across the terrifying world-ocean. ‖1‖ |
| ਸੰਤਨ ਕੇ ਕਾਰਜ ਸਗਲ ਸਵਾਰੇ ॥ | He resolves all the affairs of His Saints. |
| ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥ | He is merciful to the meek, kind and compassionate, the ocean of kindness, my Perfect Lord and Master. ‖Pause‖ |
| ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥ | I am asked to come and be seated, everywhere I go, and I lack nothing. |
| ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥ | The Lord blesses His humble devotee with robes of honor; O Nanak, the Glory of God is manifest. ‖2‖30‖94‖ |

| | |
|---|---|
| ਸੋਰਠਿ ਮਹਲਾ ੯ | Sorat'h, Ninth Mehl: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ | O mind, love the Lord. |
| ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥ | With your ears, hear the Glorious Praises of the Lord of the Universe, and with your tongue, sing His song. \|\|1\|\|Pause\|\| |
| ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ | Join the Saadh Sangat, the Company of the Holy, and meditate in remembrance on the Lord; even a sinner like yourself will become pure. |
| ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥ | Death is on the prowl, with its mouth wide open, friend. \|\|1\|\| |
| ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥ | Today or tomorrow, eventually it will seize you; understand this in your consciousness. |
| ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥ | Says Nanak, meditate, and vibrate upon the Lord; this opportunity is slipping away! \|\|2\|\|1\|\| |
| ਸੋਰਠਿ ਮਹਲਾ ੯ ॥ | Sorat'h, Ninth Mehl: |
| ਮਨ ਕੀ ਮਨ ਹੀ ਮਾਹਿ ਰਹੀ ॥ | The mind remains in the mind. |
| ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥ | He does not meditate on the Lord, nor does he perform service at sacred shrines, and so death seizes him by the hair. \|\|1\|\|Pause\|\| |
| ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥ | Wife, friends, children, carriages, property, total wealth, the entire world |
| ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧॥ | - know that all of these things are false. The Lord's meditation alone is true. \|\|1\|\| |
| ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ | Wandering, wandering around for so many ages, he has grown weary, and finally, he obtained this human body. |
| ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥ | Says Nanak, this is the opportunity to meet the Lord; why don't you remember Him in meditation? \|\|2\|\|2\|\| |
| ਸੋਰਠਿ ਮਹਲਾ ੯ ॥ | Sorat'h, Ninth Mehl: |
| ਮਨ ਰੇ ਕਉਨੁ ਕੁਮਤਿ ਤੈ ਲੀਨੀ ॥ | O mind, what evil-mindedness have you developed? |

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥

You are engrossed in the pleasures of other men's wives, and slander; you have not worshipped the Lord at all. ||1||Pause||

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥

You do not know the way to liberation, but you run all around chasing wealth.

## ੬੩੨

## 632

ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥

In the end, nothing shall go along with you; you have entrapped yourself in vain. ||1||

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥

You have not meditated or vibrated upon the Lord; you have not served the Guru, or His humble servants; spiritual wisdom has not welled up within you.

ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥

The Immaculate Lord is within your heart, and yet you search for Him in the wilderness. ||2||

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥

You have wandered through many many births; you are exhausted but have still not found a way out of this endless cycle.

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥

Now that you have obtained this human body, meditate on the Lord's Feet; Nanak advises with this advice. ||3||3||

ਸੋਰਠਿ ਮਹਲਾ ੯ ॥

Sorat'h, Ninth Mehl:

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥

O mind, contemplate the Sanctuary of God.

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥

Meditating on Him in remembrance, Ganika the prostitute was saved; enshrine His Praises within your heart. ||1||Pause||

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥

Meditating on Him in remembrance, Dhroo became immortal, and obtained the state of fearlessness.

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥

The Lord and Master removes suffering in this way - why have you forgotten Him? ||1||

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥

As soon as the elephant took to the protective Sanctuary of the Lord, the ocean of mercy, he escaped from the crocodile.

| | |
|---|---|
| ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥੨॥ | How much can I describe the Glorious Praises of the Naam? Whoever chants the Lord's Name, his bonds are broken. \|\|2\|\| |
| ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥ | Ajaamal, known throughout the world as a sinner, was redeemed in an instant. |
| ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥ | Says Nanak, remember the Chintaamani, the jewel which fulfills all desires, and you too shall be carried across and saved. \|\|3\|\|4\|\| |
| ਸੋਰਠਿ ਮਹਲਾ ੯ ॥ | Sorat'h, Ninth Mehl: |
| ਪ੍ਰਾਨੀ ਕਉਨੁ ਉਪਾਉ ਕਰੈ ॥ | What efforts should the mortal make, |
| ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥ | to attain devotional worship of the Lord, and eradicate the fear of death? \|\|1\|\|Pause\|\| |
| ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥ | Which actions, what sort of knowledge, and what religion - what Dharma should one practice? |
| ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥ | What Name of the Guru should one remember in meditation, to cross over the terrifying world-ocean? \|\|1\|\| |
| ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ | In this Dark Age of Kali Yuga, the Name of the One Lord is the treasure of mercy; chanting it, one obtains salvation. |
| ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥ | No other religion is comparable to this; so speak the Vedas. \|\|2\|\| |
| ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥ | He is beyond pain and pleasure, forever unattached; He is called the Lord of the world. |
| ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥ | He dwells deep within your inner self, O Nanak, like the image in a mirror. \|\|3\|\|5\|\| |
| ਸੋਰਠਿ ਮਹਲਾ ੯ ॥ | Sorat'h, Ninth Mehl: |
| ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥ | O mother, how can I see the Lord of the world? |
| ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥ | In the utter darkness of emotional attachment and spiritual ignorance, my mind remains entangled. \|\|1\|\|Pause\|\| |

| | |
|---|---|
| ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥ | Deluded by doubt, I have wasted my whole life; I have not obtained a stable intellect. |
| ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥ | I remain under the influence of corrupting sins, night and day, and I have not renounced wickedness. ‖1‖ |
| ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥ | I never joined the Saadh Sangat, the Company of the Holy, and I did not sing the Kirtan of God's Praises. |
| ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥ | O servant Nanak, I have no virtues at all; keep me in Your Sanctuary, Lord. ‖2‖6‖ |
| ਸੋਰਠਿ ਮਹਲਾ ੯ ॥ | Sorat'h, Ninth Mehl: |
| ਮਾਈ ਮਨੁ ਮੇਰੋ ਬਸਿ ਨਾਹਿ ॥ | O mother, my mind is out of control. |
She pleases her Guru and God; under Guru's Instruction, she speaks the Name of the Lord, Har, Har.

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥

She is attracted to the Lord's Name, day and night, and her body is drenched in the color of the Love of the Lord, Har, Har.

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥

No other being like the Lord God can be found; I have looked and searched over the whole world.

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥

The Guru, the True Guru, has implanted the Naam within me; my mind does not waver any more.

ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥੨॥

Servant Nanak is the Lord's slave, the slave of the slaves of the Guru, the True Guru. ||2||

| | |
|---|---|
| ਪਉੜੀ ॥ | Pauree: |
| ਤੂ ਆਪੇ ਸਿਸਟਿ ਕਰਤਾ ਸਿਰਜਣਹਾਰਿਆ ॥ | You Yourself are the Creator, the Fashioner of the world. |
| ਤੁਧੁ ਆਪੇ ਖੇਲੁ ਰਚਾਇ ਤੁਧੁ ਆਪਿ ਸਵਾਰਿਆ ॥ | You Yourself have arranged the play, and You Yourself arrange it. |
| ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ ॥ | You Yourself are the Giver and the Creator; You Yourself are the Enjoyer. |
| ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ ॥ | The Word of Your Shabad is pervading everywhere, O Creator Lord. |
| ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ॥੧॥ | As Gurmukh, I ever praise the Lord; I am a sacrifice to the Guru. \|\|1\|\| |

## ੬੪੩ — 643

| | |
|---|---|
| ਸਲੋਕੁ ਮਃ ੩ ॥ | Shalok, Third Mehl: |
| ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ | In the flames of egotism, he is burnt to death; he wanders in doubt and the love of duality. |
| ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥ | The Perfect True Guru saves him, making him His own. |
| ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥ | This world is burning; through the Sublime Word of the Guru's Shabad, this comes to be seen. |
| ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥੧॥ | Those who are attuned to the Shabad are cooled and soothed; O Nanak, they practice Truth. \|\|1\|\| |
| ਮਃ ੩ ॥ | Third Mehl: |
| ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥ | Service to the True Guru is fruitful and rewarding; blessed and acceptable is such a life. |
| ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥ | Those who do not forget the True Guru, in life and in death, are truly wise people. |
| ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥ | Their families are saved, and they are approved by the Lord. |
| ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥ | The Gurmukhs are approved in death as in life, while the self-willed manmukhs continue the cycle of birth and death. |

| | |
|---|---|
| ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥ | O Nanak, they are not described as dead, who are absorbed in the Word of the Guru's Shabad. ‖2‖ |
| ਪਉੜੀ ॥ | Pauree: |
| ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥ | Serve the Immaculate Lord God, and meditate on the Lord's Name. |
| ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ | Join the Society of the Holy Saints, and be absorbed in the Lord's Name. |
| ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥ | O Lord, glorious and great is service to You; I am so foolish |
| ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥ | - please, commit me to it. I am Your servant and slave; command me, according to Your Will. |
| ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥੨॥ | As Gurmukh, I shall serve You, as Guru has instructed me. ‖2‖ |
| ਸਲੋਕੁ ਮਃ ੩ ॥ | Shalok, Third Mehl: |
| ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥ | He acts according to pre-ordained destiny, written by the Creator Himself. |
| ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥ | Emotional attachment has drugged him, and he has forgotten the Lord, the treasure of virtue. |
| ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥ | Don't think that he is alive in the world - he is dead, through the love of duality. |
| ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥ | Those who do not meditate on the Lord, as Gurmukh, are not permitted to sit near the Lord. |
| ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥ | They suffer the most horrible pain and suffering, and neither their sons nor their wives go along with them. |
| ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥ | Their faces are blackened among men, and they sigh in deep regret. |
| ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥ | No one places any reliance in the self-willed manmukhs; trust in them is lost. |
| ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥ | O Nanak, the Gurmukhs live in absolute peace; the Naam, the Name of the Lord, abides within them. ‖1‖ |

| | |
|---|---|
| ਮਃ ੩ ॥ | Third Mehl: |
| ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥ | They alone are relatives, and they alone are friends, who, as Gurmukh, join together in love. |
| ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥ | Night and day, they act according to the True Guru's Will; they remain absorbed in the True Name. |
| ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥ | Those who are attached to the love of duality are not called friends; they practice egotism and corruption. |
| ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥ | The self-willed manmukhs are selfish; they cannot resolve anyone's affairs. |
| ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੨॥ | O Nanak, they act according to their pre-ordained destiny; no one can erase it. \|\|2\|\| |
| ਪਉੜੀ ॥ | Pauree: |
| ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥ | You Yourself created the world, and You Yourself arranged the play of it. |
| ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥ | You Yourself created the three qualities, and fostered emotional attachment to Maya. |
| ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥ | He is called to account for his deeds done in egotism; he continues coming and going in reincarnation. |
| ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥ | The Guru instructs those whom the Lord Himself blesses with Grace. |
| ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥੩॥ | I am a sacrifice to my Guru; forever and ever, I am a sacrifice to Him. \|\|3\|\| |
| ਸਲੋਕੁ ਮਃ ੩ ॥ | Shalok, Third Mehl: |
| ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ | The love of Maya is enticing; without teeth, it has eaten up the world. |
| ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ | The self-willed manmukhs are eaten away, while the Gurmukhs are saved; they focus their consciousness on the True Name. |
| ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥ | Without the Name, the world wanders around insane; the Gurmukhs come to see this. |

| ੬੪੪ | 644 |
|---|---|
| ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥ | Involved in worldly affairs, he wastes his life in vain; the peace-giving Lord does not come to abide in his mind. |
| ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧॥ | O Nanak, they alone obtain the Name, who have such pre-ordained destiny. ‖1‖ |
| ਮਃ ੩ ॥ | Third Mehl: |
| ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ | The home within is filled with Ambrosial Nectar, but the self-willed manmukh does not get to taste it. |
| ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ | He is like the deer, who does not recognize its own musk-scent; it wanders around, deluded by doubt. |
| ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ | The manmukh forsakes the Ambrosial Nectar, and instead gathers poison; the Creator Himself has fooled him. |
| ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ | How rare are the Gurmukhs, who obtain this understanding; they behold the Lord God within themselves. |
| ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ | Their minds and bodies are cooled and soothed, and their tongues enjoy the sublime taste of the Lord. |
| ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ | Through the Word of the Shabad, the Name wells up; through the Shabad, we are united in the Lord's Union. |
| ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ | Without the Shabad, the whole world is insane, and it loses its life in vain. |
| ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥ | The Shabad alone is Ambrosial Nectar; O Nanak, the Gurmukhs obtain it. ‖2‖ |
| ਪਉੜੀ ॥ | Pauree: |
| ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ | The Lord God is inaccessible; tell me, how can we find Him? |
| ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥ | He has no form or feature, and He cannot be seen; tell me, how can we meditate on Him? |
| ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥ | The Lord is formless, immaculate and inaccessible; which of His Virtues should we speak of and sing? |

| | |
|---|---|
| ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ | They alone walk on the Lord's Path, whom the Lord Himself instructs. |
| ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥ | The Perfect Guru has revealed Him to me; serving the Guru, He is found. ‖4‖ |
| ਸਲੋਕੁ ਮਃ ੩ ॥ | Shalok, Third Mehl: |
| ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥ | It is as if my body has been crushed in the oil-press, without yielding even a drop of blood; |
| ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ ॥ | it is as if my soul has been cut apart into pieces for the sake of the Love of the True Lord; |
| ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥੧॥ | O Nanak, still, night and day, my Union with the Lord is not broken. ‖1‖ |
| ਮਃ ੩ ॥ | Third Mehl: |
| ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥ | My Friend is so full of joy and love; He colors my mind with the color of His Love, |
| ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥ | like the fabric which is treated to retain the color of the dye. |
| ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥੨॥ | O Nanak, this color does not depart, and no other color can be imparted to this fabric. ‖2‖ |
| ਪਉੜੀ ॥ | Pauree: |
| ਹਰਿ ਆਪਿ ਵਰਤੈ ਆਪਿ ਹਰਿ ਆਪਿ ਬੁਲਾਇਦਾ ॥ | The Lord Himself is pervading everywhere; the Lord Himself causes us to chant His Name. |
| ਹਰਿ ਆਪੇ ਸ੍ਰਿਸਟਿ ਸਵਾਰਿ ਸਿਰਿ ਧੰਧੈ ਲਾਇਦਾ ॥ | The Lord Himself created the creation; He commits all to their tasks. |
| ਇਕਨਾ ਭਗਤੀ ਲਾਇ ਇਕਿ ਆਪਿ ਖੁਆਇਦਾ ॥ | He engages some in devotional worship, and others, He causes to stray. |
| ਇਕਨਾ ਮਾਰਗਿ ਪਾਇ ਇਕਿ ਉਝੜਿ ਪਾਇਦਾ ॥ | He places some on the Path, while He leads others into the wilderness. |
| ਜਨੁ ਨਾਨਕੁ ਨਾਮੁ ਧਿਆਏ ਗੁਰਮੁਖਿ ਗੁਣ ਗਾਇਦਾ ॥੫॥ | Servant Nanak meditates on the Naam, the Name of the Lord; as Gurmukh, he sings the Glorious Praises of the Lord. ‖5‖ |

ਸਲੋਕੁ ਮਃ ੩ ॥

Shalok, Third Mehl:

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥

Service to the True Guru is fruitful and rewarding, if one performs it with his mind focused on it.

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥

The fruits of the mind's desires are obtained, and egotism departs from within.

ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥

His bonds are broken, and he is liberated; he remains absorbed in the True Lord.

ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥

It is so difficult to obtain the Naam in this world; it comes to dwell in the mind of the Gurmukh.

ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥੧॥

O Nanak, I am a sacrifice to one who serves his True Guru. ||1||

ਮਃ ੩ ॥

Third Mehl:

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥

The mind of the self-willed manmukh is so very stubborn; it is stuck in the love of duality.

ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥

He does not find peace, even in dreams; he passes his life in misery and suffering.

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥

The Pandits have grown weary of going door to door, reading and reciting their scriptures; the Siddhas have gone into their trances of Samaadhi.

ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥

This mind cannot be controlled; they are tired of performing religious rituals.

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥

The impersonators have grown weary of wearing false costumes, and bathing at the sixty-eight sacred shrines.

## ੬੪੫

## 645

ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥

They do not know the state of their own minds; they are deluded by doubt and egotism.

ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥

By Guru's Grace, the Fear of God is obtained; by great good fortune, the Lord comes to abide in the mind.

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥

When the Fear of God comes, the mind is restrained, and through the Word of the Shabad, the ego is burnt away.

| | |
|---|---|
| ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥ | Those who are imbued with Truth are immaculate; their light merges in the Light. |
| ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥ | Meeting the True Guru, one obtains the Name; O Nanak, he is absorbed in peace. ‖2‖ |
| ਪਉੜੀ ॥ | Pauree: |
| ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥ | The pleasures of kings and emperors are pleasing, but they last for only a few days. |
| ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥ | These pleasures of Maya are like the color of the safflower, which wears off in a moment. |
| ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥ | They do not go with him when he departs; instead, he carries the load of sins upon his head. |
| ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥ | When death seizes him, and marches him away, then he looks absolutely hideous. |
| ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥੬॥ | That lost opportunity will not come into his hands again, and in the end, he regrets and repents. ‖6‖ |
| ਸਲੋਕੁ ਮਃ ੩ ॥ | Shalok, Third Mehl: |
| ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ | Those who turn their faces away from the True Guru, suffer in sorrow and bondage. |
| ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ | Again and again, they are born only to die; they cannot meet their Lord. |
| ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ | The disease of doubt does not depart, and they find only pain and more pain. |
| ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥ | O Nanak, if the Gracious Lord forgives, then one is united in Union with the Word of the Shabad. ‖1‖ |
| ਮਃ ੩ ॥ | Third Mehl: |
| ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥ | Those who turn their faces away from the True Guru, shall find no place of rest or shelter. |
| ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥ | They wander around from door to door, like a woman forsaken, with a bad character and a bad reputation. |

ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥

O Nanak, the Gurmukhs are forgiven, and united in Union with the True Guru. ||2||

ਪਉੜੀ ॥

Pauree:

ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥

Those who serve the True Lord, the Destroyer of ego, cross over the terrifying world-ocean.

ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥

Those who chant the Name of the Lord, Har, Har, are passed over by the Messenger of Death.

ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥

Those who meditate on the Lord, go to His Court in robes of honor.

ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥

They alone serve You, O Lord, whom You bless with Grace.

ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੭॥

I sing continually Your Glorious Praises, O Beloved; as Gurmukh, my doubts and fears have been dispelled. ||7||

ਸਲੋਕੁ ਮਃ ੩ ॥

Shalok, Third Mehl:

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥

Upon the plate, three things have been placed; this is the sublime, ambrosial food of the Lord.

ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥

Eating this, the mind is satisfied, and the Door of Salvation is found.

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥

It is so difficult to obtain this food, O Saints; it is obtained only by contemplating the Guru.

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥

Why should we cast this riddle out of our minds? We should keep it ever enshrined in our hearts.

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥

The True Guru has posed this riddle. The Guru's Sikhs have found its solution.

ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥

O Nanak, he alone understands this, whom the Lord inspires to understand. The Gurmukhs work hard, and find the Lord. ||1||

ਮਃ ੩ ॥

Third Mehl:

ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥

Those whom the Primal Lord unites, remain in Union with Him; they focus their consciousness on the True Guru.

| | |
|---|---|
| ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥ | Those whom the Lord Himself separates, remain separated; in the love of duality, they are ruined. |
| ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ ॥੨॥ | O Nanak, without good karma, what can anyone obtain? He earns what he is pre-destined to receive. ‖2‖ |
| ਪਉੜੀ ॥ | Pauree: |
| ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ ॥ | Sitting together, the companions sing the Songs of the Lord's Praises. |
| ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ ॥ | They praise the Lord's Name continually; they are a sacrifice to the Lord. |
| ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥ | Those who hear, and believe in the Lord's Name, to them I am a sacrifice. |
| ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥ | O Lord, let me unite with the Gurmukhs, who are united with You. |
| ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ ॥੮॥ | I am a sacrifice to those who, day and night, behold their Guru. ‖8‖ |
| ਸਲੋਕੁ ਮਃ ੩ ॥ | Shalok, Third Mehl: |
| **੬੪੬** | **646** |
| ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ | Without the Name of the Lord, everyone wanders around the world, losing. |
| ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ | The self-willed manmukhs do their deeds in the pitch black darkness of egotism. |
| ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥ | The Gurmukhs drink in the Ambrosial Nectar, O Nanak, contemplating the Word of the Shabad. ‖1‖ |
| ਮਃ ੩ ॥ | Third Mehl: |
| ਸਹਜੇ ਜਾਗੈ ਸਹਜੇ ਸੋਵੈ ॥ | He wakes in peace, and he sleeps in peace. |
| ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ | The Gurmukh praises the Lord night and day. |
| ਮਨਮੁਖ ਭਰਮੈ ਸਹਸਾ ਹੋਵੈ ॥ | The self-willed manmukh remains deluded by his doubts. |

| | |
|---|---|
| ਅੰਤਰਿ ਚਿੰਤਾ ਨੀਦ ਨ ਸੋਵੈ ॥ | He is filled with anxiety, and he cannot even sleep. |
| ਗਿਆਨੀ ਜਾਗਹਿ ਸਵਹਿ ਸੁਭਾਇ ॥ | The spiritually wise wake and sleep in peace. |
| ਨਾਨਕ ਨਾਮਿ ਰਤਿਆ ਬਲਿ ਜਾਉ ॥੨॥ | Nanak is a sacrifice to those who are imbued with the Naam, the Name of the Lord. ‖2‖ |
| ਪਉੜੀ ॥ | Pauree: |
| ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥ | They alone meditate on the Lord's Name, who are imbued with the Lord. |
| ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥ | They meditate on the One Lord; the One and Only Lord is True. |
| ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥ | The One Lord is pervading everywhere; the One Lord created the Universe. |
| ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ | Those who meditate on the Lord's Name, cast out their fears. |
| ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥ | The Lord Himself blesses them with Guru's Instruction; the Gurmukh meditates on the Lord. ‖9‖ |
| ਸਲੋਕ ਮਃ ੩ ॥ | Shalok, Third Mehl: |
| ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ | Spiritual wisdom, which would bring understanding, does not enter into his mind. |
| ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ | Without seeing, how can he praise the Lord? The blind act in blindness. |
| ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥ | O Nanak, when one realizes the Word of the Shabad, then the Naam comes to abide in the mind. ‖1‖ |
| ਮਃ ੩ ॥ | Third Mehl: |
| ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ | There is One Bani; there is One Guru; there is one Shabad to contemplate. |
| ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ | True is the merchandise, and true is the shop; the warehouses are overflowing with jewels. |
| ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ | By Guru's Grace, they are obtained, if the Great Giver gives them. |

ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥

Dealing in this true merchandise, one earns the profit of the incomparable Naam.

ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥

In the midst of poison, the Ambrosial Nectar is revealed; by His Mercy, one drinks it in.

ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥

O Nanak, praise the True Lord; blessed is the Creator, the Embellisher. ||2||

ਪਉੜੀ ॥

Pauree:

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥

Those who are permeated by falsehood, do not love the Truth.

ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥

If someone speaks the Truth, falsehood is burnt away.

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥

The false are satisfied by falsehood, like the crows who eat manure.

ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥

When the Lord grants His Grace, then one meditates on the Naam, the Name of the Lord.

ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥੧੦॥

As Gurmukh, worship the Lord's Name in adoration; fraud and sin shall disappear. ||10||

ਸਲੋਕੁ ਮਃ ੩ ॥

Shalok, Third Mehl:

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥

O Shaykh, you wander in the four directions, blown by the four winds; bring your mind back to the home of the One Lord.

ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥

Renounce your petty arguments, and realize the Word of the Guru's Shabad.

ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥

Bow in humble respect before the True Guru; He is the Knower who knows everything.

ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ ॥

Burn away your hopes and desires, and live like a guest in this world.

ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ ॥

If you walk in harmony with the True Guru's Will, then you shall be honored in the Court of the Lord.

ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥

O Nanak, those who do not contemplate the Naam, the Name of the Lord - cursed are their clothes, and cursed is their food. ||1||

ਮਃ ੩ ॥

Third Mehl:

ਹਰਿ ਗੁਣ ਤੋਟਿ ਨ ਆਵਈ ਕੀਮਤਿ ਕਹਣੁ ਨ ਜਾਇ ॥

There is no end to the Lord's Glorious Praises; His worth cannot be described.

ਨਾਨਕ ਗੁਰਮੁਖਿ ਹਰਿ ਗੁਣ ਰਵਹਿ ਗੁਣ ਮਹਿ ਰਹੈ ਸਮਾਇ ॥੨॥

O Nanak, the Gurmukhs chant the Glorious Praises of the Lord; they are absorbed in His Glorious Virtues. ||2||

ਪਉੜੀ ॥

Pauree:

ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ ॥

The Lord has adorned the coat of the body; He has embroidered it with devotional worship.

ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ ॥

The Lord has woven His silk into it, in so many ways and fashions.

ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥

How rare is that man of understanding, who understands, and deliberates within.

ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥

He alone understands these deliberations, whom the Lord Himself inspires to understand.

ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥੧੧॥

Poor servant Nanak speaks: the Gurmukhs know the Lord, the Lord is True. ||11||

## ੬੪੭

## 647

ਸਲੋਕੁ ਮਃ ੩ ॥

Shalok, Third Mehl:

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥

Great men speak the teachings by relating them to individual situations, but the whole world shares in them.

ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥

One who becomes Gurmukh knows the Fear of God, and realizes his own self.

ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥

If, by Guru's Grace, one remains dead while yet alive, the mind becomes content in itself.

ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥੧॥

Those who have no faith in their own minds, O Nanak - how can they speak of spiritual wisdom? ||1||

ਮਃ ੩ ॥

Third Mehl:

ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ ॥

Those who do not focus their consciousness on the Lord, as Gurmukh, suffer pain and grief in the end.

| | |
|---|---|
| ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥ | They are blind, inwardly and outwardly, and they do not understand anything. |
| ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥ | O Pandit, O religious scholar, the whole world is fed for the sake of those who are attuned to the Lord's Name. |
| ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ ॥ | Those who praise the Word of the Guru's Shabad, remain blended with the Lord. |
| ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥ | O Pandit, O religious scholar, no one is satisfied, and no one finds true wealth through the love of duality. |
| ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥ | They have grown weary of reading scriptures, but still, they do not find contentment, and they pass their lives burning, night and day. |
| ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ | Their cries and complaints never end, and doubt does not depart from within them. |
| ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥ | O Nanak, without the Naam, the Name of the Lord, they rise up and depart with blackened faces. ‖2‖ |
| ਪਉੜੀ ॥ | Pauree: |
| ਹਰਿ ਸਜਣ ਮੇਲਿ ਪਿਆਰੇ ਮਿਲਿ ਪੰਥੁ ਦਸਾਈ ॥ | O Beloved, lead me to meet my True Friend; meeting with Him, I shall ask Him to show me the Path. |
| ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥ | I am a sacrifice to that Friend, who shows it to me. |
| ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥ | I share His Virtues with Him, and meditate on the Lord's Name. |
| ਹਰਿ ਸੇਵੀ ਪਿਆਰਾ ਨਿਤ ਸੇਵਿ ਹਰਿ ਸੁਖੁ ਪਾਈ ॥ | I serve my Beloved Lord forever; serving the Lord, I have found peace. |
| ਬਲਿਹਾਰੀ ਸਤਿਗੁਰ ਤਿਸੁ ਜਿਨਿ ਸੋਝੀ ਪਾਈ ॥੧੨॥ | I am a sacrifice to the True Guru, who has imparted this understanding to me. ‖12‖ |
| ਸਲੋਕੁ ਮਃ ੩ ॥ | Shalok, Third Mehl: |
| ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ | O Pandit, O religious scholar, your filth shall not be erased, even if you read the Vedas for four ages. |
| ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥ | The three qualities are the roots of Maya; in egotism, one forgets the Naam, the Name of the Lord. |

ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥
The Pandits are deluded, attached to duality, and they deal only in Maya.

ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥
They are filled with thirst and hunger; the ignorant fools starve to death.

ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥
Serving the True Guru, peace is obtained, contemplating the True Word of the Shabad.

ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥
Hunger and thirst have departed from within me; I am in love with the True Name.

ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥
O Nanak, those who are imbued with the Naam, who keep the Lord clasped tightly to their hearts, are automatically satisfied. ||1||

ਮਃ ੩ ॥
Third Mehl:

ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥
The self-willed manmukh does not serve the Lord's Name, and so he suffers in horrible pain.

ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥
He is filled with the darkness of ignorance, and he does not understand anything.

ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥
Because of his stubborn mind, he does not plant the seeds of intuitive peace; what will he eat in the world hereafter, to satisfy his hunger?

ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥
He has forgotten the treasure of the Naam; he is caught in the love of duality.

ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ ॥੨॥
O Nanak, the Gurmukhs are honored with glory, when the Lord Himself unites them in His Union. ||2||

ਪਉੜੀ ॥
Pauree:

ਹਰਿ ਰਸਨਾ ਹਰਿ ਜਸੁ ਗਾਵੈ ਖਰੀ ਸੁਹਾਵਣੀ ॥
The tongue which sings the Lord's Praises, is so very beautiful.

ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ ॥
One who speaks the Lord's Name, with mind, body and mouth, is pleasing to the Lord.

ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ ॥
That Gurmukh tastes the sublime taste of the Lord, and is satisfied.

| | |
|---|---|
| ਗੁਣ ਗਾਵੈ ਪਿਆਰੇ ਨਿਤ ਗੁਣ ਗਾਇ ਗੁਣੀ ਸਮਝਾਵਣੀ ॥ | She sings continually the Glorious Praises of her Beloved; singing His Glorious Praises, she is uplifted. |
| ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥ | She is blessed with the Lord's Mercy, and she chants the Words of the Guru, the True Guru. \|\|13\|\| |
| ਸਲੋਕੁ ਮਃ ੩ ॥ | Shalok, Third Mehl: |
| ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ | The elephant offers its head to the reins, and the anvil offers itself to the hammer; |
| ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ | just so, we offer our minds and bodies to our Guru; we stand before Him, and serve Him. |
| **੬੪੮** | **648** |
| ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ | This is how the Gurmukhs eliminate their self-conceit, and come to rule the whole world. |
| ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥ | O Nanak, the Gurmukh understands, when the Lord casts His Glance of Grace. \|\|1\|\| |
| ਮਃ ੩ ॥ | Third Mehl: |
| ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ | Blessed and approved is the coming into the world, of those Gurmukhs who meditate on the Naam, the Name of the Lord. |
| ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥ | O Nanak, they save their families, and they are honored in the Court of the Lord. \|\|2\|\| |
| ਪਉੜੀ ॥ | Pauree: |
| ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥ | The Guru unites His Sikhs, the Gurmukhs, with the Lord. |
| ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ | The Guru keeps some of them with Himself, and engages others in His Service. |
| ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ | Those who cherish their Beloved in their conscious minds, the Guru blesses them with His Love. |
| ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ | The Guru loves all of His Gursikhs equally well, like friends, children and siblings. |

| | |
|---|---|
| ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥੧੪॥ | So chant the Name of the Guru, the True Guru, everyone! Chanting the Name of the Guru, Guru, you shall be rejuvenated. \|\|14\|\| |
| ਸਲੋਕੁ ਮਃ ੩ ॥ | Shalok, Third Mehl: |
| ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥ | O Nanak, the blind, ignorant fools do not remember the Naam, the Name of the Lord; they involve themselves in other activities. |
| ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥੧॥ | They are bound and gagged at the door of the Messenger of Death; they are punished, and in the end, they rot away in manure. \|\|1\|\| |
| ਮਃ ੩ ॥ | Third Mehl: |
| ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥ | O Nanak, those humble beings are true and approved, who serve their True Guru. |
| ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥ | They remain absorbed in the Name of the Lord, and their comings and goings cease. \|\|2\|\| |
| ਪਉੜੀ ॥ | Pauree: |
| ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥ | Gathering the wealth and property of Maya, brings only pain in the end. |
| ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥ | Homes, mansions and adorned palaces will not go with anyone. |
| ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥ | He may breed horses of various colors, but these will not be of any use to him. |
| ਜਨ ਲਾਵਹੁ ਚਿਤੁ ਹਰਿ ਨਾਮ ਸਿਉ ਅੰਤਿ ਹੋਇ ਸਖਾਈ ॥ | O human, link your consciousness to the Lord's Name, and in the end, it shall be your companion and helper. |
| ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ ॥੧੫॥ | Servant Nanak meditates on the Naam, the Name of the Lord; the Gurmukh is blessed with peace. \|\|15\|\| |
| ਸਲੋਕੁ ਮਃ ੩ ॥ | Shalok, Third Mehl: |
| ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ ॥ | Without the karma of good actions, the Name is not obtained; it can be obtained only by perfect good karma. |

ਨਾਨਕ ਨਦਰਿ ਕਰੇ ਜੇ ਆਪਣੀ ਤਾ ਗੁਰਮਤਿ ਮੇਲਿ ਮਿਲਾਇ ॥੧॥

O Nanak, if the Lord casts His Glance of Grace, then under Guru's Instruction, one is united in His Union. ||1||

ਮਃ ੧ ॥

First Mehl:

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥

Some are cremated, and some are buried; some are eaten by dogs.

ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥

Some are thrown into water, while others are thrown into wells.

ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥

O Nanak, it is not known, where they go and into what they merge. ||2||

ਪਉੜੀ ॥

Pauree:

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥

The food and clothes, and all the worldly possessions of those who are attuned to the Lord's Name are sacred.

ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥

All the homes, temples, palaces and way-stations are sacred, where the Gurmukhs, the selfless servants, the Sikhs and the renouncers of the world, go and take their rest.

ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥

All the horses, saddles and horse blankets are sacred, upon which the Gurmukhs, the Sikhs, the Holy and the Saints, mount and ride.

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥

All the rituals and Dharmic practices and deeds are sacred, for those who utter the Name of the Lord, Har, Har, the True Name of the Lord.

ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥

Those Gurmukhs, those Sikhs, who have purity as their treasure, go to their Guru. ||16||

ਸਲੋਕੁ ਮਃ ੩ ॥

Shalok, Third Mehl:

ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥

O Nanak, forsaking the Name, he loses everything, in this world and the next.

ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ ॥

Chanting, deep meditation and austere self-disciplined practices are all wasted; he is deceived by the love of duality.

| | |
|---|---|
| ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੧॥ | He is bound and gagged at the door of the Messenger of Death. He is beaten, and receives terrible punishment. \|\|1\|\| |
| **੬੪੯** | 649 |
| ਮਃ ੩ ॥ | Third Mehl: |
| ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥ | They inflict their hatred upon the Saints, and they love the wicked sinners. |
| ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ | They find no peace in either this world or the next; they are born only to die, again and again. |
| ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥ | Their hunger is never satisfied, and they are ruined by duality. |
| ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥ | The faces of these slanderers are blackened in the Court of the True Lord. |
| ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥ | O Nanak, without the Naam, they find no shelter on either this shore, or the one beyond. \|\|2\|\| |
| ਪਉੜੀ ॥ | Pauree: |
| ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥ | Those who meditate on the Lord's Name, are imbued with the Name of the Lord, Har, Har, in their minds. |
| ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥ | For those who worship the One Lord in their conscious minds, there is no other than the One Lord. |
| ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ॥ | They alone serve the Lord, upon whose foreheads such pre-ordained destiny is written. |
| ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ ॥ | They continually sing the Glorious Praises of the Lord, and singing the Glories of the Glorious Lord, they are uplifted. |
| ਵਡਿਆਈ ਵਡੀ ਗੁਰਮੁਖਾ ਗੁਰ ਪੂਰੈ ਹਰਿ ਨਾਮਿ ਸਮਾਹੀ ॥੧੭॥ | Great is the greatness of the Gurmukhs, who, through the Perfect Guru, remain absorbed in the Lord's Name. \|\|17\|\| |
| ਸਲੋਕੁ ਮਃ ੩ ॥ | Shalok, Third Mehl: |
| ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ | It is very difficult to serve the True Guru; offer your head, and eradicate self-conceit. |

ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥

One who dies in the Word of the Shabad shall never have to die again; his service is totally approved.

ਪਾਰਸ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥

Touching the philosopher's stone, one becomes the philosopher's stone, which transforms lead into gold; remain lovingly attached to the True Lord.

ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥

One who has such pre-ordained destiny, comes to meet the True Guru and God.

ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ ॥੧॥

O Nanak, the Lord's servant does not meet Him because of his own account; he alone is acceptable, whom the Lord forgives. ||1||

ਮਃ ੩ ॥

Third Mehl:

ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ ॥

The fools do not know the difference between good and bad; they are deceived by their self-interests.

ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ ॥

But if they contemplate the Word of the Shabad, they obtain the Mansion of the Lord's Presence, and their light merges in the Light.

ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ ॥

The Fear of God is always on their minds, and so they come to understand everything.

ਸਤਿਗੁਰੁ ਅਪਣੈ ਘਰਿ ਵਰਤਦਾ ਆਪੇ ਲਏ ਮਿਲਾਇ ॥

The True Guru is pervading the homes within; He Himself blends them with the Lord.

ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ ॥੨॥

O Nanak, they meet the True Guru, and all their desires are fulfilled, if the Lord grants His Grace and so wills. ||2||

ਪਉੜੀ ॥

Pauree:

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥

Blessed, blessed is the good fortune of those devotees, who, with their mouths, utter the Name of the Lord.

ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥

Blessed, blessed is the good fortune of those Saints, who, with their ears, listen to the Lord's Praises.

ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥

Blessed, blessed is the good fortune of those holy people, who sing the Kirtan of the Lord's Praises, and so become virtuous.

| | |
|---|---|
| ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥ | Blessed, blessed is the good fortune of those Gurmukhs, who live as Gursikhs, and conquer their minds. |
| ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥ | But the greatest good fortune of all, is that of the Guru's Sikhs, who fall at the Guru's feet. \|\|18\|\| |
| ਸਲੋਕੁ ਮਃ ੩ ॥ | Shalok, Third Mehl: |
| ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ | One who knows God, and who lovingly focuses his attention on the One Word of the Shabad, keeps his spirituality intact. |
| ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥ | The nine treasures and the eighteen spiritual powers of the Siddhas follow him, who keeps the Lord enshrined in his heart. |
| ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ | Without the True Guru, the Name is not found; understand this, and reflect upon it. |
| ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥੧॥ | O Nanak, through perfect good destiny, one meets the True Guru, and finds peace, throughout the four ages. \|\|1\|\| |
| ਮਃ ੩ ॥ | Third Mehl: |
| ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥ | Whether he is young or old, the self-willed manmukh cannot escape hunger and thirst. |
| ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥ | The Gurmukhs are imbued with the Word of the Shabad; they are at peace, having lost their self-conceit. |
| ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥ | They are satisfied and satiated within; they never feel hungry again. |
| **੬੫੦** | **650** |
| ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨॥ | O Nanak, whatever the Gurmukhs do is acceptable; they remain lovingly absorbed in the Naam, the Name of the Lord. \|\|2\|\| |
| ਪਉੜੀ ॥ | Pauree: |
| ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥ | I am a sacrifice to those Sikhs who are Gurmukhs. |

ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥

I behold the Blessed Vision, the Darshan of those who meditate on the Lord's Name.

ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥

Listening to the Kirtan of the Lord's Praises, I contemplate His virtues; I write His Praises on the fabric of my mind.

ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥

I praise the Lord's Name with love, and eradicate all my sins.

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥

Blessed, blessed and beauteous is that body and place, where my Guru places His feet. ||19||

ਸਲੋਕੁ ਮਃ ੩ ॥

Shalok, Third Mehl:

ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥

Without the Guru, spiritual wisdom is not obtained, and peace does not come to abide in the mind.

ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥

O Nanak, without the Naam, the Name of the Lord, the self-willed manmukhs depart, after having wasted their lives. ||1||

ਮਃ ੩ ॥

Third Mehl:

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥

All the Siddhas, spiritual masters and seekers search for the Name; they have grown weary of concentrating and focusing their attention.

ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥

Without the True Guru, no one finds the Name; the Gurmukhs unite in Union with the Lord.

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥

Without the Name, all food and clothes are worthless; cursed is such spirituality, and cursed are such miraculous powers.

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥

That alone is spirituality, and that alone is miraculous power, which the Carefree Lord spontaneously bestows.

ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥

O Nanak, the Lord's Name abides in the mind of the Gurmukh; this is spirituality, and this is miraculous power. ||2||

ਪਉੜੀ ॥

Pauree:

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ ॥

I am a minstrel of God, my Lord and Master; every day, I sing the songs of the Lord's Glorious Praises.

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ ॥

I sing the Kirtan of the Lord's Praises, and I listen to the Praises of the Lord, the Master of wealth and Maya.

| | |
|---|---|
| ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ ॥ | The Lord is the Great Giver; all the world is begging; all beings and creatures are beggars. |
| ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ ॥ | O Lord, You are kind and compassionate; You give Your gifts to even worms and insects among the rocks. |
| ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ ॥੨੦॥ | Servant Nanak meditates on the Naam, the Name of the Lord; as Gurmukh, he has become truly wealthy. \|\|20\|\| |
| ਸਲੋਕੁ ਮਃ ੩ ॥ | Shalok, Third Mehl: |
| ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥ | Reading and studying are just worldly pursuits, if there is thirst and corruption within. |
| ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ | Reading in egotism, all have grown weary; through the love of duality, they are ruined. |
| ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ | He alone is educated, and he alone is a wise Pandit, who contemplates the Word of the Guru's Shabad. |
| ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ | He searches within himself, and finds the true essence; he finds the Door of Salvation. |
| ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥ | He finds the Lord, the treasure of excellence, and peacefully contemplates Him. |
| ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥ | Blessed is the trader, O Nanak, who, as Gurmukh, takes the Name as his only Support. \|\|1\|\| |
| ਮਃ ੩ ॥ | Third Mehl: |
| ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥ | Without conquering his mind, no one can be successful. See this, and concentrate on it. |
| ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥ | The wandering holy men are tired of making pilgrimages to sacred shrines; they have not been able to conquer their minds. |
| ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥ | The Gurmukh has conquered his mind, and he remains lovingly absorbed in the True Lord. |
| ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥ | O Nanak, this is how the filth of the mind is removed; the Word of the Shabad burns away the ego. \|\|2\|\| |

| | |
|---|---|
| ਪਉੜੀ ॥ | Pauree: |
| ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥ | O Saints of the Lord, O my Siblings of Destiny, please meet with me, and implant the Name of the One Lord within me. |
| ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ ॥ | O humble servants of the Lord, adorn me with the decorations of the Lord, Har, Har; let me wear the robes of the Lord's forgiveness. |
| ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ ਪ੍ਰਿਮ ਕਾ ॥ | Such decorations are pleasing to my God; such love is dear to the Lord. |
| ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭਿ ਕਿਲਬਿਖ ਕਾਟੈ ਇਕ ਪਲਕਾ ॥ | I chant the Name of the Lord, Har, Har, day and night; in an instant, all sins are eradicated. |
| ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥ | That Gurmukh, unto whom the Lord becomes merciful, chants the Lord's Name, and wins the game of life. \|\|21\|\| |
| **੬੫੧** | **651** |
| ਸਲੋਕੁ ਮਃ ੩ ॥ | Shalok, Third Mehl: |
| ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ | The filth of countless incarnations sticks to this mind; it has become pitch black. |
| ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ | The oily rag cannot be cleaned by merely washing it, even if it is washed a hundred times. |
| ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ | By Guru's Grace, one remains dead while yet alive; his intellect is transformed, and he becomes detached from the world. |
| ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥ | O Nanak, no filth sticks to him, and he does not fall into the womb again. \|\|1\|\| |
| ਮਃ ੩ ॥ | Third Mehl: |
| ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ ॥ | Kali Yuga is called the Dark Age, but the most sublime state is attained in this age. |
| ਗੁਰਮੁਖਿ ਹਰਿ ਕੀਰਤਿ ਫਲੁ ਪਾਈਐ ਜਿਨ ਕਉ ਹਰਿ ਲਿਖਿ ਪਾਹਿ ॥ | The Gurmukh obtains the fruit, the Kirtan of the Lord's Praises; this is his destiny, ordained by the Lord. |

| | |
|---|---|
| ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ ਹਰਿ ਭਗਤੀ ਮਾਹਿ ਸਮਾਹਿ ॥੨॥ | O Nanak, by Guru's Grace, he worships the Lord night and day; he chants the Lord's Name, and remains absorbed in the Lord's devotional worship. \|\|2\|\| |
| ਪਉੜੀ ॥ | Pauree: |
| ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥ | O Lord, unite me with the Saadh Sangat, the Company of the Holy, so that with my mouth, I may speak the sublime Word of the Guru's Bani. |
| ਹਰਿ ਗੁਣ ਗਾਵਾ ਹਰਿ ਨਿਤ ਚਵਾ ਗੁਰਮਤੀ ਹਰਿ ਰੰਗੁ ਸਦਾ ਮਾਣਿ ॥ | I sing the Glorious Praises of the Lord, and constantly chant the Lord's Name; through the Guru's Teachings, I enjoy the Lord's Love constantly. |
| ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ ॥ | I take the medicine of meditation on the Lord's Name, which has cured all diseases and multitudes of sufferings. |
| ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥ | Those who do not forget the Lord, while breathing or eating - know them to be the perfect servants of the Lord. |
| ਜੋ ਗੁਰਮੁਖਿ ਹਰਿ ਆਰਾਧਦੇ ਤਿਨ ਚੂਕੀ ਜਮ ਕੀ ਜਗਤ ਕਾਣਿ ॥੨੨॥ | Those Gurmukhs who worship the Lord in adoration end their subservience to the Messenger of Death, and to the world. \|\|22\|\| |
| ਸਲੋਕੁ ਮਃ ੩ ॥ | Shalok, Third Mehl: |
| ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥ | O man, you have been tormented by a nightmare, and you have passed your life in sleep. |
| ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥ | You did not wake to hear the Word of the True Guru's Shabad; you have no inspiration within yourself. |
| ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥ | That body burns, which has no virtue, and which does not serve the Guru. |
| ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ | I have seen that the world is burning, in egotism and the love of duality. |
| ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ ॥੧॥ | O Nanak, those who seek the Guru's Sanctuary are saved; within their minds, they meditate on the True Word of the Shabad. \|\|1\|\| |

| | |
|---|---|
| ਮਃ ੩ ॥ | Third Mehl: |
| ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥ | Attuned to the Word of the Shabad, the soul-bride is rid of egotism, and she is glorified. |
| ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥ | If she walks steadily in the way of His Will, then she is adorned with decorations. |
| ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ ॥ | Her couch becomes beautiful, and she constantly enjoys her Husband Lord; she obtains the Lord as her Husband. |
| ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ ॥ | The Lord does not die, and she never suffers pain; she is a happy soul-bride forever. |
| ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ ॥੨॥ | O Nanak, the Lord God unites her with Himself; she enshrines love and affection for the Guru. ‖2‖ |
| ਪਉੜੀ ॥ | Pauree: |
| ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥ | Those who conceal and deny their Guru, are the most evil people. |
| ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥ | O Dear Lord, let me not even see them; they are the worst sinners and murderers. |
| ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥ | They wander from house to house, with impure minds, like wicked, forsaken women. |
| ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥ | But by great good fortune, they may meet the Company of the Holy; as Gurmukhs, they are reformed. |
| ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ ॥੨੩॥ | O Lord, please be kind and let me meet the True Guru; I am a sacrifice to the Guru. ‖23‖ |
| ਸਲੋਕੁ ਮਃ ੩ ॥ | Shalok, Third Mehl: |
| ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ | Serving the Guru, peace is produced, and then, one does not suffer in pain. |
| ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ | The cycle of birth and death is brought to an end, and death has no power over at all. |
| ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥ | His mind is imbued with the Lord, and he remains merged in the True Lord. |
| ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥ | O Nanak, I am a sacrifice to those who walk in the Way of the True Guru's Will. ‖1‖ |

| | |
|---|---|
| ਮਃ ੩ ॥ | Third Mehl: |
| ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ | Without the Word of the Shabad, purity is not obtained, even though the soul-bride may adorn herself with all sorts of decorations. |
| **੬੫੨** | 652 |
| ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ | She does not know the value of her Husband Lord; she is attached to the love of duality. |
| ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥ | She is impure, and ill-mannered, O Nanak; among women, she is the most evil woman. \|\|2\|\| |
| ਪਉੜੀ ॥ | Pauree: |
| ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ | Be kind to me, Lord, that I might chant the Word of Your Bani. |
| ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥ | May I meditate on the Lord's Name, chant the Lord's Name, and obtain the profit of the Lord's Name. |
| ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥ | I am a sacrifice to those who chant the Name of the Lord, Har, Har, day and night. |
| ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥ | May I behold with my eyes those who worship and adore my Beloved True Guru. |
| ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥ | I am a sacrifice to my Guru, who has united me with my Lord, my friend, my very best friend. \|\|24\|\| |
| ਸਲੋਕੁ ਮਃ ੪ ॥ | Shalok, Fourth Mehl: |
| ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥ | The Lord loves His slaves; the Lord is the friend of His slaves. |
| ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ ॥ | The Lord is under the control of His slaves, like the musical instrument under the control of the musician. |
| ਹਰਿ ਕੇ ਦਾਸ ਹਰਿ ਧਿਆਇਦੇ ਕਰਿ ਪ੍ਰੀਤਮ ਸਿਉ ਨੇਹੁ ॥ | The Lord's slaves meditate on the Lord; they love their Beloved. |
| ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਹੁ ॥ | Please, hear me, O God - let Your Grace rain over the whole world. |

| | |
|---|---|
| ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥ | The praise of the Lord's slaves is the Glory of the Lord. |
| ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ | The Lord loves His Own Glory, and so His humble servant is celebrated and hailed. |
| ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ ॥ | That humble servant of the Lord meditates on the Naam, the Name of the Lord; the Lord, and the Lord's humble servant, are one and the same. |
| ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ ॥੧॥ | Servant Nanak is the slave of the Lord; O Lord, O God, please, preserve his honor. \|\|1\|\| |
| ਮਃ ੪ ॥ | Fourth Mehl: |
| ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ ॥ | Nanak loves the True Lord; without Him, he cannot even survive. |
| ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥੨॥ | Meeting the True Guru, one finds the Perfect Lord, and the tongue enjoys the sublime essence of the Lord. \|\|2\|\| |
| ਪਉੜੀ ॥ | Pauree: |
| ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥ | Night and day, morning and night, I sing to You, Lord. |
| ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥ | All beings and creatures meditate on Your Name. |
| ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ | You are the Giver, the Great Giver; we eat whatever You give us. |
| ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ | In the congregation of the devotees, sins are eradicated. |
| ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥ | Servant Nanak is forever a sacrifice, a sacrifice, a sacrifice, O Lord. \|\|25\|\| |
| ਸਲੋਕੁ ਮਃ ੪ ॥ | Shalok, Fourth Mehl: |
Thousands are Your lotus feet, and yet You have no feet. Without a nose, thousands are Your noses. I am enchanted with Your play! ||2||

ਸਭ ਮਹਿ ਜੋਤਿ ਜੋਤਿ ਹੈ ਸੋਇ ॥

The Divine Light is within everyone; You are that Light.

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

Yours is that Light which shines within everyone.

ਗੁਰ ਸਾਖੀ ਜੋਤਿ ਪਰਗਟੁ ਹੋਇ ॥

By the Guru's Teachings, this Divine Light is revealed.

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

That which pleases the Lord is the true worship service. ||3||

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥

My soul is enticed by the honey-sweet lotus feet of the Lord; night and day, I thirst for them.

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

Bless Nanak, the thirsty song-bird, with the water of Your Mercy, that he may come to dwell in Your Name. ||4||1||7||9||

| | |
|---|---|
| ਧਨਾਸਰੀ ਮਹਲਾ ੩ ਘਰੁ ੨ ਚਉਪਦੇ | Dhanaasaree, Third Mehl, Second House, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥ | This wealth is inexhaustible. It shall never be exhausted, and it shall never be lost. |
| ਪੂਰੈ ਸਤਿਗੁਰਿ ਦੀਆ ਦਿਖਾਇ ॥ | The Perfect True Guru has revealed it to me. |
| ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥ | I am forever a sacrifice to my True Guru. |
| ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥ | By Guru's Grace, I have enshrined the Lord within my mind. \|\|1\|\| |
| ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥ | They alone are wealthy, who lovingly attune themselves to the Lord's Name. |
| ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥ | The Perfect Guru has revealed to me the Lord's treasure; by the Lord's Grace, it has come to abide in my mind. \|\|Pause\|\| |
| ਅਵਗੁਣ ਕਾਟਿ ਗੁਣ ਰਿਦੈ ਸਮਾਇ ॥ | He is rid of his demerits, and his heart is permeated with merit and virtue. |
| ਪੂਰੇ ਗੁਰ ਕੈ ਸਹਜਿ ਸੁਭਾਇ ॥ | By Guru's Grace, he naturally dwells in celestial peace. |
| ਪੂਰੇ ਗੁਰ ਕੀ ਸਾਚੀ ਬਾਣੀ ॥ | True is the Word of the Perfect Guru's Bani. |
| ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥ | They bring peace to the mind, and celestial peace is absorbed within. \|\|2\|\| |
| ਏਕੁ ਅਚਰਜੁ ਜਨ ਦੇਖਹੁ ਭਾਈ ॥ | O my humble Siblings of Destiny, behold this strange and wonderful thing: |
| ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥ | duality is overcome, and the Lord dwells within his mind. |
| ਨਾਮੁ ਅਮੋਲਕੁ ਨ ਪਾਇਆ ਜਾਇ ॥ | The Naam, the Name of the Lord, is priceless; it cannot be taken. |
| ਗੁਰ ਪਰਸਾਦਿ ਵਸੈ ਮਨਿ ਆਇ ॥੩॥ | By Guru's Grace, it comes to abide in the mind. \|\|3\|\| |
| ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ | He is the One God, abiding within all. |
| ਗੁਰਮਤੀ ਘਟਿ ਪਰਗਟੁ ਹੋਇ ॥ | Through the Guru's Teachings, He is revealed in the heart. |
| ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ | One who intuitively knows and realizes God, |

| ੬੬੪ | 664 |
|---|---|
| ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥ | O Nanak, obtains the Naam; his mind is pleased and appeased. \|\|4\|\|1\|\| |
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ | The wealth of the Lord's Name is immaculate, and absolutely infinite. |
| ਗੁਰ ਕੈ ਸਬਦਿ ਭਰੇ ਭੰਡਾਰਾ ॥ | The Word of the Guru's Shabad is over-flowing with treasure. |
| ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ | Know that, except for the wealth of the Name, all other wealth is poison. |
| ਮਾਇਆ ਮੋਹਿ ਜਲੈ ਅਭਿਮਾਨੁ ॥੧॥ | The egotistical people are burning in their attachment to Maya. \|\|1\|\| |
| ਗੁਰਮੁਖਿ ਹਰਿ ਰਸੁ ਚਾਖੈ ਕੋਇ ॥ | How rare is that Gurmukh who tastes the sublime essence of the Lord. |
| ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥ | He is always in bliss, day and night; through perfect good destiny, he obtains the Name. \|\|Pause\|\| |
| ਸਬਦੁ ਦੀਪਕੁ ਵਰਤੈ ਤਿਹੁ ਲੋਇ ॥ | The Word of the Shabad is a lamp, illuminating the three worlds. |
| ਜੋ ਚਾਖੈ ਸੋ ਨਿਰਮਲੁ ਹੋਇ ॥ | One who tastes it, becomes immaculate. |
| ਨਿਰਮਲ ਨਾਮਿ ਹਉਮੈ ਮਲੁ ਧੋਇ ॥ | The immaculate Naam, the Name of the Lord, washes off the filth of ego. |
| ਸਾਚੀ ਭਗਤਿ ਸਦਾ ਸੁਖੁ ਹੋਇ ॥੨॥ | True devotional worship brings lasting peace. \|\|2\|\| |
| ਜਿਨਿ ਹਰਿ ਰਸੁ ਚਾਖਿਆ ਸੋ ਹਰਿ ਜਨੁ ਲੋਗੁ ॥ | One who tastes the sublime essence of the Lord is the Lord's humble servant. |
| ਤਿਸੁ ਸਦਾ ਹਰਖੁ ਨਾਹੀ ਕਦੇ ਸੋਗੁ ॥ | He is forever happy; he is never sad. |
| ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥ | He himself is liberated, and he liberates others as well. |
| ਹਰਿ ਨਾਮੁ ਜਪੈ ਹਰਿ ਤੇ ਸੁਖੁ ਪਾਵੈ ॥੩॥ | He chants the Lord's Name, and through the Lord, he finds peace. \|\|3\|\| |
| ਬਿਨੁ ਸਤਿਗੁਰ ਸਭ ਮੁਈ ਬਿਲਲਾਇ ॥ | Without the True Guru, everyone dies, crying out in pain. |

| | |
|---|---|
| ਅਨਦਿਨੁ ਦਾਝਹਿ ਸਾਤਿ ਨ ਪਾਇ ॥ | Night and day, they burn, and find no peace. |
| ਸਤਿਗੁਰੁ ਮਿਲੈ ਸਭੁ ਤ੍ਰਿਸਨ ਬੁਝਾਏ ॥ | But meeting the True Guru, all thirst is quenched. |
| ਨਾਨਕ ਨਾਮਿ ਸਾਂਤਿ ਸੁਖੁ ਪਾਏ ॥੪॥੨॥ | O Nanak, through the Naam, one finds peace and tranquility. \|\|4\|\|2\|\| |
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਸਦਾ ਧਨੁ ਅੰਤਰਿ ਨਾਮੁ ਸਮਾਲੇ ॥ | Gather in and cherish forever the wealth of the Lord's Name, deep within; |
| ਜੀਅ ਜੰਤ ਜਿਨਹਿ ਪ੍ਰਤਿਪਾਲੇ ॥ | He cherishes and nurtures all beings and creatures. |
| ਮੁਕਤਿ ਪਦਾਰਥੁ ਤਿਨ ਕਉ ਪਾਏ ॥ | They alone obtain the treasure of Liberation, |
| ਹਰਿ ਕੈ ਨਾਮਿ ਰਤੇ ਲਿਵ ਲਾਏ ॥੧॥ | who are lovingly imbued with, and focused on the Lord's Name. \|\|1\|\| |
| ਗੁਰ ਸੇਵਾ ਤੇ ਹਰਿ ਨਾਮੁ ਧਨੁ ਪਾਵੈ ॥ | Serving the Guru, one obtains the wealth of the Lord's Name. |
| ਅੰਤਰਿ ਪਰਗਾਸੁ ਹਰਿ ਨਾਮੁ ਧਿਆਵੈ ॥ ਰਹਾਉ ॥ | He is illumined and enlightened within, and he meditates on the Lord's Name. \|\|Pause\|\| |
| ਇਹੁ ਹਰਿ ਰੰਗੁ ਗੂੜਾ ਧਨ ਪਿਰ ਹੋਇ ॥ | This love for the Lord is like the love of the bride for her husband. |
| ਸਾਂਤਿ ਸੀਗਾਰੁ ਰਾਵੇ ਪ੍ਰਭੁ ਸੋਇ ॥ | God ravishes and enjoys the soul-bride who is adorned with peace and tranquility. |
| ਹਉਮੈ ਵਿਚਿ ਪ੍ਰਭੁ ਕੋਇ ਨ ਪਾਏ ॥ | No one finds God through egotism. |
| ਮੂਲਹੁ ਭੁਲਾ ਜਨਮੁ ਗਵਾਏ ॥੨॥ | Wandering away from the Primal Lord, the root of all, one wastes his life in vain. \|\|2\|\| |
| ਗੁਰ ਤੇ ਸਾਤਿ ਸਹਜ ਸੁਖੁ ਬਾਣੀ ॥ | Tranquility, celestial peace, pleasure and the Word of His Bani come from the Guru. |
| ਸੇਵਾ ਸਾਚੀ ਨਾਮਿ ਸਮਾਣੀ ॥ | True is that service, which leads one to merge in the Naam. |
| ਸਬਦਿ ਮਿਲੈ ਪ੍ਰੀਤਮੁ ਸਦਾ ਧਿਆਏ ॥ | Blessed with the Word of the Shabad, he meditates forever on the Lord, the Beloved. |
| ਸਾਚ ਨਾਮਿ ਵਡਿਆਈ ਪਾਏ ॥੩॥ | Through the True Name, glorious greatness is obtained. \|\|3\|\| |
| ਆਪੇ ਕਰਤਾ ਜੁਗਿ ਜੁਗਿ ਸੋਇ ॥ | The Creator Himself abides throughout the ages. |
| ਨਦਰਿ ਕਰੇ ਮੇਲਾਵਾ ਹੋਇ ॥ | If He casts His Glance of Grace, then we meet Him. |
| ਗੁਰਬਾਣੀ ਤੇ ਹਰਿ ਮੰਨਿ ਵਸਾਏ ॥ | Through the Word of Gurbani, the Lord comes to dwell in the mind. |

| | |
|---|---|
| ਨਾਨਕ ਸਾਚਿ ਰਤੇ ਪ੍ਰਭਿ ਆਪਿ ਮਿਲਾਏ ॥੪॥੩॥ | O Nanak, God unites with Himself those who are imbued with Truth. ‖4‖3‖ |
| ਧਨਾਸਰੀ ਮਹਲਾ ੩ ਤੀਜਾ ॥ | Dhanaasaree, Third Mehl: |
| ਜਗੁ ਮੈਲਾ ਮੈਲੋ ਹੋਇ ਜਾਇ ॥ | The world is polluted, and those in the world become polluted as well. |
| ਆਵੈ ਜਾਇ ਦੂਜੈ ਲੋਭਾਇ ॥ | In attachment to duality, it comes and goes. |
| ਦੂਜੈ ਭਾਇ ਸਭ ਪਰਜ ਵਿਗੋਈ ॥ | This love of duality has ruined the entire world. |
| ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ ॥੧॥ | The self-willed manmukh suffers punishment, and forfeits his honor. ‖1‖ |
| ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥ | Serving the Guru, one becomes immaculate. |
| ਅੰਤਰਿ ਨਾਮੁ ਵਸੈ ਪਤਿ ਊਤਮ ਹੋਇ ॥ ਰਹਾਉ ॥ | He enshrines the Naam, the Name of the Lord, within, and his state becomes exalted. ‖Pause‖ |
| ਗੁਰਮੁਖਿ ਉਬਰੇ ਹਰਿ ਸਰਣਾਈ ॥ | The Gurmukhs are saved, taking to the Lord's Sanctuary. |
| ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ ॥ | Attuned to the Lord's Name, they commit themselves to devotional worship. |
| ਭਗਤਿ ਕਰੇ ਜਨੁ ਵਡਿਆਈ ਪਾਏ ॥ | The Lord's humble servant performs devotional worship, and is blessed with greatness. |
| ਸਾਚਿ ਰਤੇ ਸੁਖ ਸਹਜਿ ਸਮਾਏ ॥੨॥ | Attuned to Truth, he is absorbed in celestial peace. ‖2‖ |
| ਸਾਚੇ ਕਾ ਗਾਹਕੁ ਵਿਰਲਾ ਕੋ ਜਾਣੁ ॥ | Know that one who purchases the True Name is very rare. |
| ਗੁਰ ਕੈ ਸਬਦਿ ਆਪੁ ਪਛਾਣੁ ॥ | Through the Word of the Guru's Shabad, he comes to understand himself. |
| ਸਾਚੀ ਰਾਸਿ ਸਾਚਾ ਵਾਪਾਰੁ ॥ | True is his capital, and true is his trade. |
| ਸੋ ਧੰਨੁ ਪੁਰਖੁ ਜਿਸੁ ਨਾਮਿ ਪਿਆਰੁ ॥੩॥ | Blessed is that person, who loves the Naam. ‖3‖ |
| ਤਿਨਿ ਪ੍ਰਭਿ ਸਾਚੈ ਇਕਿ ਸਚਿ ਲਾਏ ॥ | God, the True Lord, has attached some to His True Name. |
| ਊਤਮ ਬਾਣੀ ਸਬਦੁ ਸੁਣਾਏ ॥ | They listen to the most sublime Word of His Bani, and the Word of His Shabad. |
| **੬੬੫** | **665** |
| ਪ੍ਰਭ ਸਾਚੇ ਕੀ ਸਾਚੀ ਕਾਰ ॥ | True is service to the True Lord God. |
| ਨਾਨਕ ਨਾਮਿ ਸਵਾਰਣਹਾਰ ॥੪॥੪॥ | O Nanak, the Naam is the Embellisher. ‖4‖4‖ |

| | |
|---|---|
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਜੋ ਹਰਿ ਸੇਵਹਿ ਤਿਨ ਬਲਿ ਜਾਉ ॥ | I am a sacrifice to those who serve the Lord. |
| ਤਿਨ ਹਿਰਦੈ ਸਾਚੁ ਸਚਾ ਮੁਖਿ ਨਾਉ ॥ | The Truth is in their hearts, and the True Name is on their lips. |
| ਸਾਚੋ ਸਾਚੁ ਸਮਾਲਿਹੁ ਦੁਖੁ ਜਾਇ ॥ | Dwelling upon the Truest of the True, their pains are dispelled. |
| ਸਾਚੈ ਸਬਦਿ ਵਸੈ ਮਨਿ ਆਇ ॥੧॥ | Through the True Word of the Shabad, the Lord comes to dwell in their minds. \|\|1\|\| |
| ਗੁਰਬਾਣੀ ਸੁਣਿ ਮੈਲੁ ਗਵਾਏ ॥ | Listening to the Word of Gurbani, filth is washed off, |
| ਸਹਜੇ ਹਰਿ ਨਾਮੁ ਮੰਨਿ ਵਸਾਏ ॥੧॥ ਰਹਾਉ ॥ | and they naturally enshrine the Lord's Name in their minds. \|\|1\|\|Pause\|\| |
| ਕੂੜੁ ਕੁਸਤੁ ਤ੍ਰਿਸਨਾ ਅਗਨਿ ਬੁਝਾਏ ॥ | One who conquers fraud, deceit and the fire of desire |
| ਅੰਤਰਿ ਸਾਂਤਿ ਸਹਜਿ ਸੁਖੁ ਪਾਏ ॥ | finds tranquility, peace and pleasure within. |
| ਗੁਰ ਕੈ ਭਾਣੈ ਚਲੈ ਤਾ ਆਪੁ ਜਾਇ ॥ | If one walks in harmony with the Guru's Will, he eliminates his self-conceit. |
| ਸਾਚੁ ਮਹਲੁ ਪਾਏ ਹਰਿ ਗੁਣ ਗਾਇ ॥੨॥ | He finds the True Mansion of the Lord's Presence, singing the Glorious Praises of the Lord. \|\|2\|\| |
| ਨ ਸਬਦੁ ਬੂਝੈ ਨ ਜਾਣੈ ਬਾਣੀ ॥ | The blind, self-willed manmukh does not understand the Shabad; he does not know the Word of the Guru's Bani, |
| ਮਨਮੁਖਿ ਅੰਧੇ ਦੁਖਿ ਵਿਹਾਣੀ ॥ | and so he passes his life in misery. |
| ਸਤਿਗੁਰੁ ਭੇਟੇ ਤਾ ਸੁਖੁ ਪਾਏ ॥ | But if he meets the True Guru, then he finds peace, |
| ਹਉਮੈ ਵਿਚਹੁ ਠਾਕਿ ਰਹਾਏ ॥੩॥ | and the ego within is silenced. \|\|3\|\| |
| ਕਿਸ ਨੋ ਕਹੀਐ ਦਾਤਾ ਇਕੁ ਸੋਇ ॥ | Who else should I speak to? The One Lord is the Giver of all. |
| ਕਿਰਪਾ ਕਰੇ ਸਬਦਿ ਮਿਲਾਵਾ ਹੋਇ ॥ | When He grants His Grace, then we obtain the Word of the Shabad. |
| ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ | Meeting with my Beloved, I sing the Glorious Praises of the True Lord. |
| ਨਾਨਕ ਸਾਚੇ ਸਾਚਾ ਭਾਵਾ ॥੪॥੫॥ | O Nanak, becoming truthful, I have become pleasing to the True Lord. \|\|4\|\|5\|\| |
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਮਨੁ ਮਰੈ ਧਾਤੁ ਮਰਿ ਜਾਇ ॥ | When the mind is conquered, its turbulent wanderings are stopped. |

| | |
|---|---|
| ਬਿਨੁ ਮਨ ਮੂਏ ਕੈਸੇ ਹਰਿ ਪਾਇ ॥ | Without conquering the mind, how can the Lord be found? |
| ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ | Rare is the one who knows the medicine to conquer the mind. |
| ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ | The mind is conquered through the Word of the Shabad; this is known to the Lord's humble servant. \|\|1\|\| |
| ਜਿਸ ਨੋ ਬਖਸੇ ਹਰਿ ਦੇ ਵਡਿਆਈ ॥ | The Lord forgives him, and blesses him with glory. |
| ਗੁਰ ਪਰਸਾਦਿ ਵਸੈ ਮਨਿ ਆਈ ॥ ਰਹਾਉ ॥ | By Guru's Grace, the Lord comes to dwell in the mind. \|\|Pause\|\| |
| ਗੁਰਮੁਖਿ ਕਰਣੀ ਕਾਰ ਕਮਾਵੈ ॥ | The Gurmukh does good deeds, |
| ਤਾ ਇਸੁ ਮਨ ਕੀ ਸੋਝੀ ਪਾਵੈ ॥ | and so, he comes to understand this mind. |
| ਮਨੁ ਮੈ ਮਤੁ ਮੈਗਲ ਮਿਕਦਾਰਾ ॥ | The mind is intoxicated, like the elephant with wine. |
| ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ | The Guru places the harness upon it, and rejuvenates it. \|\|2\|\| |
| ਮਨੁ ਅਸਾਧੁ ਸਾਧੈ ਜਨੁ ਕੋਈ ॥ | The mind is undisciplined; only a rare few can discipline it. |
| ਅਚਰੁ ਚਰੈ ਤਾ ਨਿਰਮਲੁ ਹੋਈ ॥ | If someone eats the uneatable, then he becomes immaculate. |
| ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ | As Gurmukh, his mind is embellished. |
| ਹਉਮੈ ਵਿਚਹੁ ਤਜੈ ਵਿਕਾਰ ॥੩॥ | Egotism and corruption are eradicated from within. \|\|3\|\| |
| ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥ | Those whom the Primal Lord keeps united in His Union, |
| ਕਦੇ ਨ ਵਿਛੁੜਹਿ ਸਬਦਿ ਸਮਾਇ ॥ | shall never be separated from Him; they are merged in the Word of the Shabad. |
| ਆਪਣੀ ਕਲਾ ਆਪੇ ਪ੍ਰਭੁ ਜਾਣੈ ॥ | Only God Himself knows His own power. |
| ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥ | O Nanak, the Gurmukh realizes the Naam, the Name of the Lord. \|\|4\|\|6\|\| |
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਕਾਚਾ ਧਨੁ ਸੰਚਹਿ ਮੂਰਖ ਗਾਵਾਰ ॥ | The ignorant fools amass false wealth. |
| ਮਨਮੁਖ ਭੂਲੇ ਅੰਧ ਗਾਵਾਰ ॥ | The blind, foolish, self-willed manmukhs have gone astray. |
| ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ | Poisonous wealth brings constant pain. |
| ਨਾ ਸਾਥਿ ਜਾਇ ਨ ਪਰਾਪਤਿ ਹੋਇ ॥੧॥ | It will not go with you, and it will not yield any profit. \|\|1\|\| |

| | |
|---|---|
| ਸਾਚਾ ਧਨੁ ਗੁਰਮਤੀ ਪਾਏ ॥ | True wealth is obtained through the Guru's Teachings. |
| ਕਾਚਾ ਧਨੁ ਫੁਨਿ ਆਵੈ ਜਾਏ ॥ ਰਹਾਉ ॥ | False wealth continues coming and going. \|\|Pause\|\| |
| ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥ | The foolish self-willed manmukhs all go astray and die. |
| ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥ | They drown in the terrifying world-ocean, and they cannot reach either this shore, or the one beyond. |
| ਸਤਿਗੁਰੁ ਭੇਟੇ ਪੂਰੈ ਭਾਗਿ ॥ | But by perfect destiny, they meet the True Guru; |
| ਸਾਚਿ ਰਤੇ ਅਹਿਨਿਸਿ ਬੈਰਾਗਿ ॥੨॥ | imbued with the True Name, day and night, they remain detached from the world. \|\|2\|\| |
| ਚਹੁ ਜੁਗ ਮਹਿ ਅੰਮ੍ਰਿਤੁ ਸਾਚੀ ਬਾਣੀ ॥ | Throughout the four ages, the True Bani of His Word is Ambrosial Nectar. |
| ਪੂਰੈ ਭਾਗਿ ਹਰਿ ਨਾਮਿ ਸਮਾਣੀ ॥ | By perfect destiny, one is absorbed in the True Name. |
| ਸਿਧ ਸਾਧਿਕ ਤਰਸਹਿ ਸਭਿ ਲੋਇ ॥ | The Siddhas, the seekers and all men long for the Name. |
| ਪੂਰੈ ਭਾਗਿ ਪਰਾਪਤਿ ਹੋਇ ॥੩॥ | It is obtained only by perfect destiny. \|\|3\|\| |
| ਸਭੁ ਕਿਛੁ ਸਾਚਾ ਸਾਚਾ ਹੈ ਸੋਇ ॥ | The True Lord is everything; He is True. |
| ਊਤਮ ਬ੍ਰਹਮੁ ਪਛਾਣੈ ਕੋਇ ॥ | Only a few realize the exalted Lord God. |
| ਸਚੁ ਸਾਚਾ ਸਚੁ ਆਪਿ ਦ੍ਰਿੜਾਏ ॥ | He is the Truest of the True; He Himself implants the True Name within. |
| **੬੬੬** | **666** |
| ਨਾਨਕ ਆਪੇ ਵੇਖੈ ਆਪੇ ਸਚਿ ਲਾਇ ॥੪॥੭॥ | O Nanak, the Lord Himself sees all; He Himself links us to the Truth. \|\|4\|\|7\|\| |
| ਧਨਾਸਰੀ ਮਹਲਾ ੩ ॥ | Dhanaasaree, Third Mehl: |
| ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥ | The value and worth of the Lord's Name cannot be described. |
| ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥ | Blessed are those humble beings, who lovingly focus their minds on the Naam, the Name of the Lord. |
| ਗੁਰਮਤਿ ਸਾਚੀ ਸਾਚਾ ਵੀਚਾਰੁ ॥ | True are the Guru's Teachings, and True is contemplative meditation. |
| ਆਪੇ ਬਖਸੇ ਦੇ ਵੀਚਾਰੁ ॥੧॥ | God Himself forgives, and bestows contemplative meditation. \|\|1\|\| |

| | |
|---|---|
| ਹਰਿ ਨਾਮੁ ਅਚਰਜੁ ਪ੍ਰਭੁ ਆਪਿ ਸੁਣਾਏ ॥ | The Lord's Name is wonderful! God Himself imparts it. |
| ਕਲੀ ਕਾਲ ਵਿਚਿ ਗੁਰਮੁਖਿ ਪਾਏ ॥੧॥ ਰਹਾਉ ॥ | In the Dark Age of Kali Yuga, the Gurmukhs obtain it. \|\|1\|\|Pause\|\| |
| ਹਮ ਮੂਰਖ ਮੂਰਖ ਮਨ ਮਾਹਿ ॥ | We are ignorant; ignorance fills our minds. |
| ਹਉਮੈ ਵਿਚਿ ਸਭ ਕਾਰ ਕਮਾਹਿ ॥ | We do all our deeds in ego. |
| ਗੁਰ ਪਰਸਾਦੀ ਹੰਉਮੈ ਜਾਇ ॥ | By Guru's Grace, egotism is eradicated. |
| ਆਪੇ ਬਖਸੇ ਲਏ ਮਿਲਾਇ ॥੨॥ | Forgiving us, the Lord blends us with Himself. \|\|2\|\| |
| ਬਿਖਿਆ ਕਾ ਧਨੁ ਬਹੁਤੁ ਅਭਿਮਾਨੁ ॥ | Poisonous wealth gives rise to great arrogance. |
| ਅਹੰਕਾਰਿ ਡੂਬੈ ਨ ਪਾਵੈ ਮਾਨੁ ॥ | Drowning in egotism, no one is honored. |
| ਆਪੁ ਛੋਡਿ ਸਦਾ ਸੁਖੁ ਹੋਈ ॥ | Forsaking self-conceit, one finds lasting peace. |
| ਗੁਰਮਤਿ ਸਾਲਾਹੀ ਸਚੁ ਸੋਈ ॥੩॥ | Under Guru's Instruction, he praises the True Lord. \|\|3\|\| |
| ਆਪੇ ਸਾਜੇ ਕਰਤਾ ਸੋਇ ॥ | The Creator Lord Himself fashions all. |
| ਤਿਸੁ ਬਿਨੁ ਦੂਜਾ ਅਵਰੁ ਨ ਕੋਇ ॥ | Without Him, there is no other at all. |
| ਜਿਸੁ ਸਚਿ ਲਾਏ ਸੋਈ ਲਾਗੈ ॥ | He alone is attached to Truth, whom the Lord Himself so attaches. |
| ਨਾਨਕ ਨਾਮਿ ਸਦਾ ਸੁਖੁ ਆਗੈ ॥੪॥੮॥ | O Nanak, through the Naam, lasting peace is attained in the hereafter. \|\|4\|\|8\|\| |
| ਰਾਗੁ ਧਨਾਸਿਰੀ ਮਹਲਾ ੩ ਘਰੁ ੪ | Raag Dhanaasaree, Third Mehl, Fourth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥ | I am just a poor beggar of Yours; You are Your Own Lord Master, You are the Great Giver. |
| ਹੋਹੁ ਦੈਆਲ ਨਾਮੁ ਦੇਹੁ ਮੰਗਤ ਜਨ ਕੰਉ ਸਦਾ ਰਹਉ ਰੰਗਿ ਰਾਤਾ ॥੧॥ | Be Merciful, and bless me, a humble beggar, with Your Name, so that I may forever remain imbued with Your Love. \|\|1\|\| |
| ਹੰਉ ਬਲਿਹਾਰੈ ਜਾਉ ਸਾਚੇ ਤੇਰੇ ਨਾਮ ਵਿਟਹੁ ॥ | I am a sacrifice to Your Name, O True Lord. |
| ਕਰਣ ਕਾਰਣ ਸਭਨਾ ਕਾ ਏਕੋ ਅਵਰੁ ਨ ਦੂਜਾ ਕੋਈ ॥੧॥ ਰਹਾਉ ॥ | The One Lord is the Cause of causes; there is no other at all. \|\|1\|\|Pause\|\| |

ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ ॥

I was wretched; I wandered through so many cycles of reincarnation. Now, Lord, please bless me with Your Grace.

ਹੋਹੁ ਦਇਆਲ ਦਰਸਨੁ ਦੇਹੁ ਅਪੁਨਾ ਐਸੀ ਬਖਸ ਕਰੀਜੈ ॥੨॥

Be merciful, and grant me the Blessed Vision of Your Darshan; please grant me such a gift. ||2||

ਭਨਤਿ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ ॥

Prays Nanak, the shutters of doubt have been opened wide; by Guru's Grace, I have come to know the Lord.

ਸਾਚੀ ਲਿਵ ਲਾਗੀ ਹੈ ਭੀਤਰਿ ਸਤਿਗੁਰ ਸਿਉ ਮਨੁ ਮਾਨਿਆ ॥੩॥੧॥੯॥

I am filled to overflowing with true love; my mind is pleased and appeased by the True Guru. ||3||1||9||

ਧਨਾਸਰੀ ਮਹਲਾ ੪ ਘਰੁ ੧ ਚਉਪਦੇ

Dhanaasaree, Fourth Mehl, First House, Chau-Padas:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥

Those Saints and devotees who serve the Lord have all their sins washed away.

ਹਮ ਊਪਰਿ ਕਿਰਪਾ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ ॥੧॥

Have Mercy on me, O Lord and Master, and keep me in the Sangat, the Congregation that You love. ||1||

ਹਰਿ ਗੁਣ ਕਹਿ ਨ ਸਕਉ ਬਨਵਾਰੀ ॥

I cannot even speak the Praises of the Lord, the Gardener of the world.

ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ ॥ ਰਹਾਉ ॥

We are sinners, sinking like stones in water; grant Your Grace, and carry us stones across. ||Pause||

ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ ॥

The rust of poison and corruption from countless incarnations sticks to us; joining the Saadh Sangat, the Company of the Holy, it is cleaned away.

ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ ॥੨॥

It is just like gold, which is heated in the fire, to remove the impurities from it. ||2||

ਹਰਿ ਹਰਿ ਜਪਨੁ ਜਪਉ ਦਿਨੁ ਰਾਤੀ ਜਪਿ ਹਰਿ ਹਰਿ ਹਰਿ ਉਰਿ ਧਾਰੀ ॥

I chant the chant of the Name of the Lord, day and night; I chant the Name of the Lord, Har, Har, Har, and enshrine it within my heart.

ਹਰਿ ਹਰਿ ਹਰਿ ਅਉਖਧੁ ਜਗਿ ਪੂਰਾ ਜਪਿ ਹਰਿ ਹਰਿ ਹਉਮੈ ਮਾਰੀ ॥੩॥

The Name of the Lord, Har, Har, Har, is the most perfect medicine in this world; chanting the Name of the Lord, Har, Har, I have conquered my ego. ||3||

| ੬੬੭ | 667 |
|---|---|
| ਹਰਿ ਹਰਿ ਅਗਮ ਅਗਾਧਿ ਬੋਧਿ ਅਪਰੰਪਰ ਪੁਰਖ ਅਪਾਰੀ ॥ | The Lord, Har, Har, is unapproachable, of unfathomable wisdom, unlimited, all-powerful and infinite. |
| ਜਨ ਕਉ ਕ੍ਰਿਪਾ ਕਰਹੁ ਜਗਜੀਵਨ ਜਨ ਨਾਨਕ ਪੈਜ ਸਵਾਰੀ ॥੪॥੧॥ | Show Mercy to Your humble servant, O Life of the world, and save the honor of servant Nanak. ‖4‖1‖ |
| ਧਨਾਸਰੀ ਮਹਲਾ ੪ ॥ | Dhanaasaree, Fourth Mehl: |
| ਹਰਿ ਕੇ ਸੰਤ ਜਨਾ ਹਰਿ ਜਪਿਓ ਤਿਨ ਕਾ ਦੂਖੁ ਭਰਮੁ ਭਉ ਭਾਗੀ ॥ | The humble Saints of the Lord meditate on the Lord; their pain, doubt and fear have run away. |
| ਅਪਨੀ ਸੇਵਾ ਆਪਿ ਕਰਾਈ ਗੁਰਮਤਿ ਅੰਤਰਿ ਜਾਗੀ ॥੧॥ | The Lord Himself inspires them to serve Him; they are awakened within to the Guru's Teachings. ‖1‖ |
| ਹਰਿ ਕੈ ਨਾਮਿ ਰਤਾ ਬੈਰਾਗੀ ॥ | Imbued with the Lord's Name, they are unattached to the world. |
| ਹਰਿ ਹਰਿ ਕਥਾ ਸੁਣੀ ਮਨਿ ਭਾਈ ਗੁਰਮਤਿ ਹਰਿ ਲਿਵ ਲਾਗੀ ॥੧॥ ਰਹਾਉ ॥ | Listening to the sermon of the Lord, Har, Har, their minds are pleased; through Guru's Instruction, they enshrine love for the Lord. ‖1‖Pause‖ |
| ਸੰਤ ਜਨਾ ਕੀ ਜਾਤਿ ਹਰਿ ਸੁਆਮੀ ਤੁਮ੍ ਠਾਕੁਰ ਹਮ ਸਾਂਗੀ ॥ | God, the Lord and Master, is the caste and social status of His humble Saints. You are the Lord and Master; I am just Your puppet. |
| ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ ॥੨॥ | As is the understanding You bless us with, so are the words we speak. ‖2‖ |
| ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ ॥ | What are we? Tiny worms, and microscopic germs. You are our great and glorious Lord and Master. |
| ਤੁਮ੍ਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ ਹਮ ਕਿਉ ਕਰਿ ਮਿਲਹ ਅਭਾਗੀ ॥੩॥ | I cannot describe Your state and extent. O God, how can we unfortunate ones meet with You? ‖3‖ |
| ਹਰਿ ਪ੍ਰਭ ਸੁਆਮੀ ਕਿਰਪਾ ਧਾਰਹੁ ਹਮ ਹਰਿ ਹਰਿ ਸੇਵਾ ਲਾਗੀ ॥ | O God, my Lord and Master, shower me with Your Mercy, and commit me to Your service. |
| ਨਾਨਕ ਦਾਸਨਿ ਦਾਸੁ ਕਰਹੁ ਪ੍ਰਭ ਹਮ ਹਰਿ ਕਥਾ ਕਥਾਗੀ ॥੪॥੨॥ | Make Nanak the slave of Your slaves, God; I speak the speech of the Lord's sermon. ‖4‖2‖ |

ਧਨਾਸਰੀ ਮਹਲਾ ੪ ॥

Dhanaasaree, Fourth Mehl:

ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ ॥

The True Guru is the Lord's Saint, the True Being, who chants the Bani of the Lord, Har, Har.

ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ ॥੧॥

Whoever chants it, and listens to it, is liberated; I am forever a sacrifice to him. ||1||

ਹਰਿ ਕੇ ਸੰਤ ਸੁਨਹੁ ਜਸੁ ਕਾਨੀ ॥

O Saints of the Lord, listen to the Lord's Praises with your ears.

ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ ॥੧॥ ਰਹਾਉ ॥

Listen to the sermon of the Lord, Har, Har, for a moment, for even an instant, and all your sins and mistakes shall be erased. ||1||Pause||

ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖ ਵਡਾਨੀ ॥

Those who find such humble, Holy Saints, are the greatest of the great persons.

ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਲੋਚ ਲੁਚਾਨੀ ॥੨॥

I beg for the dust of their feet; I long for the longing for God, my Lord and Master. ||2||

ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੇ ਤ੍ਰਿਪਤਾਨੀ ॥

The Name of God, the Lord and Master, Har, Har, is the fruit-bearing tree; those who meditate on it are satisfied.

ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ ॥੩॥

Drinking in the ambrosia of the Name of the Lord, Har, Har, I am satisfied; all my hunger and thirst is quenched. ||3||

ਜਿਨ ਕੇ ਵਡੇ ਭਾਗ ਵਡ ਊਚੇ ਤਿਨ ਹਰਿ ਜਪਿਓ ਜਪਾਨੀ ॥

Those who are blessed with the highest, loftiest destiny, chant and meditate on the Lord.

ਤਿਨ ਹਰਿ ਸੰਗਤਿ ਮੇਲਿ ਪ੍ਰਭ ਸੁਆਮੀ ਜਨ ਨਾਨਕ ਦਾਸ ਦਸਾਨੀ ॥੪॥੩॥

Let me join their congregation, O God, my Lord and Master; Nanak is the slave of their slaves. ||4||3||

ਧਨਾਸਰੀ ਮਹਲਾ ੪ ॥

Dhanaasaree, Fourth Mehl:

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ ॥

I am blind, totally blind, entangled in corruption and poison. How can I walk on the Guru's Path?

ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥੧॥

If the True Guru, the Giver of peace, shows His kindness, He attaches us to the hem of His robe. ||1||

ਗੁਰਸਿਖ ਮੀਤ ਚਲਹੁ ਗੁਰ ਚਾਲੀ ॥

O Sikhs of the Guru, O friends, walk on the Guru's Path.

| | |
|---|---|
| ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥ | Whatever the Guru says, accept that as good; the sermon of the Lord, Har, Har, is unique and wonderful. ‖1‖Pause‖ |
| ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ ॥ | O Saints of the Lord, O Siblings of Destiny, listen: serve the Guru, quickly now! |
| ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲੑਿ ॥੨॥ | Let your service to the True Guru be your supplies on the Lord's Path; pack them up, and don't think of today or tomorrow. ‖2‖ |
| ਹਰਿ ਕੇ ਸੰਤ ਜਪਹੁ ਹਰਿ ਜਪਣਾ ਹਰਿ ਸੰਤੁ ਚਲੈ ਹਰਿ ਨਾਲੀ ॥ | O Saints of the Lord, chant the chant of the Lord's Name; the Lord's Saints walk with the Lord. |
| ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥ | Those who meditate on the Lord, become the Lord; the playful, wondrous Lord meets them. ‖3‖ |
| ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ ਹਰਿ ਕਿਰਪਾ ਕਰਿ ਬਨਵਾਲੀ ॥ | To chant the chant of the Lord's Name, Har, Har, is the longing I long for; have Mercy upon me, O Lord of the world-forest. |
| ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ ॥੪॥੪॥ | O Lord, unite servant Nanak with the Saadh Sangat, the Company of the Holy; make me the dust of the feet of the Holy. ‖4‖4‖ |

## ੬੬੮ — 668

| | |
|---|---|
| ਧਨਾਸਰੀ ਮਹਲਾ ੪ ॥ | Dhanaasaree, Fourth Mehl: |
| ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ ॥ | The Lord, Har, Har, is the rain-drop; I am the song-bird, crying, crying out for it. |
| ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ ॥੧॥ | O Lord God, please bless me with Your Mercy, and pour Your Name into my mouth, even if for only an instant. ‖1‖ |
| ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥ | Without the Lord, I cannot live for even a second. |
| ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ ਤਿਉ ਹਰਿ ਬਿਨੁ ਹਮ ਮਰਿ ਜਾਤੀ ॥ ਰਹਾਉ ॥ | Like the addict who dies without his drug, I die without the Lord. ‖Pause‖ |
| ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ ॥ | You, Lord, are the deepest, most unfathomable ocean; I cannot find even a trace of Your limits. |

| | |
|---|---|
| ਤੂ ਪਰੈ ਪਰੈ ਅਪਰੰਪਰੁ ਸੁਆਮੀ ਮਿਤਿ ਜਾਨਹੁ ਆਪਨ ਗਾਤੀ ॥੨॥ | You are the most remote of the remote, limitless and transcendent; O Lord Master, You alone know Your state and extent. \|\|2\|\| |
| ਹਰਿ ਕੇ ਸੰਤ ਜਨਾ ਹਰਿ ਜਪਿਓ ਗੁਰ ਰੰਗਿ ਚਲੂਲੈ ਰਾਤੀ ॥ | The Lord's humble Saints meditate on the Lord; they are imbued with the deep crimson color of the Guru's Love. |
| ਹਰਿ ਹਰਿ ਭਗਤਿ ਬਨੀ ਅਤਿ ਸੋਭਾ ਹਰਿ ਜਪਿਓ ਊਤਮ ਪਾਤੀ ॥੩॥ | Meditating on the Lord, they attain great glory, and the most sublime honor. \|\|3\|\| |
| ਆਪੇ ਠਾਕੁਰੁ ਆਪੇ ਸੇਵਕੁ ਆਪਿ ਬਨਾਵੈ ਭਾਤੀ ॥ | He Himself is the Lord and Master, and He Himself is the servant; He Himself creates His environments. |
| ਨਾਨਕੁ ਜਨੁ ਤੁਮਰੀ ਸਰਣਾਈ ਹਰਿ ਰਾਖਹੁ ਲਾਜ ਭਗਾਤੀ ॥੪॥੫॥ | Servant Nanak has come to Your Sanctuary, O Lord; protect and preserve the honor of Your devotee. \|\|4\|\|5\|\| |
| ਧਨਾਸਰੀ ਮਹਲਾ ੪ ॥ | Dhanaasaree, Fourth Mehl: |
| ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ ॥ | Tell me, O Siblings of Destiny, the religion for this Dark Age of Kali Yuga. I seek emancipation - how can I be emancipated? |
| ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ ॥੧॥ | Meditation on the Lord, Har, Har, is the boat, the raft; meditating on the Lord, the swimmer swims across. \|\|1\|\| |
| ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥ | O Dear Lord, protect and preserve the honor of Your humble servant. |
| ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ ॥ ਰਹਾਉ ॥ | O Lord, Har, Har, please make me chant the chant of Your Name; I beg only for Your devotional worship. \|\|Pause\|\| |
| ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ ॥ | The Lord's servants are very dear to the Lord; they chant the Word of the Lord's Bani. |
| ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ ॥੨॥ | The account of the recording angels, Chitr and Gupt, and the account with the Messenger of Death is totally erased. \|\|2\|\| |
| ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ ਲਗਿ ਸੰਗਤਿ ਸਾਧ ਜਨਾ ਕੀ ॥ | The Saints of the Lord meditate on the Lord in their minds; they join the Saadh Sangat, the Company of the Holy. |
| ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ ॥੩॥ | The piercing sun of desires has set, and the cool moon has risen. \|\|3\|\| |

| | |
|---|---|
| ਤੁਮ ਵਡ ਪੁਰਖ ਵਡ ਅਗਮ ਅਗੋਚਰ ਤੁਮ ਆਪੇ ਆਪਿ ਅਪਾਕੀ ॥ | You are the Greatest Being, absolutely unapproachable and unfathomable; You created the Universe from Your Own Being. |
| ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ ਕਰਿ ਦਾਸਨਿ ਦਾਸ ਦਸਾਕੀ ॥੪॥੬॥ | O God, take pity on servant Nanak, and make him the slave of the slave of Your slaves. \|\|4\|\|6\|\| |
| ਧਨਾਸਰੀ ਮਹਲਾ ੪ ਘਰੁ ੫ ਦੁਪਦੇ | Dhanaasaree, Fourth Mehl, Fifth House, Du-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਉਰ ਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ ॥ | Enshrine the Lord within your heart, and contemplate Him. Dwell upon Him, reflect upon Him, and chant the Name of the Lord, the Enticer of hearts. |
| ਅਦ੍ਰਿਸਟੁ ਅਗੋਚਰੁ ਅਪਰੰਪਰ ਸੁਆਮੀ ਗੁਰਿ ਪੂਰੈ ਪ੍ਰਗਟ ਕਰਿ ਦੀਨੇ ॥੧॥ | The Lord Master is unseen, unfathomable and unreachable; through the Perfect Guru, He is revealed. \|\|1\|\| |
| ਰਾਮ ਪਾਰਸ ਚੰਦਨ ਹਮ ਕਾਸਟ ਲੋਸਟ ॥ | The Lord is the philosopher's stone, which transforms lead into gold, and sandalwood, while I am just dry wood and iron. |
| ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ ॥੧॥ ਰਹਾਉ ॥ | Associating with the Lord, and the Sat Sangat, the Lord's True Congregation, the Lord has transformed me into gold and sandalwood. \|\|1\|\|Pause\|\| |
| ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ ॥ | One may repeat, verbatim, the nine grammars and the six Shaastras, but my Lord God is not pleased by this. |
| ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਇਉ ਹਰਿ ਪ੍ਰਭੁ ਮੇਰਾ ਭੀਨੇ ॥੨॥੧॥੭॥ | O servant Nanak, meditate forever on the Lord in your heart; this is what pleases my Lord God. \|\|2\|\|1\|\|7\|\| |
| ਧਨਾਸਰੀ ਮਹਲਾ ੪ ॥ | Dhanaasaree, Fourth Mehl: |
| ੬੬੯ | 669 |
| ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮੁ ਧਿਆਈ ॥ | Chant His Praises, learn of the Lord, and serve the True Guru; in this way, meditate on the Name of the Lord, Har, Har. |

| | |
|---|---|
| ਹਰਿ ਦਰਗਹ ਭਾਵਹਿ ਫਿਰਿ ਜਨਮਿ ਨ ਆਵਹਿ ਹਰਿ ਹਰਿ ਹਰਿ ਜੋਤਿ ਸਮਾਈ ॥੧॥ | In the Court of the Lord, He shall be pleased with you, and you shall not have to enter the cycle of reincarnation again; you shall merge in the Divine Light of the Lord, Har, Har, Har. \|\|1\|\| |
| ਜਪਿ ਮਨ ਨਾਮੁ ਹਰੀ ਹੋਹਿ ਸਰਬ ਸੁਖੀ ॥ | Chant the Name of the Lord, O my mind, and you shall be totally at peace. |
| ਹਰਿ ਜਸੁ ਊਚ ਸਭਨਾ ਤੇ ਊਪਰਿ ਹਰਿ ਹਰਿ ਹਰਿ ਸੇਵਿ ਛਡਾਈ ॥ ਰਹਾਉ ॥ | The Lord's Praises are the most sublime, the most exalted; serving the Lord, Har, Har, Har, you shall be emancipated. \|\|Pause\|\| |
| ਹਰਿ ਕ੍ਰਿਪਾ ਨਿਧਿ ਕੀਨੀ ਗੁਰਿ ਭਗਤਿ ਹਰਿ ਦੀਨੀ ਤਬ ਹਰਿ ਸਿਉ ਪ੍ਰੀਤਿ ਬਨਿ ਆਈ ॥ | The Lord, the treasure of mercy, blessed me, and so the Guru blessed me with the Lord's devotional worship; I have come to be in love with the Lord. |
| ਬਹੁ ਚਿੰਤ ਵਿਸਾਰੀ ਹਰਿ ਨਾਮੁ ਉਰਿ ਧਾਰੀ ਨਾਨਕ ਹਰਿ ਭਏ ਹੈ ਸਖਾਈ ॥੨॥੨॥੮॥ | I have forgotten my cares and anxieties, and enshrined the Lord's Name in my heart; O Nanak, the Lord has become my friend and companion. \|\|2\|\|2\|\|8\|\| |
| ਧਨਾਸਰੀ ਮਹਲਾ ੪ ॥ | Dhanaasaree, Fourth Mehl: |
| ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ ਹਰਿ ਭਉਜਲੁ ਪਾਰਿ ਉਤਾਰੀ ॥ | Read about the Lord, write about the Lord, chant the Lord's Name, and sing the Lord's Praises; the Lord will carry you across the terrifying world-ocean. |
| ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ ॥੧॥ | In your mind, by your words, and within your heart, meditate on the Lord, and He will be pleased. In this way, repeat the Name of the Lord. \|\|1\|\| |
| ਮਨਿ ਜਪੀਐ ਹਰਿ ਜਗਦੀਸ ॥ | O mind, meditate on the Lord, the Lord of the World. |
| ਮਿਲਿ ਸੰਗਤਿ ਸਾਧੂ ਮੀਤ ॥ | Join the Saadh Sangat, the Company of the Holy, O friend. |
| ਸਦਾ ਅਨੰਦੁ ਹੋਵੈ ਦਿਨੁ ਰਾਤੀ ਹਰਿ ਕੀਰਤਿ ਕਰਿ ਬਨਵਾਰੀ ॥ ਰਹਾਉ ॥ | You shall be happy forever, day and night; sing the Praises of the Lord, the Lord of the world-forest. \|\|Pause\|\| |
| ਹਰਿ ਹਰਿ ਕਰੀ ਦ੍ਰਿਸਟਿ ਤਬ ਭਇਓ ਮਨਿ ਉਦਮੁ ਹਰਿ ਹਰਿ ਨਾਮੁ ਜਪਿਓ ਗਤਿ ਭਈ ਹਮਾਰੀ ॥ | When the Lord, Har, Har, casts His Glance of Grace, then I made the effort in my mind; meditating on the Name of the Lord, Har, Har, I have been emancipated. |
| ਜਨ ਨਾਨਕ ਕੀ ਪਤਿ ਰਾਖੁ ਮੇਰੇ ਸੁਆਮੀ ਹਰਿ ਆਇ ਪਰਿਓ ਹੈ ਸਰਣਿ ਤੁਮਾਰੀ ॥੨॥੩॥੯॥ | Preserve the honor of servant Nanak, O my Lord and Master; I have come seeking Your Sanctuary. \|\|2\|\|3\|\|9\|\| |

ਧਨਾਸਰੀ ਮਹਲਾ ੪ ॥

Dhanaasaree, Fourth Mehl:

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥

The eighty-four Siddhas, the spiritual masters, the Buddhas, the three hundred thirty million gods and the silent sages, all long for Your Name, O Dear Lord.

ਗੁਰ ਪ੍ਰਸਾਦਿ ਕੋ ਵਿਰਲਾ ਪਾਵੈ ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥੧॥

By Guru's Grace, a rare few obtain it; upon their foreheads, the pre-ordained destiny of loving devotion is written. ||1||

ਜਪਿ ਮਨ ਰਾਮੈ ਨਾਮੁ ਹਰਿ ਜਸੁ ਊਤਮ ਕਾਮ ॥

O mind, chant the Name of the Lord; singing the Lord's Praises is the most exalted activity.

ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਹਉ ਤਿਨ ਕੈ ਸਦ ਬਲਿਹਾਰੈ ਜਾਉ ॥ ਰਹਾਉ ॥

I am forever a sacrifice to those who sing, and hear Your Praises, O Lord and Master. ||Pause||

ਸਰਣਾਗਤਿ ਪ੍ਰਤਿਪਾਲਕ ਹਰਿ ਸੁਆਮੀ ਜੋ ਤੁਮ ਦੇਹੁ ਸੋਈ ਹਉ ਪਾਉ ॥

I seek Your Sanctuary, O Cherisher God, my Lord and Master; whatever You give me, I accept.

ਦੀਨ ਦਇਆਲ ਕ੍ਰਿਪਾ ਕਰਿ ਦੀਜੈ ਨਾਨਕ ਹਰਿ ਸਿਮਰਣ ਕਾ ਹੈ ਚਾਉ ॥੨॥੪॥੧੦॥

O Lord, Merciful to the meek, give me this blessing; Nanak longs for the Lord's meditative remembrance. ||2||4||10||

ਧਨਾਸਰੀ ਮਹਲਾ ੪ ॥

Dhanaasaree, Fourth Mehl:

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥

All the Sikhs and servants come to worship and adore You; they sing the sublime Bani of the Lord, Har, Har.

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥੧॥

Their singing and listening is approved by the Lord; they accept the Order of the True Guru as True, totally True. ||1||

ਬੋਲਹੁ ਭਾਈ ਹਰਿ ਕੀਰਤਿ ਹਰਿ ਭਵਜਲ ਤੀਰਥਿ ॥

Chant the Lord's Praises, O Siblings of Destiny; the Lord is the sacred shrine of pilgrimage in the terrifying world-ocean.

ਹਰਿ ਦਰਿ ਤਿਨ ਕੀ ਊਤਮ ਬਾਤ ਹੈ ਸੰਤਹੁ ਹਰਿ ਕਥਾ ਜਿਨ ਜਨਹੁ ਜਾਨੀ ॥ ਰਹਾਉ ॥

They alone are praised in the Court of the Lord, O Saints, who know and understand the Lord's sermon. ||Pause||

ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ ॥

He Himself is the Guru, and He Himself is the disciple; the Lord God Himself plays His wondrous games.

ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ ॥੨॥੫॥੧੧॥

O servant Nanak, he alone merges with the Lord, whom the Lord Himself merges; all the others are forsaken, but the Lord loves him. ||2||5||11||

ਧਨਾਸਰੀ ਮਹਲਾ ੪ ॥

Dhanaasaree, Fourth Mehl:

ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥

The Lord is the Fulfiller of desires, the Giver of total peace; the Kaamadhaynaa, the wish-fulfilling cow, is in His power.

ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥

So meditate on such a Lord, O my soul. Then, you shall obtain total peace, O my mind. ||1||

## ੬੭੦

## 670

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

Chant, O my mind, the True Name, Sat Naam, the True Name.

ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥

In this world, and in the world beyond, your face shall be radiant, by meditating continually on the immaculate Lord God. ||Pause||

ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥

Wherever anyone remembers the Lord in meditation, disaster runs away from that place. By great good fortune, we meditate on the Lord.

ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥

The Guru has blessed servant Nanak with this understanding, that by meditating on the Lord, we cross over the terrifying world-ocean. ||2||6||12||

ਧਨਾਸਰੀ ਮਹਲਾ ੪ ॥

Dhanaasaree, Fourth Mehl:

ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ ॥

O my King, beholding the Blessed Vision of the Lord's Darshan, I am at peace.

ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ ॥ ਰਹਾਉ ॥

You alone know my inner pain, O King; what can anyone else know? ||Pause||

ਸਾਚਾ ਸਾਹਿਬੁ ਸਚੁ ਤੂ ਮੇਰੇ ਸਾਹਾ ਤੇਰਾ ਕੀਆ ਸਚੁ ਸਭੁ ਹੋਇ ॥

O True Lord and Master, You are truly my King; whatever You do, all that is True.

| | |
|---|---|
| ਝੂਠਾ ਕਿਸ ਕਉ ਆਖੀਐ ਸਾਹਾ ਦੂਜਾ ਨਾਹੀ ਕੋਇ ॥੧॥ | Who should I call a liar? There is no other than You, O King. ‖1‖ |
| ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ ਦਿਨੁ ਰਾਤਿ ॥ | You are pervading and permeating in all; O King, everyone meditates on You, day and night. |
| ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ ॥੨॥ | Everyone begs of You, O my King; You alone give gifts to all. ‖2‖ |
| ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ ॥ | All are under Your Power, O my King; none at all are beyond You. |
| ਸਭਿ ਜੀਅ ਤੇਰੇ ਤੂ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ ॥੩॥ | All beings are Yours-You belong to all, O my King. All shall merge and be absorbed in You. ‖3‖ |
| ਸਭਨਾ ਕੀ ਤੂ ਆਸ ਹੈ ਮੇਰੇ ਪਿਆਰੇ ਸਭਿ ਤੁਝਹਿ ਧਿਆਵਹਿ ਮੇਰੇ ਸਾਹ ॥ | You are the hope of all, O my Beloved; all meditate on You, O my King. |
| ਜਿਉ ਭਾਵੈ ਤਿਉ ਰਖੁ ਤੂ ਮੇਰੇ ਪਿਆਰੇ ਸਚੁ ਨਾਨਕ ਕੇ ਪਾਤਿਸਾਹ ॥੪॥੭॥੧੩॥ | As it pleases You, protect and preserve me, O my Beloved; You are the True King of Nanak. ‖4‖7‖13‖ |
| ਧਨਾਸਰੀ ਮਹਲਾ ੫ ਘਰੁ ੧ ਚਉਪਦੇ | Dhanaasaree, Fifth Mehl, First House, Chau-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਭਵ ਖੰਡਨ ਦੁਖ ਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ ॥ | O Destroyer of fear, Remover of suffering, Lord and Master, Lover of Your devotees, Formless Lord. |
| ਕੋਟਿ ਪਰਾਧ ਮਿਟੇ ਖਿਨ ਭੀਤਰਿ ਜਾਂ ਗੁਰਮੁਖਿ ਨਾਮੁ ਸਮਾਰੇ ॥੧॥ | Millions of sins are eradicated in an instant when, as Gurmukh, one contemplates the Naam, the Name of the Lord. ‖1‖ |
| ਮੇਰਾ ਮਨੁ ਲਾਗਾ ਹੈ ਰਾਮ ਪਿਆਰੇ ॥ | My mind is attached to my Beloved Lord. |
| ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ ॥੧॥ ਰਹਾਉ ॥ | God, Merciful to the meek, granted His Grace, and placed the five enemies under my control. ‖1‖Pause‖ |

ਤੇਰਾ ਥਾਨੁ ਸੁਹਾਵਾ ਰੂਪੁ ਸੁਹਾਵਾ ਤੇਰੇ ਭਗਤ ਸੋਹਹਿ ਦਰਬਾਰੇ ॥

Your place is so beautiful; Your form is so beautiful; Your devotees look so beautiful in Your Court.

ਸਰਬ ਜੀਆ ਕੇ ਦਾਤੇ ਸੁਆਮੀ ਕਰਿ ਕਿਰਪਾ ਲੇਹੁ ਉਬਾਰੇ ॥੨॥

O Lord and Master, Giver of all beings, please, grant Your Grace, and save me. ||2||

ਤੇਰਾ ਵਰਨੁ ਨ ਜਾਪੈ ਰੂਪੁ ਨ ਲਖੀਐ ਤੇਰੀ ਕੁਦਰਤਿ ਕਉਨੁ ਬੀਚਾਰੇ ॥

Your color is not known, and Your form is not seen; who can contemplate Your Almighty Creative Power?

ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ ॥੩॥

You are contained in the water, the land and the sky, everywhere, O Lord of unfathomable form, Holder of the mountain. ||3||

ਕੀਰਤਿ ਕਰਹਿ ਸਗਲ ਜਨ ਤੇਰੀ ਤੂ ਅਬਿਨਾਸੀ ਪੁਰਖੁ ਮੁਰਾਰੇ ॥

All beings sing Your Praises; You are the imperishable Primal Being, the Destroyer of ego.

ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਨਿ ਦੁਆਰੇ ॥੪॥੧॥

As it pleases You, please protect and preserve me; servant Nanak seeks Sanctuary at Your Door. ||4||1||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਬਿਨੁ ਜਲ ਪ੍ਰਾਨ ਤਜੇ ਹੈ ਮੀਨਾ ਜਿਨਿ ਜਲ ਸਿਉ ਹੇਤੁ ਬਢਾਇਓ ॥

The fish out of water loses its life; it is deeply in love with the water.

ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ ॥੧॥

The bumble bee, totally in love with the lotus flower, is lost in it; it cannot find the way to escape from it. ||1||

ਅਬ ਮਨ ਏਕਸ ਸਿਉ ਮੋਹੁ ਕੀਨਾ ॥

Now, my mind has nurtured love for the One Lord.

ਮਰੈ ਨ ਜਾਵੈ ਸਦ ਹੀ ਸੰਗੇ ਸਤਿਗੁਰ ਸਬਦੀ ਚੀਨਾ ॥੧॥ ਰਹਾਉ ॥

He does not die, and is not born; He is always with me. Through the Word of the True Guru's Shabad, I know Him. ||1||Pause||

## ੬੭੧ 671

ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰ ਵਸਿ ਭਇਓ ਬਿਚਾਰਾ ॥

Lured by sexual desire, the elephant is trapped; the poor beast falls into the power of another.

ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ ॥੨॥

Lured by the sound of the hunter's bell, the deer offers its head; because of this enticement, it is killed. ||2||

ਦੇਖਿ ਕੁਟੰਬੁ ਲੋਭਿ ਮੋਹਿਓ ਪ੍ਰਾਨੀ ਮਾਇਆ ਕਉ ਲਪਟਾਨਾ ॥

Gazing upon his family, the mortal is enticed by greed; he clings in attachment to Maya.

| | |
|---|---|
| ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ ॥੩॥ | Totally engrossed in worldly things, he considers them to be his own; but in the end, he shall surely have to leave them behind. \|\|3\|\| |
| ਬਿਨੁ ਗੋਬਿੰਦ ਅਵਰ ਸੰਗਿ ਨੇਹਾ ਓਹੁ ਜਾਣਹੁ ਸਦਾ ਦੁਹੇਲਾ ॥ | Know it well, that anyone who loves any other than God, shall be miserable forever. |
| ਕਹੁ ਨਾਨਕ ਗੁਰ ਇਹੈ ਬੁਝਾਇਓ ਪ੍ਰੀਤਿ ਪ੍ਰਭੂ ਸਦ ਕੇਲਾ ॥੪॥੨॥ | Says Nanak, the Guru has explained this to me, that love for God brings lasting bliss. \|\|4\|\|2\|\| |
| ਧਨਾਸਰੀ ਮਃ ੫ ॥ | Dhanaasaree, Fifth Mehl: |
| ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ ॥ | Granting His Grace, God has blessed me with His Name, and released me of my bonds. |
| ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥੧॥ | I have forgotten all worldly entanglements, and I am attached to the Guru's feet. \|\|1\|\| |
| ਸਾਧਸੰਗਿ ਚਿੰਤ ਬਿਰਾਨੀ ਛਾਡੀ ॥ | In the Saadh Sangat, the Company of the Holy, I have renounced my other cares and anxieties. |
| ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ ॥੧॥ ਰਹਾਉ ॥ | I dug a deep pit, and buried my egotistical pride, emotional attachment and the desires of my mind. \|\|1\|\|Pause\|\| |
| ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ | No one is my enemy, and I am no one's enemy. |
| ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥੨॥ | God, who expanded His expanse, is within all; I learned this from the True Guru. \|\|2\|\| |
| ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ | I am a friend to all; I am everyone's friend. |
| ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥੩॥ | When the sense of separation was removed from my mind, then I was united with the Lord, my King. \|\|3\|\| |
| ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥ | My stubbornness is gone, Ambrosial Nectar rains down, and the Word of the Guru's Shabad seems so sweet to me. |
| ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥੪॥੩॥ | He is pervading everywhere, in the water, on the land and in the sky; Nanak beholds the all-pervading Lord. \|\|4\|\|3\|\| |

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥ | Ever since I obtained the Blessed Vision of the Darshan of the Holy, my days have been blessed and prosperous. |
| ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥੧॥ | I have found lasting bliss, singing the Kirtan of the Praises of the Primal Lord, the Architect of destiny. ‖1‖ |
| ਅਬ ਮੋਹਿ ਰਾਮ ਜਸੋ ਮਨਿ ਗਾਇਓ ॥ | Now, I sing the Praises of the Lord within my mind. |
| ਭਇਓ ਪ੍ਰਗਾਸੁ ਸਦਾ ਸੁਖੁ ਮਨ ਮਹਿ ਸਤਿਗੁਰੁ ਪੂਰਾ ਪਾਇਓ ॥੧॥ ਰਹਾਉ ॥ | My mind has been illumined and enlightened, and it is always at peace; I have found the Perfect True Guru. ‖1‖Pause‖ |
| ਗੁਣ ਨਿਧਾਨੁ ਰਿਦ ਭੀਤਰਿ ਵਸਿਆ ਤਾ ਦੂਖੁ ਭਰਮ ਭਉ ਭਾਗਾ ॥ | The Lord, the treasure of virtue, abides deep within the heart, and so pain, doubt and fear have been dispelled. |
| ਭਈ ਪਰਾਪਤਿ ਵਸਤੁ ਅਗੋਚਰ ਰਾਮ ਨਾਮਿ ਰੰਗੁ ਲਾਗਾ ॥੨॥ | I have obtained the most incomprehensible thing, enshrining love for the Name of the Lord. ‖2‖ |
| ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ ॥ | I was anxious, and now I am free of anxiety; I was worried, and now I am free of worry; my grief, greed and emotional attachments are gone. |
| ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ ॥੩॥ | By His Grace, I am cured of the disease of egotism, and the Messenger of Death no longer terrifies me. ‖3‖ |
| ਗੁਰ ਕੀ ਟਹਲ ਗੁਰੂ ਕੀ ਸੇਵਾ ਗੁਰ ਕੀ ਆਗਿਆ ਭਾਣੀ ॥ | Working for the Guru, serving the Guru and the Guru's Command, all are pleasing to me. |
| ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ ॥੪॥੪॥ | Says Nanak, He has released me from the clutches of Death; I am a sacrifice to that Guru. ‖4‖4‖ |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥ | Body, mind, wealth and everything belong to Him; He alone is all-wise and all-knowing. |
| ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥ | He listens to my pains and pleasures, and then my condition improves. ‖1‖ |
| ਜੀਅ ਕੀ ਏਕੈ ਹੀ ਪਹਿ ਮਾਨੀ ॥ | My soul is satisfied with the One Lord alone. |
| ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥ | People make all sorts of other efforts, but they have no value at all. ‖Pause‖ |

| | |
|---|---|
| ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥ | The Ambrosial Naam, the Name of the Lord, is a priceless jewel. The Guru has given me this advice. |
| ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥ | It cannot be lost, and it cannot be shaken off; it remains steady, and I am perfectly satisfied with it. \|\|2\|\| |
| ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥ | Those things which tore me away from You, Lord, are now gone. |
| **੬੭੨** | **672** |
| ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥ | When golden ornaments are melted down into a lump, they are still said to be gold. \|\|3\|\| |
| ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥ | The Divine Light has illuminated me, and I am filled with celestial peace and glory; the unstruck melody of the Lord's Bani resounds within me. |
| ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥ | Says Nanak, I have built my eternal home; the Guru has constructed it for me. \|\|4\|\|5\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥ | The desires of the greatest of the great kings and landlords cannot be satisfied. |
| ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥੧॥ | They remain engrossed in Maya, intoxicated with the pleasures of their wealth; their eyes see nothing else at all. \|\|1\|\| |
| ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ ॥ | No one has ever found satisfaction in sin and corruption. |
| ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ਬਿਨੁ ਹਰਿ ਕਹਾ ਅਘਾਈ ॥ ਰਹਾਉ ॥ | The flame is not satisfied by more fuel; how can one be satisfied without the Lord? \|\|Pause\|\| |
| ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥ | Day after day, he eats his meals with many different foods, but his hunger is not eradicated. |
| ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ ॥੨॥ | He runs around like a dog, searching in the four directions. \|\|2\|\| |
| ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ ॥ | The lustful, lecherous man desires many women, and he never stops peeking into the homes of others. |

| | |
|---|---|
| ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੂਕੈ ॥੩॥ | Day after day, he commits adultery again and again, and then he regrets his actions; he wastes away in misery and greed. \|\|3\|\| |
| ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥ | The Name of the Lord, Har, Har, is incomparable and priceless; it is the treasure of Ambrosial Nectar. |
| ਸੂਖੁ ਸਹਜੁ ਆਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ ॥੪॥੬॥ | The Saints abide in peace, poise and bliss; O Nanak, through the Guru, this is known. \|\|4\|\|6\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ ॥ | Nothing which this mortal being runs after, can compare to it. |
| ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ ॥੧॥ | He alone comes to have it, whom the Guru blesses with this Ambrosial Nectar. \|\|1\|\| |
| ਜਾ ਕਉ ਆਇਓ ਏਕੁ ਰਸਾ ॥ ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ ॥ ਰਹਾਉ ॥ | The desire to eat, to wear new clothes, and all other desires, do not abide in the mind of one who comes to know the subtle essence of the One Lord. \|\|Pause\|\| |
| ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ ॥ | The mind and body blossom forth in abundance, when one receives even a drop of this Nectar. |
| ਬਰਨਿ ਨ ਸਾਕਉ ਉਸਤਤਿ ਤਾ ਕੀ ਕੀਮਤਿ ਕਹਣੁ ਨ ਜਾਈ ॥੨॥ | I cannot express His glory; I cannot describe His worth. \|\|2\|\| |
| ਘਾਲ ਨ ਮਿਲਿਓ ਸੇਵ ਨ ਮਿਲਿਓ ਮਿਲਿਓ ਆਇ ਅਚਿੰਤਾ ॥ | We cannot meet the Lord by our own efforts, nor can we meet Him through service; He comes and meets us spontaneously. |
| ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ ॥੩॥ | One who is blessed by my Lord Master's Grace, practices the Teachings of the Guru's Mantra. \|\|3\|\| |
| ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ ॥ | He is merciful to the meek, always kind and compassionate; He cherishes and nurtures all beings. |
| ਓਤਿ ਪੋਤਿ ਨਾਨਕ ਸੰਗਿ ਰਵਿਆ ਜਿਉ ਮਾਤਾ ਬਾਲ ਗੋੁਪਾਲਾ ॥੪॥੭॥ | The Lord is mingled with Nanak, through and through; He cherishes him, like the mother her child. \|\|4\|\|7\|\| |

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ ॥ | I am a sacrifice to my Guru, who has implanted the Name of the Lord, Har, Har, within me. |
| ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ ॥੧॥ | In the utter darkness of the wilderness, He showed me the straight path. \|\|1\|\| |
| ਹਮਰੇ ਪ੍ਰਾਨ ਗੁਪਾਲ ਗੋਬਿੰਦ ॥ | The Lord of the universe, the Cherisher of the world, He is my breath of life. |
| ਈਹਾ ਊਹਾ ਸਰਬ ਥੋਕ ਕੀ ਜਿਸਹਿ ਹਮਾਰੀ ਚਿੰਦ ॥੧॥ ਰਹਾਉ ॥ | Here and hereafter, he takes care of everything for me. \|\|1\|\|Pause\|\| |
| ਜਾ ਕੈ ਸਿਮਰਨਿ ਸਰਬ ਨਿਧਾਨਾ ਮਾਨੁ ਮਹਤੁ ਪਤਿ ਪੂਰੀ ॥ | Meditating on Him in remembrance, I have found all treasures, respect, greatness and perfect honor. |
| ਨਾਮੁ ਲੈਤ ਕੋਟਿ ਅਘ ਨਾਸੇ ਭਗਤ ਬਾਛਹਿ ਸਭਿ ਧੂਰੀ ॥੨॥ | Remembering His Name, millions of sins are erased; all His devotees long for the dust of His feet. \|\|2\|\| |
| ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ ॥ | If someone wishes for the fulfillment of all his hopes and desires, he should serve the one supreme treasure. |
| ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ ॥੩॥ | He is the Supreme Lord God, infinite Lord and Master; meditating on Him in remembrance, one is carried across. \|\|3\|\| |
| ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ ॥ | I have found total peace and tranquility in the Society of the Saints; my honor has been preserved. |
| ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ ॥੪॥੮॥ | To gather in the Lord's wealth, and to taste the food of the Lord's Name - Nanak has made this his feast. \|\|4\|\|8\|\| |

## ੬੭੩ — 673

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ ॥ | You have made it your habit to practice those deeds which will bring you shame. |
| ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜ੍ਹੀ ਬਿਪਰੀਤਿ ॥੧॥ | You slander the Saints, and you worship the faithless cynics; such are the corrupt ways you have adopted. \|\|1\|\| |
| ਮਾਇਆ ਮੋਹ ਭੂਲੋ ਅਵਰੈ ਹੀਤ ॥ | Deluded by your emotional attachment to Maya, you love other things, |

| | |
|---|---|
| ਹਰਿਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ ॥੧॥ ਰਹਾਉ ॥ | like the enchanted city of Hari-chandauree, or the green leaves of the forest - such is your way of life. \|\|1\|\|Pause\|\| |
| ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ ॥ | Its body may be anointed with sandalwood oil, but the donkey still loves to roll in the mud. |
| ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ ॥੨॥ | He is not fond of the Ambrosial Nectar; instead, he loves the poisonous drug of corruption. \|\|2\|\| |
| ਉਤਮ ਸੰਤ ਭਲੇ ਸੰਜੋਗੀ ਇਸੁ ਜੁਗ ਮਹਿ ਪਵਿਤ ਪੁਨੀਤ ॥ | The Saints are noble and sublime; they are blessed with good fortune. They alone are pure and holy in this world. |
| ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ ॥੩॥ | The jewel of this human life is passing away uselessly, lost in exchange for mere glass. \|\|3\|\| |
| ਜਨਮ ਜਨਮ ਕੇ ਕਿਲਵਿਖ ਦੁਖ ਭਾਗੇ ਗੁਰਿ ਗਿਆਨ ਅੰਜਨੁ ਨੇਤ੍ਰ ਦੀਤ ॥ | The sins and sorrows of uncounted incarnations run away, when the Guru applies the healing ointment of spiritual wisdom to the eyes. |
| ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ ॥੪॥੯॥ | In the Saadh Sangat, the Company of the Holy, I have escaped from these troubles; Nanak loves the One Lord. \|\|4\|\|9\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ ॥ | I carry the water, wave the fan, and grind the corn for the Saints; I sing the Glorious Praises of the Lord of the Universe. |
| ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮ ਨਿਧਿ ਪਾਈ ॥੧॥ | With each and every breath, my mind remembers the Naam, the Name of the Lord; in this way, it finds the treasure of peace. \|\|1\|\| |
| ਤੁਮ੍ ਕਰਹੁ ਦਇਆ ਮੇਰੇ ਸਾਈ ॥ | Have pity on me, O my Lord and Master. |
| ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ ॥੧॥ ਰਹਾਉ ॥ | Bless me with such understanding, O my Lord and Master, that I may forever and ever meditate on You. \|\|1\|\|Pause\|\| |
| ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ ॥ | By Your Grace, emotional attachment and egotism are eradicated, and doubt is dispelled. |
| ਅਨਦ ਰੂਪੁ ਰਵਿਓ ਸਭ ਮਧੇ ਜਤ ਕਤ ਪੇਖਉ ਜਾਈ ॥੨॥ | The Lord, the embodiment of bliss, is pervading and permeating in all; wherever I go, there I see Him. \|\|2\|\| |
| ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ ਪਤਿਤ ਪਾਵਨ ਗੋਸਾਈ ॥ | You are kind and compassionate, the treasure of mercy, the Purifier of sinners, Lord of the world. |

ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ ॥੩॥

I obtain millions of joys, comforts and kingdoms, if You inspire me to chant Your Name with my mouth, even for an instant. ||3||

ਜਾਪ ਤਾਪ ਭਗਤਿ ਸਾ ਪੂਰੀ ਜੋ ਪ੍ਰਭ ਕੈ ਮਨਿ ਭਾਈ ॥

That alone is perfect chanting, meditation, penance and devotional worship service, which is pleasing to God's Mind.

ਨਾਮੁ ਜਪਤ ਤ੍ਰਿਸਨਾ ਸਭ ਬੁਝੀ ਹੈ ਨਾਨਕ ਤ੍ਰਿਪਤਿ ਅਘਾਈ ॥੪॥੧੦॥

Chanting the Naam, all thirst and desire is satisfied; Nanak is satisfied and fulfilled. ||4||10||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ ॥

She controls the three qualities and the four directions of the world.

ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ ॥੧॥

She destroys sacrificial feasts, cleansing baths, penances and sacred places of pilgrimage; what is this poor person to do? ||1||

ਪ੍ਰਭ ਕੀ ਓਟ ਗਹੀ ਤਉ ਛੂਟੋ ॥

I grasped God's Support and Protection, and then I was emancipated.

ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥੧॥ ਰਹਾਉ ॥

By the Grace of the Holy Saints, I sang the Praises of the Lord, Har, Har, Har, and my sins and afflictions were taken away. ||1||Pause||

ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ ॥

She is not heard - she does not speak with a mouth; she is not seen enticing mortals.

ਐਸੀ ਠਗਉਰੀ ਪਾਇ ਭੁਲਾਵੈ ਮਨਿ ਸਭ ਕੈ ਲਾਗੈ ਮੀਠੀ ॥੨॥

She administers her intoxicating drug, and so confuses them; thus she seems sweet to everyone's mind. ||2||

ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ ॥

In each and every home, she has implanted the sense of duality in mother, father, children, friends and siblings.

ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ ॥੩॥

Some have more, and some have less; they fight and fight, to the death. ||3||

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ ॥

I am a sacrifice to my True Guru, who has shown me this wondrous play.

ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥੪॥

The world is being consumed by this hidden fire, but Maya does not cling to the Lord's devotees. ||4||

| | |
|---|---|
| ਸੰਤ ਪ੍ਰਸਾਦਿ ਮਹਾ ਸੁਖੁ ਪਾਇਆ ਸਗਲੇ ਬੰਧਨ ਕਾਟੇ ॥ | By the Grace of the Saints, I have obtained supreme bliss, and all my bonds have been broken. |
| ਹਰਿ ਹਰਿ ਨਾਮੁ ਨਾਨਕ ਧਨੁ ਪਾਇਆ ਅਪੁਨੈ ਘਰਿ ਲੈ ਆਇਆ ਖਾਟੇ ॥੫॥੧੧॥ | Nanak has obtained the wealth of the Name of the Lord, Har, Har; having earned his profits, he has now returned home. \|\|5\|\|11\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥ | You are the Giver, O Lord, O Cherisher, my Master, my Husband Lord. |
| **੬੭੪** | 674 |
| ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥ | Each and every moment, You cherish and nurture me; I am Your child, and I rely upon You alone. \|\|1\|\| |
| ਜਿਹਵਾ ਏਕ ਕਵਨ ਗੁਨ ਕਹੀਐ ॥ | I have only one tongue - which of Your Glorious Virtues can I describe? |
| ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥ | Unlimited, infinite Lord and Master - no one knows Your limits. \|\|1\|\|Pause\|\| |
| ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥ | You destroy millions of my sins, and teach me in so many ways. |
| ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥ | I am so ignorant - I understand nothing at all. Please honor Your innate nature, and save me! \|\|2\|\| |
| ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥ | I seek Your Sanctuary - You are my only hope. You are my companion, and my best friend. |
| ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥੧੨॥ | Save me, O Merciful Savior Lord; Nanak is the slave of Your home. \|\|3\|\|12\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ ॥ | Worship, fasting, ceremonial marks on one's forehead, cleansing baths, generous donations to charities and self-mortification |
| ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ ॥੧॥ | - the Lord Master is not pleased with any of these rituals, no matter how sweetly one may speak. \|\|1\|\| |

ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ ॥

Chanting the Name of God, the mind is soothed and pacified.

ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ ॥੧॥ ਰਹਾਉ ॥

Everyone searches for Him in different ways, but the search is so difficult, and He cannot be found. ||1||Pause||

ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ ॥

Chanting, deep meditation and penance, wandering over the face of the earth, the performance of austerities with the arms stretched up to the sky

ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ ॥੨॥

- the Lord is not pleased by any of these means, though one may follow the path of Yogis and Jains. ||2||

ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ ॥

The Ambrosial Naam, the Name of the Lord, and the Praises of the Lord are priceless; he alone obtains them, whom the Lord blesses with His Mercy.

ਸਾਧਸੰਗਿ ਰੰਗਿ ਪ੍ਰਭ ਭੇਟੇ ਨਾਨਕ ਸੁਖਿ ਜਨ ਰੈਨ ॥੩॥੧੩॥

Joining the Saadh Sangat, the Company of the Holy, Nanak lives in the Love of God; his life-night passes in peace. ||3||13||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥

Is there anyone who can release me from my bondage, unite me with God, recite the Name of the Lord, Har, Har,

ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥

and make this mind steady and stable, so that it no longer wanders around? ||1||

ਹੈ ਕੋਊ ਐਸੋ ਹਮਰਾ ਮੀਤੁ ॥

Do I have any such friend?

ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥

I would give him all my property, my soul and my heart; I would devote my consciousness to him. ||1||Pause||

ਪਰ ਧਨ ਪਰ ਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ ॥

Others' wealth, others' bodies, and the slander of others - do not attach your love to them.

ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥੨॥

Associate with the Saints, speak with the Saints, and keep your mind awake to the Kirtan of the Lord's Praises. ||2||

ਗੁਣ ਨਿਧਾਨ ਦਇਆਲ ਪੁਰਖ ਪ੍ਰਭ ਸਰਬ ਸੂਖ ਦਇਆਲਾ ॥

God is the treasure of virtue, kind and compassionate, the source of all comfort.

ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ ॥੩॥੧੪॥

Nanak begs for the gift of Your Name; O Lord of the world, love him, like the mother loves her child. ||3||14||

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਹਰਿ ਹਰਿ ਲੀਨੇ ਸੰਤ ਉਬਾਰਿ ॥ | The Lord saves His Saints. |
| ਹਰਿ ਕੇ ਦਾਸ ਕੀ ਚਿਤਵੈ ਬੁਰਿਆਈ ਤਿਸ ਹੀ ਕਉ ਫਿਰਿ ਮਾਰਿ ॥੧॥ ਰਹਾਉ ॥ | One who wishes misfortune upon the Lord's slaves, shall be destroyed by the Lord eventually. \|\|1\|\|Pause\|\| |
| ਜਨ ਕਾ ਆਪਿ ਸਹਾਈ ਹੋਆ ਨਿੰਦਕ ਭਾਗੇ ਹਾਰਿ ॥ | He Himself is the help and support of His humble servants; He defeats the slanderers, and chases them away. |
| ਭ੍ਰਮਤ ਭ੍ਰਮਤ ਊਹਾਂ ਹੀ ਮੂਏ ਬਾਹੁੜਿ ਗ੍ਰਿਹਿ ਨ ਮੰਝਾਰਿ ॥੧॥ | Wandering around aimlessly, they die out there; they never return to their homes again. \|\|1\|\| |
| ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ ਸਦਾ ਅਪਾਰਿ ॥ | Nanak seeks the Sanctuary of the Destroyer of pain; he sings the Glorious Praises of the infinite Lord forever. |
| ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥੨॥੧੫॥ | The faces of the slanderers are blackened in the courts of this world, and the world beyond. \|\|2\|\|15\|\| |
| ਧਨਾਸਿਰੀ ਮਹਲਾ ੫ ॥ | Dhanaasaree, Fifth Mehl: |
| ਅਬ ਹਰਿ ਰਾਖਨਹਾਰੁ ਚਿਤਾਰਿਆ ॥ | Now, I contemplate and meditate on the Lord, the Savior Lord. |
| ਪਤਿਤ ਪੁਨੀਤ ਕੀਏ ਖਿਨ ਭੀਤਰਿ ਸਗਲਾ ਰੋਗੁ ਬਿਦਾਰਿਆ ॥੧॥ ਰਹਾਉ ॥ | He purifies sinners in an instant, and cures all diseases. \|\|1\|\|Pause\|\| |
| ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ ॥ | Talking with the Holy Saints, my sexual desire, anger and greed have been eradicated. |
| ਸਿਮਰਿ ਸਿਮਰਿ ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥੧॥ | Remembering, remembering the Perfect Lord in meditation, I have saved all my companions. \|\|1\|\| |
| ੬੭੫ | 675 |
| ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ ॥ | The Mul Mantra, the Root Mantra, is the only cure for the mind; I have installed faith in God in my mind. |
| ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ ॥੨॥੧੬॥ | Nanak ever longs for the dust of the Lord's feet; again and again, he is a sacrifice to the Lord. \|\|2\|\|16\|\| |

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਮੇਰਾ ਲਾਗੋ ਰਾਮ ਸਿਉ ਹੇਤੁ ॥ | I have fallen in love with the Lord. |
| ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ ॥੧॥ ਰਹਾਉ ॥ | My True Guru is always my help and support; He has torn down the banner of pain. ‖1‖Pause‖ |
| ਹਾਥ ਦੇਇ ਰਾਖਿਓ ਅਪੁਨਾ ਕਰਿ ਬਿਰਥਾ ਸਗਲ ਮਿਟਾਈ ॥ | Giving me His hand, He has protected me as His own, and removed all my troubles. |
| ਨਿੰਦਕ ਕੇ ਮੁਖ ਕਾਲੇ ਕੀਨੇ ਜਨ ਕਾ ਆਪਿ ਸਹਾਈ ॥੧॥ | He has blackened the faces of the slanderers, and He Himself has become the help and support of His humble servant. ‖1‖ |
| ਸਾਚਾ ਸਾਹਿਬੁ ਹੋਆ ਰਖਵਾਲਾ ਰਾਖਿ ਲੀਏ ਕੰਠਿ ਲਾਇ ॥ | The True Lord and Master has become my Savior; hugging me close in His embrace, He has saved me. |
| ਨਿਰਭਉ ਭਏ ਸਦਾ ਸੁਖ ਮਾਣੇ ਨਾਨਕ ਹਰਿ ਗੁਣ ਗਾਇ ॥੨॥੧੭॥ | Nanak has become fearless, and he enjoys eternal peace, singing the Glorious Praises of the Lord. ‖2‖17‖ |
| ਧਨਾਸਿਰੀ ਮਹਲਾ ੫ ॥ | Dhanaasaree, Fifth Mehl: |
| ਅਉਖਧੁ ਤੇਰੋ ਨਾਮੁ ਦਇਆਲ ॥ | Your Name is the medicine, O Merciful Lord. |
| ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ ਤੂੰ ਆਪਿ ਕਰਹਿ ਪ੍ਰਤਿਪਾਲ ॥੧॥ ਰਹਾਉ ॥ | I am so miserable, I do not know Your state; You Yourself cherish me, Lord. ‖1‖Pause‖ |
| ਧਾਰਿ ਅਨੁਗ੍ਰਹੁ ਸੁਆਮੀ ਮੇਰੇ ਦੁਤੀਆ ਭਾਉ ਨਿਵਾਰਿ ॥ | Take pity on me, O my Lord and Master, and remove the love of duality from within me. |
| ਬੰਧਨ ਕਾਟਿ ਲੇਹੁ ਅਪੁਨੇ ਕਰਿ ਕਬਹੂ ਨ ਆਵਹ ਹਾਰਿ ॥੧॥ | Break my bonds, and take me as Your own, so that I may never come to lose. ‖1‖ |
| ਤੇਰੀ ਸਰਨਿ ਪਇਆ ਹਉ ਜੀਵਾਂ ਤੂੰ ਸੰਮ੍ਰਥੁ ਪੁਰਖੁ ਮਿਹਰਵਾਨੁ ॥ | Seeking Your Sanctuary, I live, almighty and merciful Lord and Master. |
| ਆਠ ਪਹਰ ਪ੍ਰਭ ਕਉ ਆਰਾਧੀ ਨਾਨਕ ਸਦ ਕੁਰਬਾਨੁ ॥੨॥੧੮॥ | Twenty-four hours a day, I worship God; Nanak is forever a sacrifice to Him. ‖2‖18‖ |
| ਰਾਗੁ ਧਨਾਸਰੀ ਮਹਲਾ ੫ | Raag Dhanaasaree, Fifth Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਹਾ ਹਾ ਪ੍ਰਭ ਰਾਖਿ ਲੇਹੁ ॥ | O God, please save me! |

| | |
|---|---|
| ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ ॥ | By myself, I cannot do anything, O my Lord and Master; by Your Grace, please bless me with Your Name. \|\|1\|\|Pause\|\| |
| ਅਗਨਿ ਕੁਟੰਬ ਸਾਗਰ ਸੰਸਾਰ ॥ | Family and worldly affairs are an ocean of fire. |
| ਭਰਮ ਮੋਹ ਅਗਿਆਨ ਅੰਧਾਰ ॥੧॥ | Through doubt, emotional attachment and ignorance, we are enveloped in darkness. \|\|1\|\| |
| ਊਚ ਨੀਚ ਸੂਖ ਦੂਖ ॥ | High and low, pleasure and pain. |
| ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥ | Hunger and thirst are not satisfied. \|\|2\|\| |
| ਮਨਿ ਬਾਸਨਾ ਰਚਿ ਬਿਖੈ ਬਿਆਧਿ ॥ | The mind is engrossed in passion, and the disease of corruption. |
| ਪੰਚ ਦੂਤ ਸੰਗਿ ਮਹਾ ਅਸਾਧ ॥੩॥ | The five thieves, the companions, are totally incorrigible. \|\|3\|\| |
| ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥ | The beings and souls and wealth of the world are all Yours. |
| ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥ | O Nanak, know that the Lord is always near at hand. \|\|4\|\|1\|\|19\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਦੀਨ ਦਰਦ ਨਿਵਾਰਿ ਠਾਕੁਰ ਰਾਖੈ ਜਨ ਕੀ ਆਪਿ ॥ | The Lord and Master destroys the pain of the poor; He preserves and protects the honor of His servants. |
| ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ ॥੧॥ | The Lord is the ship to carry us across; He is the treasure of virtue - pain cannot touch Him. \|\|1\|\| |
| ਸਾਧੂ ਸੰਗਿ ਭਜਹੁ ਗੁਪਾਲ ॥ | In the Saadh Sangat, the Company of the Holy, meditate, vibrate upon the Lord of the world. |
| ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ ॥ ਰਹਾਉ ॥ | I cannot think of any other way; make this effort, and make it in this Dark Age of Kali Yuga. \|\|Pause\|\| |
| ਆਦਿ ਅੰਤਿ ਦਇਆਲ ਪੂਰਨ ਤਿਸੁ ਬਿਨਾ ਨਹੀ ਕੋਇ ॥ | In the beginning, and in the end, there is none other than the perfect, merciful Lord. |
| ਜਨਮ ਮਰਣ ਨਿਵਾਰਿ ਹਰਿ ਜਪਿ ਸਿਮਰਿ ਸੁਆਮੀ ਸੋਇ ॥੨॥ | The cycle of birth and death is ended, chanting the Lord's Name, and remembering the Lord Master in meditation. \|\|2\|\| |

| | |
|---|---|
| ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥ | The Vedas, the Simritees, the Shaastras and the Lord's devotees contemplate Him; |
| ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥੩॥ | liberation is attained in the Saadh Sangat, the Company of the Holy, and the darkness of ignorance is dispelled. \|\|3\|\| |
| ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥ | The lotus feet of the Lord are the support of His humble servants. They are his only capital and investment. |
| **੬੭੬** | 676 |
| ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥੨੦॥ | The True Lord is Nanak's strength, honor and support; He alone is his protection. \|\|4\|\|2\|\|20\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਫਿਰਤ ਫਿਰਤ ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ | Wandering and roaming around, I met the Holy Perfect Guru, who has taught me. |
| ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ ॥੧॥ | All other devices did not work, so I meditate on the Name of the Lord, Har, Har. \|\|1\|\| |
| ਤਾ ਤੇ ਮੋਹਿ ਧਾਰੀ ਓਟ ਗੋਪਾਲ ॥ | For this reason, I sought the Protection and Support of my Lord, the Cherisher of the Universe. |
| ਸਰਨਿ ਪਰਿਓ ਪੂਰਨ ਪਰਮੇਸੁਰ ਬਿਨਸੇ ਸਗਲ ਜੰਜਾਲ ॥ ਰਹਾਉ ॥ | I sought the Sanctuary of the Perfect Transcendent Lord, and all my entanglements were dissolved. \|\|Pause\|\| |
| ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ ॥ | Paradise, the earth, the nether regions of the underworld, and the globe of the world - all are engrossed in Maya. |
| ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ ॥੨॥ | To save your soul, and liberate all your ancestors, meditate on the Name of the Lord, Har, Har. \|\|2\|\| |
| ਨਾਨਕ ਨਾਮੁ ਨਿਰੰਜਨੁ ਗਾਈਐ ਪਾਈਐ ਸਰਬ ਨਿਧਾਨਾ ॥ | O Nanak, singing the Naam, the Name of the Immaculate Lord, all treasures are obtained. |
| ਕਰਿ ਕਿਰਪਾ ਜਿਸੁ ਦੇਇ ਸੁਆਮੀ ਬਿਰਲੇ ਕਾਹੂ ਜਾਨਾ ॥੩॥੩॥੨੧॥ | Only that rare person, whom the Lord and Master blesses with His Grace, comes to know this. \|\|3\|\|3\|\|21\|\| |

| | |
|---|---|
| ਧਨਾਸਰੀ ਮਹਲਾ ੫ ਘਰੁ ੨ ਚਉਪਦੇ | Dhanaasaree, Fifth Mehl, Second House, Chau-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਛੋਡਿ ਜਾਹਿ ਸੇ ਕਰਹਿ ਪਰਾਲ ॥ | You shall have to abandon the straw which you have collected. |
| ਕਾਮਿ ਨ ਆਵਹਿ ਸੇ ਜੰਜਾਲ ॥ | These entanglements shall be of no use to you. |
| ਸੰਗਿ ਨ ਚਾਲਹਿ ਤਿਨ ਸਿਉ ਹੀਤ ॥ | You are in love with those things that will not go with you. |
| ਜੋ ਬੈਰਾਈ ਸੇਈ ਮੀਤ ॥੧॥ | You think that your enemies are friends. \|\|1\|\| |
| ਐਸੇ ਭਰਮਿ ਭੁਲੇ ਸੰਸਾਰਾ ॥ | In such confusion, the world has gone astray. |
| ਜਨਮੁ ਪਦਾਰਥੁ ਖੋਇ ਗਵਾਰਾ ॥ ਰਹਾਉ ॥ | The foolish mortal wastes this precious human life. \|\|Pause\|\| |
| ਸਾਚੁ ਧਰਮੁ ਨਹੀ ਭਾਵੈ ਡੀਠਾ ॥ | He does not like to see Truth and righteousness. |
| ਝੂਠ ਧੋਹ ਸਿਉ ਰਚਿਓ ਮੀਠਾ ॥ | He is attached to falsehood and deception; they seem sweet to him. |
| ਦਾਤਿ ਪਿਆਰੀ ਵਿਸਰਿਆ ਦਾਤਾਰਾ ॥ | He loves gifts, but he forgets the Giver. |
| ਜਾਣੈ ਨਾਹੀ ਮਰਣੁ ਵਿਚਾਰਾ ॥੨॥ | The wretched creature does not even think of death. \|\|2\|\| |
| ਵਸਤੁ ਪਰਾਈ ਕਉ ਉਠਿ ਰੋਵੈ ॥ | He cries for the possessions of others. |
| ਕਰਮ ਧਰਮ ਸਗਲਾ ਈ ਖੋਵੈ ॥ | He forfeits all the merits of his good deeds and religion. |
| ਹੁਕਮੁ ਨ ਬੂਝੈ ਆਵਣ ਜਾਣੇ ॥ | He does not understand the Hukam of the Lord's Command, and so he continues coming and going in reincarnation. |
| ਪਾਪ ਕਰੈ ਤਾ ਪਛੋਤਾਣੇ ॥੩॥ | He sins, and then regrets and repents. \|\|3\|\| |
| ਜੋ ਤੁਧੁ ਭਾਵੈ ਸੋ ਪਰਵਾਣੁ ॥ | Whatever pleases You, Lord, that alone is acceptable. |
| ਤੇਰੇ ਭਾਣੇ ਨੋ ਕੁਰਬਾਣੁ ॥ | I am a sacrifice to Your Will. |
| ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥ | Poor Nanak is Your slave, Your humble servant. |
| ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥੪॥੧॥੨੨॥ | Save me, O my Lord God Master! \|\|4\|\|1\|\|22\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਮੋਹਿ ਮਸਕੀਨ ਪ੍ਰਭੁ ਨਾਮੁ ਅਧਾਰੁ ॥ | I am meek and poor; the Name of God is my only Support. |
| ਖਾਟਣ ਕਉ ਹਰਿ ਹਰਿ ਰੋਜਗਾਰੁ ॥ | The Name of the Lord, Har, Har, is my occupation and earnings. |

| | |
|---|---|
| ਸੰਚਣ ਕਉ ਹਰਿ ਏਕੋ ਨਾਮੁ ॥ | I gather only the Lord's Name. |
| ਹਲਤਿ ਪਲਤਿ ਤਾ ਕੈ ਆਵੈ ਕਾਮ ॥੧॥ | It is useful in both this world and the next. \|\|1\|\| |
| ਨਾਮਿ ਰਤੇ ਪ੍ਰਭ ਰੰਗਿ ਅਪਾਰ ॥ | Imbued with the Love of the Lord God's Infinite Name, |
| ਸਾਧ ਗਾਵਹਿ ਗੁਣ ਏਕ ਨਿਰੰਕਾਰ ॥ ਰਹਾਉ ॥ | the Holy Saints sing the Glorious Praises of the One Lord, the Formless Lord. \|\|Pause\|\| |
| ਸਾਧ ਕੀ ਸੋਭਾ ਅਤਿ ਮਸਕੀਨੀ ॥ | The Glory of the Holy Saints comes from their total humility. |
| ਸੰਤ ਵਡਾਈ ਹਰਿ ਜਸੁ ਚੀਨੀ ॥ | The Saints realize that their greatness rests in the Praises of the Lord. |
| ਅਨਦੁ ਸੰਤਨ ਕੈ ਭਗਤਿ ਗੋਵਿੰਦ ॥ | Meditating on the Lord of the Universe, the Saints are in bliss. |
| ਸੂਖੁ ਸੰਤਨ ਕੈ ਬਿਨਸੀ ਚਿੰਦ ॥੨॥ | The Saints find peace, and their anxieties are dispelled. \|\|2\|\| |
| ਜਹ ਸਾਧ ਸੰਤਨ ਹੋਵਹਿ ਇਕਤ੍ਰ ॥ | Wherever the Holy Saints gather, |
| ਤਹ ਹਰਿ ਜਸੁ ਗਾਵਹਿ ਨਾਦ ਕਵਿਤ ॥ | there they sing the Praises of the Lord, in music and poetry. |
| ਸਾਧ ਸਭਾ ਮਹਿ ਅਨਦ ਬਿਸ੍ਰਾਮ ॥ | In the Society of the Saints, there is bliss and peace. |
| ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ ॥੩॥ | They alone obtain this Society, upon whose foreheads such destiny is written. \|\|3\|\| |
| ਦੁਇ ਕਰ ਜੋੜਿ ਕਰੀ ਅਰਦਾਸਿ ॥ | With my palms pressed together, I offer my prayer. |
| ਚਰਨ ਪਖਾਰਿ ਕਹਾਂ ਗੁਣਤਾਸ ॥ | I wash their feet, and chant the Praises of the Lord, the treasure of virtue. |
| ਪ੍ਰਭ ਦਇਆਲ ਕਿਰਪਾਲ ਹਜੂਰਿ ॥ | O God, merciful and compassionate, let me remain in Your Presence. |
| ਨਾਨਕੁ ਜੀਵੈ ਸੰਤਾ ਧੂਰਿ ॥੪॥੨॥੨੩॥ | Nanak lives, in the dust of the Saints. \|\|4\|\|2\|\|23\|\| |

## ੬੭੭ — 677

| | |
|---|---|
| ਧਨਾਸਰੀ ਮਃ ੫ ॥ | Dhanaasaree, Fifth Mehl: |
| ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ | One who contemplates his Lord and Master - why should he be afraid? |
| ਡਰਿ ਡਰਿ ਪਚੇ ਮਨਮੁਖ ਵੇਚਾਰੇ ॥੧॥ ਰਹਾਉ ॥ | The wretched self-willed manmukhs are ruined through fear and dread. \|\|1\|\|Pause\|\| |

| | |
|---|---|
| ਸਿਰ ਊਪਰਿ ਮਾਤ ਪਿਤਾ ਗੁਰਦੇਵ ॥ | The Divine Guru, my mother and father, is over my head. |
| ਸਫਲ ਮੂਰਤਿ ਜਾ ਕੀ ਨਿਰਮਲ ਸੇਵ ॥ | His image brings prosperity; serving Him, we become pure. |
| ਏਕੁ ਨਿਰੰਜਨੁ ਜਾ ਕੀ ਰਾਸਿ ॥ | The One Lord, the Immaculate Lord, is our capital. |
| ਮਿਲਿ ਸਾਧਸੰਗਤਿ ਹੋਵਤ ਪਰਗਾਸ ॥੧॥ | Joining the Saadh Sangat, the Company of the Holy, we are illumined and enlightened. \|\|1\|\| |
| ਜੀਅਨ ਕਾ ਦਾਤਾ ਪੂਰਨ ਸਭ ਠਾਇ ॥ | The Giver of all beings is totally pervading everywhere. |
| ਕੋਟਿ ਕਲੇਸ ਮਿਟਹਿ ਹਰਿ ਨਾਇ ॥ | Millions of pains are removed by the Lord's Name. |
| ਜਨਮ ਮਰਨ ਸਗਲਾ ਦੁਖੁ ਨਾਸੈ ॥ | All the pains of birth and death are taken away |
| ਗੁਰਮੁਖਿ ਜਾ ਕੈ ਮਨਿ ਤਨਿ ਬਾਸੈ ॥੨॥ | from the Gurmukh, within whose mind and body the Lord dwells. \|\|2\|\| |
| ਜਿਸ ਨੋ ਆਪਿ ਲਏ ਲੜਿ ਲਾਇ ॥ | He alone, whom the Lord has attached to the hem of His robe, |
| ਦਰਗਹ ਮਿਲੈ ਤਿਸੈ ਹੀ ਜਾਇ ॥ | obtains a place in the Court of the Lord. |
| ਸੇਈ ਭਗਤ ਜਿ ਸਾਚੇ ਭਾਣੇ ॥ | They alone are devotees, who are pleasing to the True Lord. |
| ਜਮਕਾਲ ਤੇ ਭਏ ਨਿਕਾਣੇ ॥੩॥ | They are freed from the Messenger of Death. \|\|3\|\| |
| ਸਾਚਾ ਸਾਹਿਬੁ ਸਚੁ ਦਰਬਾਰੁ ॥ | True is the Lord, and True is His Court. |
| ਕੀਮਤਿ ਕਉਣੁ ਕਹੈ ਬੀਚਾਰੁ ॥ | Who can contemplate and describe His value? |
| ਘਟਿ ਘਟਿ ਅੰਤਰਿ ਸਗਲ ਅਧਾਰੁ ॥ | He is within each and every heart, the Support of all. |
| ਨਾਨਕੁ ਜਾਚੈ ਸੰਤ ਰੇਣਾਰੁ ॥੪॥੩॥੨੪॥ | Nanak begs for the dust of the Saints. \|\|4\|\|3\|\|24\|\| |
| ਧਨਾਸਰੀ ਮਹਲਾ ੫ | Dhanaasaree, Fifth Mehl: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਘਰਿ ਬਾਹਰਿ ਤੇਰਾ ਭਰਵਾਸਾ ਤੂ ਜਨ ਕੈ ਹੈ ਸੰਗਿ ॥ | At home, and outside, I place my trust in You; You are always with Your humble servant. |
| ਕਰਿ ਕਿਰਪਾ ਪ੍ਰੀਤਮ ਪ੍ਰਭ ਅਪੁਨੇ ਨਾਮੁ ਜਪਉ ਹਰਿ ਰੰਗਿ ॥੧॥ | Bestow Your Mercy, O my Beloved God, that I may chant the Lord's Name with love. \|\|1\|\| |
| ਜਨ ਕਉ ਪ੍ਰਭ ਅਪਨੇ ਕਾ ਤਾਣੁ ॥ | God is the strength of His humble servants. |

| | |
|---|---|
| ਜੋ ਤੂ ਕਰਹਿ ਕਰਾਵਹਿ ਸੁਆਮੀ ਸਾ ਮਸਲਤਿ ਪਰਵਾਣੁ ॥ ਰਹਾਉ ॥ | Whatever You do, or cause to be done, O Lord and Master, that outcome is acceptable to me. \|\|Pause\|\| |
| ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ ॥ | The Transcendent Lord is my honor; the Lord is my emancipation; the glorious sermon of the Lord is my wealth. |
| ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ ॥੨॥੧॥੨੫॥ | Slave Nanak seeks the Sanctuary of the Lord's feet; from the Saints, he has learned this way of life. \|\|2\|\|1\|\|25\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਸਗਲ ਮਨੋਰਥ ਪ੍ਰਭ ਤੇ ਪਾਏ ਕੰਠਿ ਲਾਇ ਗੁਰਿ ਰਾਖੇ ॥ | God has fulfilled all my desires. Holding me close in His embrace, the Guru has saved me. |
| ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ ॥੧॥ | He has saved me from burning in the ocean of fire, and now, no one calls it impassible. \|\|1\|\| |
| ਜਿਨ ਕੈ ਮਨਿ ਸਾਚਾ ਬਿਸ੍ਵਾਸੁ ॥ | Those who have true faith in their minds, |
| ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ ॥ ਰਹਾਉ ॥ | continually behold the Glory of the Lord; they are forever happy and blissful. \|\|Pause\|\| |
| ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ ॥ | I seek the Sanctuary of the feet of the Perfect Transcendent Lord, the Searcher of hearts; I behold Him ever-present. |
| ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ ॥੨॥੨॥੨੬॥ | In His wisdom, the Lord has made Nanak His own; He has preserved the roots of His devotees. \|\|2\|\|2\|\|26\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥ | Wherever I look, there I see Him present; He is never far away. |
| ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥੧॥ | He is all-pervading, everywhere; O my mind, meditate on Him forever. \|\|1\|\| |
| ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ | He alone is called your companion, who will not be separated from you, here or hereafter. |
| ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥ | That pleasure, which passes away in an instant, is trivial. \|\|Pause\|\| |

ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥

He cherishes us, and gives us sustenance; He does not lack anything.

ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥੨॥

With each and every breath, my God takes care of His creatures. ||2||

ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥

God is undeceivable, impenetrable and infinite; His form is lofty and exalted.

ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥੩॥

Chanting and meditating on the embodiment of wonder and beauty, His humble servants are in bliss. ||3||

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥

Bless me with such understanding, O Merciful Lord God, that I might remember You.

## ੬੭੮

## 678

ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥੪॥੩॥੨੭॥

Nanak begs God for the gift of the dust of the feet of the Saints. ||4||3||27||

### ਧਨਾਸਰੀ ਮਹਲਾ ੫ ॥

### Dhanaasaree, Fifth Mehl:

ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ ॥

The One who sent you, has now recalled you; return to your home now in peace and pleasure.

ਅਨਦ ਮੰਗਲ ਗੁਨ ਗਾਉ ਸਹਜ ਧੁਨਿ ਨਿਹਚਲ ਰਾਜੁ ਕਮਾਉ ॥੧॥

In bliss and ecstasy, sing His Glorious Praises; by this celestial tune, you shall acquire your everlasting kingdom. ||1||

ਤੁਮ ਘਰਿ ਆਵਹੁ ਮੇਰੇ ਮੀਤ ॥

Come back to your home, O my friend.

ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ ॥ ਰਹਾਉ ॥

The Lord Himself has eliminated your enemies, and your misfortunes are past. ||Pause||

ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ ॥

God, the Creator Lord, has glorified you, and your running and rushing around has ended.

ਘਰਿ ਮੰਗਲ ਵਾਜਹਿ ਨਿਤ ਵਾਜੇ ਅਪੁਨੈ ਖਸਮਿ ਨਿਵਾਜੇ ॥੨॥

In your home, there is rejoicing; the musical instruments continually play, and your Husband Lord has exalted you. ||2||

ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ ॥

Remain firm and steady, and do not ever waver; take the Guru’s Word as your Support.

| | |
|---|---|
| ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ ॥੩॥ | You shall be applauded and congratulated all over the world, and your face shall be radiant in the Court of the Lord. \|\|3\|\| |
| ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ ॥ | All beings belong to Him; He Himself transforms them, and He Himself becomes their help and support. |
| ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ ॥੪॥੪॥੨੮॥ | The Creator Lord has worked a wondrous miracle; O Nanak, His glorious greatness is true. \|\|4\|\|4\|\|28\|\| |
| ਧਨਾਸਰੀ ਮਹਲਾ ੫ ਘਰੁ ੬ | Dhanaasaree, Fifth Mehl, Sixth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ ॥ | Listen, O Dear Beloved Saints, to my prayer. |
| ਹਰਿ ਬਿਨੁ ਮੁਕਤਿ ਨ ਕਾਹੂ ਜੀਉ ॥ ਰਹਾਉ ॥ | Without the Lord, no one is liberated. \|\|Pause\|\| |
| ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥ | O mind, do only deeds of purity; the Lord is the only boat to carry you across. Other entanglements shall be of no use to you. |
| ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ ॥੧॥ | True living is serving the Divine, Supreme Lord God; the Guru has imparted this teaching to me. \|\|1\|\| |
| ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ ॥ | Do not fall in love with trivial things; in the end, they shall not go along with you. |
| ਮਨਿ ਤਨਿ ਤੂ ਆਰਾਧ ਹਰਿ ਕੇ ਪ੍ਰੀਤਮ ਸਾਧ ਜਾ ਕੈ ਸੰਗਿ ਤੇਰੇ ਬੰਧਨ ਛੂਟੈ ॥੨॥ | Worship and adore the Lord with your mind and body, O Beloved Saint of the Lord; in the Saadh Sangat, the Company of the Holy, you shall be released from bondage. \|\|2\|\| |
| ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ ਅਵਰ ਆਸ ਕਛੁ ਪਟਲੁ ਨ ਕੀਜੈ ॥ | In your heart, hold fast to the Sanctuary of the lotus feet of the Supreme Lord God; do not place your hopes in any other support. |
| ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ ਨਾਨਕ ਜਾ ਕਉ ਕਿਰਪਾ ਕੀਜੈ ॥੩॥੧॥੨੯॥ | He alone is a devotee, spiritually wise, a meditator, and a penitent, O Nanak, who is blessed by the Lord's Mercy. \|\|3\|\|1\|\|29\|\| |

ਧਨਾਸਰੀ ਮਹਲਾ ੫ ॥

Dhanaasaree, Fifth Mehl:

ਮੇਰੇ ਲਾਲ ਭਲੋ ਰੇ ਭਲੋ ਰੇ ਭਲੋ ਹਰਿ ਮੰਗਨਾ ॥

O my dear beloved, it is good, it is better, it is best, to ask for the Lord's Name.

ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ ॥ ਰਹਾਉ ॥

Behold, with your eyes wide-open, and listen to the Words of the Holy Saints; enshrine in your consciousness the Lord of Life - remember that all must die. ||Pause||

ਚੰਦਨ ਚੋਆ ਰਸ ਭੋਗ ਕਰਤ ਅਨੇਕੈ ਬਿਖਿਆ ਬਿਕਾਰ ਦੇਖੁ ਸਗਲ ਹੈ ਫੀਕੇ ਏਕੈ ਗੋਬਿਦ ਕੋ ਨਾਮੁ ਨੀਕੋ ਕਹਤ ਹੈ ਸਾਧ ਜਨ ॥

The application of sandalwood oil, the enjoyment of pleasures and the practice of many corrupt sins - look upon all of these as insipid and worthless. The Name of the Lord of the Universe alone is sublime; so say the Holy Saints.

ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ ॥੧॥

You claim that your body and wealth are your own; you do not chant the Lord's Name even for an instant. Look and see, that none of your possessions or riches shall go along with you. ||1||

ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ ॥

One who has good karma, grasps the Protection of the hem of the Saint's robe; in the Saadh Sangat, the Company of the Holy, the Messenger of Death cannot threaten him.

ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ ਏਕੈ ਨਿਰੰਕਾਰ ਨਾਨਕ ਮਨੁ ਲਗਨਾ ॥੨॥੨॥੩੦॥

I have obtained the supreme treasure, and my egotism has been eradicated; Nanak's mind is attached to the One Formless Lord. ||2||2||30||

## ੬੭੯

## 679

ਧਨਾਸਰੀ ਮਹਲਾ ੫ ਘਰੁ ੭

ੴ ਸਤਿਗੁਰ ਪ੍ਰਸਾਦਿ ॥

Dhanaasaree, Fifth Mehl, Seventh House:

One Universal Creator God.
By The Grace Of The True Guru:

ਹਰਿ ਏਕੁ ਸਿਮਰਿ ਏਕੁ ਸਿਮਰਿ ਏਕੁ ਸਿਮਰਿ ਪਿਆਰੇ ॥

Meditate in remembrance on the One Lord; meditate in remembrance on the One Lord; meditate in remembrance on the One Lord, O my Beloved.

ਕਲਿ ਕਲੇਸ ਲੋਭ ਮੋਹ ਮਹਾ ਭਉਜਲੁ ਤਾਰੇ ॥ ਰਹਾਉ ॥

He shall save you from strife, suffering, greed, attachment, and the most terrifying world-ocean. ||Pause||

ਸਾਸਿ ਸਾਸਿ ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ ॥

With each and every breath, each and every instant, day and night, dwell upon Him.

ਸਾਧਸੰਗ ਜਪਿ ਨਿਸੰਗ ਮਨਿ ਨਿਧਾਨੁ ਧਾਰੇ ॥੧॥

In the Saadh Sangat, the Company of the Holy, meditate on Him fearlessly, and enshrine the treasure of His Name in your mind. ||1||

ਚਰਨ ਕਮਲ ਨਮਸਕਾਰ ਗੁਨ ਗੋਬਿਦ ਬੀਚਾਰੇ ॥
Worship His lotus feet, and contemplate the glorious virtues of the Lord of the Universe.

ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ ॥੨॥੧॥੩੧॥
O Nanak, the dust of the feet of the Holy shall bless you with pleasure and peace. ||2||1||31||

ਧਨਾਸਰੀ ਮਹਲਾ ੫ ਘਰੁ ੮ ਦੁਪਦੇ
Dhanaasaree, Fifth Mehl, Eighth House, Du-Padas:

ੴ ਸਤਿਗੁਰ ਪ੍ਰਸਾਦਿ ॥
One Universal Creator God. By The Grace Of The True Guru:

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥
Remembering, remembering, remembering Him in meditation, I find peace; with each and every breath, I dwell upon Him.

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥
In this world, and in the world beyond, He is with me, as my help and support; wherever I go, He protects me. ||1||

ਗੁਰ ਕਾ ਬਚਨੁ ਬਸੈ ਜੀਅ ਨਾਲੇ ॥
The Guru's Word abides with my soul.

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥
It does not sink in water; thieves cannot steal it, and fire cannot burn it. ||1||Pause||

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥
It is like wealth to the poor, a cane for the blind, and mother's milk for the infant.

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥
In the ocean of the world, I have found the boat of the Lord; the Merciful Lord has bestowed His Mercy upon Nanak. ||2||1||32||

ਧਨਾਸਰੀ ਮਹਲਾ ੫ ॥
Dhanaasaree, Fifth Mehl:

ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ ॥
The Lord of the Universe has become kind and merciful; His Ambrosial Nectar permeates my heart.

ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥੧॥
The nine treasures, riches and the miraculous spiritual powers of the Siddhas cling to the feet of the Lord's humble servant. ||1||

ਸੰਤਨ ਕਉ ਅਨਦੁ ਸਗਲ ਹੀ ਜਾਈ ॥
The Saints are in ecstasy everywhere.

ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਵਿ ਰਹਿਆ ਸ੍ਰਬ ਠਾਈ ॥੧॥ ਰਹਾਉ ॥
Within the home, and outside as well, the Lord and Master of His devotees is totally pervading and permeating everywhere. ||1||Pause||

ਤਾ ਕਉ ਕੋਇ ਨ ਪਹੁਚਨਹਾਰਾ ਜਾ ਕੈ ਅੰਗਿ ਗੁਸਾਈ ॥

No one can equal one who has the Lord of the Universe on his side.

ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ ॥੨॥੨॥੩੩॥

The fear of the Messenger of Death is eradicated, remembering Him in meditation; Nanak meditates on the Naam, the Name of the Lord. ||2||2||33||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਦਰਬਵੰਤੁ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ ॥

The rich man gazes upon his riches, and is proud of himself; the landlord takes pride in his lands.

ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ ॥੧॥

The king believes that the whole kingdom belongs to him; in the same way, the humble servant of the Lord looks upon the support of his Lord and Master. ||1||

ਜੇ ਕੋਊ ਅਪੁਨੀ ਓਟ ਸਮਾਰੈ ॥

When one considers the Lord to be his only support,

ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥੧॥ ਰਹਾਉ ॥

then the Lord uses His power to help him; this power cannot be defeated. ||1||Pause||

ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥

Renouncing all others, I have sought the Support of the One Lord; I have come to Him, pleading, "Save me, save me!"

ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨॥੩॥੩੪॥

By the kindness and the Grace of the Saints, my mind has been purified; Nanak sings the Glorious Praises of the Lord. ||2||3||34||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

He alone is called a warrior, who is attached to the Lord's Love in this age.

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥

Through the Perfect True Guru, he conquers his own soul, and then everything comes under his control. ||1||

## ੬੮੦ 680

ਠਾਕੁਰੁ ਗਾਈਐ ਆਤਮ ਰੰਗਿ ॥

Sing the Praises of the Lord and Master, with the love of your soul.

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥

Those who seek His Sanctuary, and meditate on the Naam, the Name of the Lord, are blended with the Lord in celestial peace. ||1||Pause||

| | |
|---|---|
| ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ | The feet of the Lord's humble servant abide in my heart; with them, my body is made pure. |
| ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥ | O treasure of mercy, please bless Nanak with the dust of the feet of Your humble servants; this alone brings peace. ‖2‖4‖35‖ |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ | People try to deceive others, but the Inner-knower, the Searcher of hearts, knows everything. |
| ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥ | They commit sins, and then deny them, while they pretend to be in Nirvaanaa. ‖1‖ |
| ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ | They believe that You are far away, but You, O God, are near at hand. |
| ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥ | Looking around, this way and that, the greedy people come and go. ‖Pause‖ |
| ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥ | As long as the doubts of the mind are not removed, liberation is not found. |
| ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥ | Says Nanak, he alone is a Saint, a devotee, and a humble servant of the Lord, to whom the Lord and Master is merciful. ‖2‖5‖36‖ |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥ | My Guru gives the Naam, the Name of the Lord, to those who have such karma written on their foreheads. |
| ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥ | He implants the Naam, and inspires us to chant the Naam; this is Dharma, true religion, in this world. ‖1‖ |
| ਜਨ ਕਉ ਨਾਮੁ ਵਡਾਈ ਸੋਭ ॥ | The Naam is the glory and greatness of the Lord's humble servant. |
| ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ ॥੧॥ ਰਹਾਉ ॥ | The Naam is his salvation, and the Naam is his honor; he accepts whatever comes to pass. ‖1‖Pause‖ |
| ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥ | That humble servant, who has the Naam as his wealth, is the perfect banker. |

ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ ॥੨॥੬॥੩੭॥

The Naam is his occupation, O Nanak, and his only support; the Naam is the profit he earns. ||2||6||37||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ ॥

My eyes have been purified, gazing upon the Blessed Vision of the Lord's Darshan, and touching my forehead to the dust of His feet.

ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥

With joy and happiness, I sing the Glorious Praises of my Lord and Master; the Lord of the World abides within my heart. ||1||

ਤੁਮ ਤਉ ਰਾਖਨਹਾਰ ਦਇਆਲ ॥

You are my Merciful Protector, Lord.

ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥

O beautiful, wise, infinite Father God, be Merciful to me, God. ||1||Pause||

ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥

O Lord of supreme ecstasy and blissful form, Your Word is so beautiful, so drenched with Nectar.

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥

With the Lord's lotus feet enshrined in his heart, Nanak has tied the Shabad, the Word of the True Guru, to the hem of his robe. ||2||7||38||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ ॥

In His own way, He provides us with our food; in His own way, He plays with us.

ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ ॥੧॥

He blesses us with all comforts, enjoyments and delicacies, and he permeates our minds. ||1||

ਹਮਰੇ ਪਿਤਾ ਗੋਪਾਲ ਦਇਆਲ ॥

Our Father is the Lord of the World, the Merciful Lord.

ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥੧॥ ਰਹਾਉ ॥

Just as the mother protects her children, God nurtures and cares for us. ||1||Pause||

ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥

You are my friend and companion, the Master of all excellences, O eternal and permanent Divine Lord.

ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥

Here, there and everywhere, You are pervading; please, bless Nanak to serve the Saints. ||2||8||39||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥

The Saints are kind and compassionate; they burn away their sexual desire, anger and corruption.

ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥੧॥

My power, wealth, youth, body and soul are a sacrifice to them. ||1||

ਮਨਿ ਤਨਿ ਰਾਮ ਨਾਮ ਹਿਤਕਾਰੇ ॥

With my mind and body, I love the Lord's Name.

ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥

With peace, poise, pleasure and joy, He has carried me across the terrifying world-ocean. ||Pause||

## ੬੮੧

## 681

ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥

Blessed is that place, and blessed is that house, in which the Saints dwell.

ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ ॥੨॥੯॥੪੦॥

Fulfill this desire of servant Nanak, O Lord Master, that he may bow in reverence to Your devotees. ||2||9||40||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥

He has saved me from the awful power of Maya, by attaching me to His feet.

ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥

He gave my mind the Mantra of the Naam, the Name of the One Lord, which shall never perish or leave me. ||1||

ਸਤਿਗੁਰਿ ਪੂਰੈ ਕੀਨੀ ਦਾਤਿ ॥

The Perfect True Guru has given this gift.

ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥

He has blessed me with the Kirtan of the Praises of the Name of the Lord, Har, Har, and I am emancipated. ||Pause||

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥

My God has made me His own, and saved the honor of His devotee.

ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥

Nanak has grasped the feet of his God, and has found peace, day and night. ||2||10||41||

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਪਰ ਹਰਨਾ ਲੋਭੁ ਝੂਠ ਨਿੰਦ ਇਵ ਹੀ ਕਰਤ ਗੁਦਾਰੀ ॥ | Stealing the property of others, acting in greed, lying and slandering - in these ways, he passes his life. |
| ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ ਇਹ ਟੇਕ ਮਨਹਿ ਸਾਧਾਰੀ ॥੧॥ | He places his hopes in false mirages, believing them to be sweet; this is the support he installs in his mind. \|\|1\|\| |
| ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥ | The faithless cynic passes his life uselessly. |
| ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ ॥ ਰਹਾਉ ॥ | He is like the mouse, gnawing away at the pile of paper, making it useless to the poor wretch. \|\|Pause\|\| |
| ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ ॥ | Have mercy on me, O Supreme Lord God, and release me from these bonds. |
| ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ ॥੨॥੧੧॥੪੨॥ | The blind are sinking, O Nanak; God saves them, uniting them with the Saadh Sangat, the Company of the Holy. \|\|2\|\|11\|\|42\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ ॥ | Remembering, remembering God, the Lord Master in meditation, my body, mind and heart are cooled and soothed. |
| ਰੂਪ ਰੰਗ ਸੂਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ ॥੧॥ | The Supreme Lord God is my beauty, pleasure, peace, wealth, soul and social status. \|\|1\|\| |
| ਰਸਨਾ ਰਾਮ ਰਸਾਇਨਿ ਮਾਤੀ ॥ | My tongue is intoxicated with the Lord, the source of nectar. |
| ਰੰਗ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ ॥ ਰਹਾਉ ॥ | I am in love, in love with the Lord's lotus feet, the treasure of riches. \|\|Pause\|\| |
| ਜਿਸ ਕਾ ਸਾ ਤਿਨ ਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ ॥ | I am His - He has saved me; this is God's perfect way. |
| ਮੇਲਿ ਲੀਓ ਆਪੇ ਸੁਖਦਾਤੈ ਨਾਨਕ ਹਰਿ ਰਾਖੀ ਪਾਤੀ ॥੨॥੧੨॥੪੩॥ | The Giver of peace has blended Nanak with Himself; the Lord has preserved his honor. \|\|2\|\|12\|\|43\|\| |

| | |
|---|---|
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥ | All demons and enemies are eradicated by You, Lord; Your glory is manifest and radiant. |
| ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥੧॥ | Whoever harms Your devotees, You destroy in an instant. \|\|1\|\| |
| ਨਿਰਖਉ ਤੁਮਰੀ ਓਰਿ ਹਰਿ ਨੀਤ ॥ | I look to You continually, Lord. |
| ਮੁਰਾਰਿ ਸਹਾਇ ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ ॥ ਰਹਾਉ ॥ | O Lord, Destroyer of ego, please, be the helper and companion of Your slaves; take my hand, and save me, O my Friend! \|\|Pause\|\| |
| ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ ॥ | My Lord and Master has heard my prayer, and given me His protection. |
| ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ ॥੨॥੧੩॥੪੪॥ | Nanak is in ecstasy, and his pains are gone; he meditates on the Lord, forever and ever. \|\|2\|\|13\|\|44\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ | He has extended His power in all four directions, and placed His hand upon my head. |
| ਕ੍ਰਿਪਾ ਕਟਾਖ੍ਯ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥ | Gazing upon me with his Eye of Mercy, He has dispelled the pains of His slave. \|\|1\|\| |
| ਹਰਿ ਜਨ ਰਾਖੇ ਗੁਰ ਗੋਵਿੰਦ ॥ | The Guru, the Lord of the Universe, has saved the Lord's humble servant. |
| ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ | Hugging me close in His embrace, the merciful, forgiving Lord has erased all my sins. \|\|Pause\|\| |
| ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ | Whatever I ask for from my Lord and Master, he gives that to me. |
| ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥ | Whatever the Lord's slave Nanak utters with his mouth, proves to be true, here and hereafter. \|\|2\|\|14\|\|45\|\| |
| **੬੮੨** | 682 |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ | He does not let His devotees see the difficult times; this is His innate nature. |

| | |
|---|---|
| ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥ | Giving His hand, He protects His devotee; with each and every breath, He cherishes him. \|\|1\|\| |
| ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ | My consciousness remains attached to God. |
| ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ | In the beginning, and in the end, God is always my helper and companion; blessed is my friend. \|\|Pause\|\| |
| ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥ | My mind is delighted, gazing upon the marvellous, glorious greatness of the Lord and Master. |
| ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥ | Remembering, remembering the Lord in meditation, Nanak is in ecstasy; God, in His perfection, has protected and preserved his honor. \|\|2\|\|15\|\|46\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥ | One who forgets the Lord of life, the Great Giver - know that he is most unfortunate. |
| ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥੧॥ | One whose mind is in love with the Lord's lotus feet, obtains the pool of ambrosial nectar. \|\|1\|\| |
| ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ | Your humble servant awakes in the Love of the Lord's Name. |
| ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥ | All laziness has departed from his body, and his mind is attached to the Beloved Lord. \|\|Pause\|\| |
| ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥ | Wherever I look, the Lord is there; He is the string, upon which all hearts are strung. |
| ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥ | Drinking in the water of the Naam, servant Nanak has renounced all other loves. \|\|2\|\|16\|\|47\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਜਨ ਕੇ ਪੂਰਨ ਹੋਏ ਕਾਮ ॥ | All the affairs of the Lord's humble servant are perfectly resolved. |
| ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ ਰਹਾਉ ॥ | In the utterly poisonous Dark Age of Kali Yuga, the Lord preserves and protects his honor. \|\|1\|\|Pause\|\| |
| ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥ | Remembering, remembering God, his Lord and Master in meditation, the Messenger of Death does not approach him. |

| | |
|---|---|
| ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥੧॥ | Liberation and heaven are found in the Saadh Sangat, the Company of the Holy; his humble servant finds the home of the Lord. \|\|1\|\| |
| ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥ | The Lord's lotus feet are the treasure of His humble servant; in them, he finds millions of pleasures and comforts. |
| ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥ | He remembers the Lord God in meditation, day and night; Nanak is forever a sacrifice to him. \|\|2\|\|17\|\|48\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਮਾਂਗਉ ਰਾਮ ਤੇ ਇਕੁ ਦਾਨੁ ॥ | I beg for one gift only from the Lord. |
| ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥੧॥ ਰਹਾਉ ॥ | May all my desires be fulfilled, meditating on, and remembering Your Name, O Lord. \|\|1\|\|Pause\|\| |
| ਚਰਨ ਤੁਮ੍ਹਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥ | May Your feet abide within my heart, and may I find the Society of the Saints. |
| ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥੧॥ | May my mind not be afflicted by the fire of sorrow; may I sing Your Glorious Praises, twenty-four hours a day. \|\|1\|\| |
| ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧ੍ਯੰਤ ਪ੍ਰਭ ਜਾਪਣ ॥ | May I serve the Lord in my childhood and youth, and meditate on God in my middle and old age. |
| ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ ॥੨॥੧੮॥੪੯॥ | O Nanak, one who is imbued with the Love of the Transcendent Lord, is not reincarnated again to die. \|\|2\|\|18\|\|49\|\| |
| ਧਨਾਸਰੀ ਮਹਲਾ ੫ ॥ | Dhanaasaree, Fifth Mehl: |
| ਮਾਂਗਉ ਰਾਮ ਤੇ ਸਭਿ ਥੋਕ ॥ | I beg only from the Lord for all things. |
| ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥੧॥ ਰਹਾਉ ॥ | I would hesitate to beg from other people. Remembering God in meditation, liberation is obtained. \|\|1\|\|Pause\|\| |
| ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥ | I have studied with the silent sages, and carefully read the Simritees, the Puraanas and the Vedas; they all proclaim that, |
| ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥੧॥ | by serving the Lord, the ocean of mercy, Truth is obtained, and both this world and the next are embellished. \|\|1\|\| |

ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥

All other rituals and customs are useless, without remembering the Lord in meditation.

ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ॥੨॥੧੯॥੫੦॥

O Nanak, the fear of birth and death has been removed; meeting the Holy Saint, sorrow is dispelled. ||2||19||50||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥

Desire is quenched, through the Lord's Name.

ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥

Great peace and contentment come through the Guru's Word, and one's meditation is perfectly focused upon God. ||1||Pause||

## ੬੮੩

## 683

ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥

Please shower Your Mercy upon me, and permit me to ignore the great enticements of Maya, O Lord, Merciful to the meek.

ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥੧॥

Give me Your Name - chanting it, I live; please bring the efforts of Your slave to fruition. ||1||

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥

All desires, power, pleasure, joy and lasting bliss, are found by chanting the Naam, the Name of the Lord, and singing the Kirtan of His Praises.

ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ ॥੨॥੨੦॥੫੧॥

That humble servant of the Lord, who has such karma pre-ordained by the Creator Lord, O Nanak - his efforts are brought to perfect fruition. ||2||20||51||

ਧਨਾਸਰੀ ਮਃ ੫ ॥

Dhanaasaree, Fifth Mehl:

ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥

The Supreme Lord God takes care of His humble servant.

ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ ॥੧॥ ਰਹਾਉ ॥

The slanderers are not allowed to stay; they are pulled out by their roots, like useless weeds. ||1||Pause||

ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ ॥

Wherever I look, there I see my Lord and Master; no one can harm me.

ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ ॥੧॥

Whoever shows disrespect to the Lord's humble servant, is instantly reduced to ashes. ||1||

ਕਰਨਹਾਰੁ ਰਖਵਾਲਾ ਹੋਆ ਜਾ ਕਾ ਅੰਤੁ ਨ ਪਾਰਾਵਾਰ ॥

The Creator Lord has become my protector; He has no end or limitation.

ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥੨॥੨੧॥੫੨॥

O Nanak, God has protected and saved His slaves; He has driven out and destroyed the slanderers. ||2||21||52||

ਧਨਾਸਰੀ ਮਹਲਾ ੫ ਘਰੁ ੯ ਪੜਤਾਲ

Dhanaasaree, Fifth Mehl, Ninth House, Partaal:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ ॥

O Lord, I seek the Sanctuary of Your feet; Lord of the Universe, Destroyer of pain, please bless Your slave with Your Name.

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥

Be Merciful, God, and bless me with Your Glance of Grace; take my arm and save me - pull me up out of this pit! ||Pause||

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥

He is blinded by sexual desire and anger, bound by Maya; his body and clothes are filled with countless sins.

ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥

Without God, there is no other protector; help me to chant Your Name, Almighty Warrior, Sheltering Lord. ||1||

ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ ॥

Redeemer of sinners, Saving Grace of all beings and creatures, even those who recite the Vedas have not found Your limit.

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ ॥੨॥੧॥੫੩॥

God is the ocean of virtue and peace, the source of jewels; Nanak sings the Praises of the Lover of His devotees. ||2||1||53||

ਧਨਾਸਰੀ ਮਹਲਾ ੫ ॥

Dhanaasaree, Fifth Mehl:

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥

Peace in this world, peace in the next world and peace forever, remembering Him in meditation. Chant forever the Name of the Lord of the Universe.

ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥

The sins of past lives are erased, by joining the Saadh Sangat, the Company of the Holy; new life is infused into the dead. ||1||Pause||

| | |
|---|---|
| ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥ | In power, youth and Maya, the Lord is forgotten; this is the greatest tragedy - so say the spiritual sages. |
| ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ ॥੧॥ | Hope and desire to sing the Kirtan of the Lord's Praises - this is the treasure of the most fortunate devotees. \|\|1\|\| |
| ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ ॥ | O Lord of Sanctuary, all-powerful, imperceptible and unfathomable - Your Name is the Purifier of sinners. |
| ਅੰਤਰਜਾਮੀ ਨਾਨਕ ਕੇ ਸੁਆਮੀ ਸਰਬਤ ਪੂਰਨ ਠਾਕੁਰੁ ਮੇਰਾ ॥੨॥੨॥੫੪॥ | The Inner-knower, the Lord and Master of Nanak is totally pervading and permeating everywhere; He is my Lord and Master. \|\|2\|\|2\|\|54\|\| |
| ਧਨਾਸਰੀ ਮਹਲਾ ੫ ਘਰੁ ੧੨ | Dhanaasaree, Fifth Mehl, Twelfth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥ | I bow in reverence to the Lord, I bow in reverence. I sing the Glorious Praises of the Lord, my King. \|\|Pause\|\| |
| ਵਡੈ ਭਾਗਿ ਭੇਟੇ ਗੁਰਦੇਵਾ ॥ | By great good fortune, one meets the Divine Guru. |
| ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥ | Millions of sins are erased by serving the Lord. \|\|1\|\| |
| **੬੮੪** | **684** |
| ਚਰਨ ਕਮਲ ਜਾ ਕਾ ਮਨੁ ਰਾਪੈ ॥ | One whose mind is imbued with the Lord's lotus feet |
| ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥ | is not afflicted by the fire of sorrow. \|\|2\|\| |
| ਸਾਗਰੁ ਤਰਿਆ ਸਾਧੂ ਸੰਗੇ ॥ | He crosses over the world-ocean in the Saadh Sangat, the Company of the Holy. |
| ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥ | He chants the Name of the Fearless Lord, and is imbued with the Lord's Love. \|\|3\|\| |
| ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ | One who does not steal the wealth of others, who does not commit evil deeds or sinful acts |
| ਜਮ ਜੰਦਾਰੁ ਨ ਆਵੈ ਨੇੜੇ ॥੪॥ | - the Messenger of Death does not even approach him. \|\|4\|\| |
| ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥੨੨॥੨॥ | Whatever pleases Him, O Nanak, that alone is good. \|\|22\|\|2\|\| |
| ਤਿਲੰਗ ਮਹਲਾ ੯ ਕਾਫੀ | Tilang, Ninth Mehl, Kaafee: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ | If you are conscious, then be conscious of Him night and day, O mortal. |
| ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥ | Each and every moment, your life is passing away, like water from a cracked pitcher. \|\|1\|\|Pause\|\| |
| ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥ | Why do you not sing the Glorious Praises of the Lord, you ignorant fool? |
| ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥ | You are attached to false greed, and you do not even consider death. \|\|1\|\| |
| ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ | Even now, no harm has been done, if you will only sing God's Praises. |
| ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥ | Says Nanak, by meditating and vibrating upon Him, you shall obtain the state of fearlessness. \|\|2\|\|1\|\| |
| ਤਿਲੰਗ ਮਹਲਾ ੯ ॥ | Tilang, Ninth Mehl: |
| ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥ | Wake up, O mind! Wake up! Why are you sleeping unaware? |

| | |
|---|---|
| ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥ | That body, which you were born with, shall not go along with you in the end. \|\|1\|\|Pause\|\| |
| ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥ | Mother, father, children and relatives whom you love, |
| ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥੧॥ | will throw your body into the fire, when your soul departs from it. \|\|1\|\| |
| **੭੨੭** | **727** |
| ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ | Your worldly affairs exist only as long as you are alive; know this well. |
| ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥੨॥੨॥ | O Nanak, sing the Glorious Praises of the Lord; everything is like a dream. \|\|2\|\|2\|\| |
| ਤਿਲੰਗ ਮਹਲਾ ੯ ॥ | Tilang, Ninth Mehl: |
| ਹਰਿ ਜਸੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੇਰੋ ॥ | Sing the Lord's Praises, O mind; He is your only true companion. |
| ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ ॥੧॥ ਰਹਾਉ ॥ | Your time is passing away; listen carefully to what I say. \|\|1\|\|Pause\|\| |
| ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥ | You are so in love with property, chariots, wealth and power. |
| ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ ॥੧॥ | When the noose of death tightens around your neck, they will all belong to others. \|\|1\|\| |
| ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥ | Know this well, O madman - you have ruined your affairs. |
| ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥੨॥ | You did not restrain yourself from committing sins, and you did not eradicate your ego. \|\|2\|\| |
| ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ ॥ | So listen to the Teachings imparted by the Guru, O Siblings of Destiny. |
| ਨਾਨਕ ਕਹਤ ਪੁਕਾਰਿ ਕੈ ਗਹੁ ਪ੍ਰਭ ਸਰਨਾਈ ॥੩॥੩॥ | Nanak proclaims: hold tight to the Protection and the Sanctuary of God. \|\|3\|\|3\|\| |

ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

Tilang, The Word Of Devotee Kabeer Jee:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥

The Vedas and the Scriptures are only make-believe, O Siblings of Destiny; they do not relieve the anxiety of the heart.

ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥

If you will only center yourself on the Lord, even for just a breath, then you shall see the Lord face-to-face, present before you. ||1||

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥

O human being, search your own heart every day, and do not wander around in confusion.

ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ ॥੧॥ ਰਹਾਉ ॥

This world is just a magic-show; no one will be holding your hand. ||1||Pause||

ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥

Reading and studying falsehood, people are happy; in their ignorance, they speak nonsense.

ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥੨॥

The True Creator Lord is diffused into His creation; He is not just the dark-skinned Krishna of legends. ||2||

ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥

Through the Tenth Gate, the stream of nectar flows; take your bath in this.

ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ ॥੩॥

Serve the Lord forever; use your eyes, and see Him ever-present everywhere. ||3||

ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥

The Lord is the purest of the pure; only through doubt could there be another.

ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥੪॥੧॥

O Kabeer, mercy flows from the Merciful Lord; He alone knows who acts. ||4||1||

ਨਾਮਦੇਵ ਜੀ ॥

Naam Dayv Jee:

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

I am blind; Your Name, O Creator Lord, is my only anchor and support.

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥

I am poor, and I am meek. Your Name is my only support. ||1||Pause||

| | |
|---|---|
| ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥ | O beautiful Lord, benevolent and merciful Lord, You are so wealthy and generous. |
| ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥ | You are ever-present in every presence, within and before me. \|\|1\|\| |
| ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥ | You are the river of life, You are the Giver of all; You are so very wealthy. |
| ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥ | You alone give, and You alone take away; there is no other at all. \|\|2\|\| |
| ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥ | You are wise, You are the supreme seer; how could I make You an object of thought? |
| ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥੩॥੧॥੨॥ | O Lord and Master of Naam Dayv, You are the merciful Lord of forgiveness. \|\|3\|\|1\|\|2\|\| |
| ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥ | Hello, my friend, hello my friend. Is there any good news? |
| ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥ | I am a sacrifice, a devoted sacrifice, a dedicated and devoted sacrifice, to You. |
| ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥ | Slavery to You is so sublime; Your Name is noble and exalted. \|\|1\|\|Pause\|\| |
| ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥ | Where did you come from? Where have You been? And where are You going? |
| ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥ | Tell me the truth, in the holy city of Dwaarikaa. \|\|1\|\| |
| ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥ | How handsome is your turban! And how sweet is your speech. |
| ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥ | Why are there Moghals in the holy city of Dwaarikaa? \|\|2\|\| |
| ਚੰਦੀ ਹਜਾਰ ਆਲਮ ਏਕਲ ਖਾਨਾਂ ॥ | You alone are the Lord of so many thousands of worlds. |
| ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥ | You are my Lord King, like the dark-skinned Krishna. \|\|3\|\| |
| ਅਸਪਤਿ ਗਜਪਤਿ ਨਰਹ ਨਰਿੰਦ ॥ | You are the Lord of the sun, Lord Indra and Lord Brahma, the King of men. |
| ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥ | You are the Lord and Master of Naam Dayv, the King, the Liberator of all. \|\|4\|\|2\|\|3\|\| |

# ੭੨੮

# 728

ੴ ਸਤਿ ਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

One Universal Creator God. Truth Is The Name.
Creative Being Personified. No Fear. No Hatred.
Image Of The Undying. Beyond Birth. Self-Existent.
By Guru's Grace:

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧

Raag Soohee, First Mehl, Chau-Padas, First House:

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥

Wash the vessel, sit down and anoint it with fragrance; then, go out and get the milk.

ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥

Add the rennet of clear consciousness to the milk of good deeds, and then, free of desire, let it curdle. ||1||

ਜਪਹੁ ਤ ਏਕੋ ਨਾਮਾ ॥

Chant the Name of the One Lord.

ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥

All other actions are fruitless. ||1||Pause||

ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥

Let your mind be the handles, and then churn it, without sleeping.

ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

If you chant the Naam, the Name of the Lord ,with your tongue, then the curd will be churned. In this way, the Ambrosial Nectar is obtained. ||2||

ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ ॥

Wash your mind in the pool of Truth, and let it be the vessel of the Lord; let this be your offering to please Him.

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥੩॥

That humble servant who dedicates and offers his life, and who serves in this way, remains absorbed in his Lord and Master. ||3||

ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ ॥

The speakers speak and speak and speak, and then they depart. There is no other to compare to You.

ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ ॥੪॥੧॥

Servant Nanak, lacking devotion, humbly prays: may I sing the Praises of the True Lord. ||4||1||

ਸੂਹੀ ਮਹਲਾ ੧ ਘਰੁ ੨

Soohee, First Mehl, Second House:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਅੰਤਰਿ ਵਸੈ ਨ ਬਾਹਰਿ ਜਾਇ ॥

Deep within the self, the Lord abides; do not go outside looking for Him.

| | |
|---|---|
| ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥ | You have renounced the Ambrosial Nectar - why are you eating poison? ||1|| |
| ਐਸਾ ਗਿਆਨੁ ਜਪਹੁ ਮਨ ਮੇਰੇ ॥ | Meditate on such spiritual wisdom, O my mind, |
| ਹੋਵਹੁ ਚਾਕਰ ਸਾਚੇ ਕੇਰੇ ॥੧॥ ਰਹਾਉ ॥ | and become the slave of the True Lord. ||1||Pause|| |
| ਗਿਆਨੁ ਧਿਆਨੁ ਸਭੁ ਕੋਈ ਰਵੈ ॥ | Everyone speaks of wisdom and meditation; |
| ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥ | but bound in bondage, the whole world is wandering around in confusion. ||2|| |
| ਸੇਵਾ ਕਰੇ ਸੁ ਚਾਕਰੁ ਹੋਇ ॥ | One who serves the Lord is His servant. |
| ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩॥ | The Lord is pervading and permeating the water, the land, and the sky. ||3|| |
| ਹਮ ਨਹੀ ਚੰਗੇ ਬੁਰਾ ਨਹੀ ਕੋਇ ॥ | I am not good; no one is bad. |
| ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ | Prays Nanak, He alone saves us! ||4||1||2|| |

## ੭੨੯ — 729

| | |
|---|---|
| ਸੂਹੀ ਮਹਲਾ ੧ ਘਰੁ ੬ | Soohee, First Mehl, Sixth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥ | Bronze is bright and shiny, but when it is rubbed, its blackness appears. |
| ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥੧॥ | Washing it, its impurity is not removed, even if it is washed a hundred times. ||1|| |
| ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥ | They alone are my friends, who travel along with me; |
| ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥੧॥ ਰਹਾਉ ॥ | and in that place, where the accounts are called for, they appear standing with me. ||1||Pause|| |
| ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ ॥ | There are houses, mansions and tall buildings, painted on all sides; |
| ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ ॥੨॥ | but they are empty within, and they crumble like useless ruins. ||2|| |

| | |
|---|---|
| ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ ॥ | The herons in their white feathers dwell in the sacred shrines of pilgrimage. |
| ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨ੍ਹਿ ॥੩॥ | They tear apart and eat the living beings, and so they are not called white. \|\|3\|\| |
| ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ ॥ | My body is like the simmal tree; seeing me, other people are fooled. |
| ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ ॥੪॥ | Its fruits are useless - just like the qualities of my body. \|\|4\|\| |
| ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥ | The blind man is carrying such a heavy load, and his journey through the mountains is so long. |
| ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥ | My eyes can see, but I cannot find the Way. How can I climb up and cross over the mountain? \|\|5\|\| |
| ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥ | What good does it do to serve, and be good, and be clever? |
| ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥ | O Nanak, contemplate the Naam, the Name of the Lord, and you shall be released from bondage. \|\|6\|\|1\|\|3\|\| |
| ਸੂਹੀ ਮਹਲਾ ੧ ॥ | Soohee, First Mehl: |
| ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ | Build the raft of meditation and self-discipline, to carry you across the river. |
| ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥ | There will be no ocean, and no rising tides to stop you; this is how comfortable your path shall be. \|\|1\|\| |
| ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ ਰਹਾਉ ॥ | Your Name alone is the color, in which the robe of my body is dyed. This color is permanent, O my Beloved. \|\|1\|\|Pause\|\| |
| ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥ | My beloved friends have departed; how will they meet the Lord? |
| ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥੨॥ | If they have virtue in their pack, the Lord will unite them with Himself. \|\|2\|\| |
| ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ ॥ | Once united with Him, they will not be separated again, if they are truly united. |

| | |
|---|---|
| ਆਵਾ ਗਉਣੁ ਨਿਵਾਰਿਆ ਹੈ ਸਾਚਾ ਸੋਈ ॥੩॥ | The True Lord brings their comings and goings to an end. \|\|3\|\| |
| ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ ॥ | One who subdues and eradicates egotism, sews the robe of devotion. |
| ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ ॥੪॥ | Following the Word of the Guru's Teachings, she receives the fruits of her reward, the Ambrosial Words of the Lord. \|\|4\|\| |
| ਨਾਨਕੁ ਕਹੈ ਸਹੇਲੀਹੋ ਸਹੁ ਖਰਾ ਪਿਆਰਾ ॥ | Says Nanak, O soul-brides, our Husband Lord is so dear! |
| ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ ॥੫॥੨॥੪॥ | We are the servants, the hand-maidens of the Lord; He is our True Lord and Master. \|\|5\|\|2\|\|4\|\| |
| ਸੂਹੀ ਮਹਲਾ ੧ ॥ | Soohee, First Mehl: |
| ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥ | Those whose minds are filled with love of the Lord, are blessed and exalted. |
| ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥ | They are blessed with peace, and their pains are forgotten. |
| ਸਹਸਾ ਮੂਲੇ ਨਾਹਿ ਸਰਪਰ ਤਾਰਸੀ ॥੧॥ | He will undoubtedly, certainly save them. \|\|1\|\| |
| ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ ॥ | The Guru comes to meet those whose destiny is so pre-ordained. |
| ਅੰਮ੍ਰਿਤੁ ਹਰਿ ਕਾ ਨਾਉ ਦੇਵੈ ਦੀਖਿਆ ॥ | He blesses them with the Teachings of the Ambrosial Name of the Lord. |
| ਚਾਲਹਿ ਸਤਿਗੁਰ ਭਾਇ ਭਵਹਿ ਨ ਭੀਖਿਆ ॥੨॥ | Those who walk in the Will of the True Guru, never wander begging. \|\|2\|\| |
| ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥ | And one who lives in the Mansion of the Lord's Presence, why should he bow down to any other? |
| ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ ॥ | The gate-keeper at the Lord's Gate shall not stop him to ask any questions. |
| ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ ॥੩॥ | And one who is blessed with the Lord's Glance of Grace - by his words, others are emancipated as well. \|\|3\|\| |
| ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ ॥ | The Lord Himself sends out, and recalls the mortal beings; no one else gives Him advice. |

| | |
|---|---|
| ਢਾਹਿ ਉਸਾਰੇ ਸਾਜਿ ਜਾਣੈ ਸਭ ਸੋਇ ॥ | He Himself demolishes, constructs and creates; He knows everything. |
| ਨਾਉ ਨਾਨਕ ਬਖਸੀਸ ਨਦਰੀ ਕਰਮੁ ਹੋਇ ॥੪॥੩॥੫॥ | O Nanak, the Naam, the Name of the Lord is the blessing, given to those who receive His Mercy, and His Grace. \|\|4\|\|3\|\|5\|\| |

## ੭੩੦ 730

| | |
|---|---|
| ਸੂਹੀ ਮਹਲਾ ੧ ॥ | Soohee, First Mehl: |
| ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ ॥ | That vessel alone is pure, which is pleasing to Him. |
| ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ ॥ | The filthiest vessel does not become pure, simply by being washed. |
| ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥ | Through the Gurdwara, the Guru's Gate, one obtains understanding. |
| ਏਤੁ ਦੁਆਰੈ ਧੋਇ ਹਛਾ ਹੋਇਸੀ ॥ | By being washed through this Gate, it becomes pure. |
| ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ ॥ | The Lord Himself sets the standards to differentiate between the dirty and the pure. |
| ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ | Do not think that you will automatically find a place of rest hereafter. |
| ਜੇਹੇ ਕਰਮ ਕਮਾਇ ਤੇਹਾ ਹੋਇਸੀ ॥ | According to the actions one has committed, so does the mortal become. |
| ਅੰਮ੍ਰਿਤੁ ਹਰਿ ਕਾ ਨਾਉ ਆਪਿ ਵਰਤਾਇਸੀ ॥ | He Himself bestows the Ambrosial Name of the Lord. |
| ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ ॥ | Such a mortal departs with honor and renown; his life is embellished and redeemed, and the trumpets resound with his glory. |
| ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ ॥ | Why speak of poor mortals? His glory shall echo throughout the three worlds. |
| ਨਾਨਕ ਆਪਿ ਨਿਹਾਲ ਸਭਿ ਕੁਲ ਤਾਰਸੀ ॥੧॥੪॥੬॥ | O Nanak, he himself shall be enraptured, and he shall save his entire ancestry. \|\|1\|\|4\|\|6\|\| |
| ਸੂਹੀ ਮਹਲਾ ੧ ॥ | Soohee, First Mehl: |
| ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥ | The Yogi practices yoga, and the pleasure-seeker practices eating. |
| ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥ | The austere practice austerities, bathing and rubbing themselves at sacred shrines of pilgrimage. \|\|1\|\| |

ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ ਰਹਾਉ ॥

Let me hear some news of You, O Beloved; if only someone would come and sit with me, and tell me. ||1||Pause||

ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥

As one plants, so does he harvest; whatever he earns, he eats.

ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥

In the world hereafter, his account is not called for, if he goes with the insignia of the Lord. ||2||

ਤੈਸੋ ਜੈਸਾ ਕਾਢੀਐ ਜੈਸੀ ਕਾਰ ਕਮਾਇ ॥

According to the actions the mortal commits, so is he proclaimed.

ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥੩॥

And that breath which is drawn without thinking of the Lord, that breath goes in vain. ||3||

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥

I would sell this body, if someone would only purchase it.

ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥

O Nanak, that body is of no use at all, if it does not enshrine the Name of the True Lord. ||4||5||7||

ਸੂਹੀ ਮਹਲਾ ੧ ਘਰੁ ੭

ੴ ਸਤਿਗੁਰ ਪ੍ਰਸਾਦਿ ॥

Soohee, First Mehl, Seventh House:

One Universal Creator God.
By The Grace Of The True Guru:

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥

Yoga is not the patched coat, Yoga is not the walking stick. Yoga is not smearing the body with ashes.

ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥

Yoga is not the ear-rings, and not the shaven head. Yoga is not the blowing of the horn.

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥

Remaining unblemished in the midst of the filth of the world - this is the way to attain Yoga. ||1||

ਗਲੀ ਜੋਗੁ ਨ ਹੋਈ ॥

By mere words, Yoga is not attained.

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ ਰਹਾਉ ॥

One who looks upon all with a single eye, and knows them to be one and the same - he alone is known as a Yogi. ||1||Pause||

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥

Yoga is not wandering to the tombs of the dead; Yoga is not sitting in trances.

ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥

Yoga is not wandering through foreign lands; Yoga is not bathing at sacred shrines of pilgrimage.

| | |
|---|---|
| ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥ | Remaining unblemished in the midst of the filth of the world - this is the way to attain Yoga. \|\|2\|\| |
| ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥ | Meeting with the True Guru, doubt is dispelled, and the wandering mind is restrained. |
| ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ | Nectar rains down, celestial music resounds, and deep within, wisdom is obtained. |
| ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥ | Remaining unblemished in the midst of the filth of the world - this is the way to attain Yoga. \|\|3\|\| |
| ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥ | O Nanak, remain dead while yet alive - practice such a Yoga. |
| ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥ | When the horn is blown without being blown, then you shall attain the state of fearless dignity. |
| ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥ | Remaining unblemished in the midst of the filth of the world - this is the way to attain Yoga. \|\|4\|\|1\|\|8\|\| |
| ਸੂਹੀ ਮਹਲਾ ੧ ॥ | Soohee, First Mehl: |
| ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ ॥ | What scale, what weights, and what assayer shall I call for You, Lord? |
| ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ ॥੧॥ | From what guru should I receive instruction? By whom should I have Your value appraised? \|\|1\|\| |
| **੭੩੧** | **731** |
| ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ ॥ | O my Dear Beloved Lord, Your limits are not known. |
| ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਤੂੰ ਆਪੇ ਸਰਬ ਸਮਾਣਾ ॥੧॥ ਰਹਾਉ ॥ | You pervade the water, the land, and the sky; You Yourself are All-pervading. \|\|1\|\|Pause\|\| |
| ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ॥ | Mind is the scale, consciousness the weights, and the performance of Your service is the appraiser. |
| ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ ॥੨॥ | Deep within my heart, I weigh my Husband Lord; in this way I focus my consciousness. \|\|2\|\| |

| | |
|---|---|
| ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ ॥ | You Yourself are the balance, the weights and the scale; You Yourself are the weigher. |
| ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥੩॥ | You Yourself see, and You Yourself understand; You Yourself are the trader. \|\|3\|\| |
| ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥ | The blind, low class wandering soul, comes for a moment, and departs in an instant. |
| ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ ॥੪॥੨॥੯॥ | In its company, Nanak dwells; how can the fool attain the Lord? \|\|4\|\|2\|\|9\|\| |
| ਰਾਗੁ ਸੂਹੀ ਮਹਲਾ ੪ ਘਰੁ ੧ | Raag Soohee, Fourth Mehl, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮਨਿ ਰਾਮ ਨਾਮੁ ਆਰਾਧਿਆ ਗੁਰ ਸਬਦਿ ਗੁਰੂ ਗੁਰ ਕੇ ॥ | My mind worships and adores the Lord's Name, through the Guru, and the Word of the Guru's Shabad. |
| ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ ॥੧॥ | All the desires of my mind and body have been fulfilled; all fear of death has been dispelled. \|\|1\|\| |
| ਮੇਰੇ ਮਨ ਗੁਣ ਗਾਵਹੁ ਰਾਮ ਨਾਮ ਹਰਿ ਕੇ ॥ | O my mind, sing the Glorious Praises of the Lord's Name. |
| ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ ॥੧॥ ਰਹਾਉ ॥ | And when the Guru is pleased and satisfied, the mind is instructed; it then joyfully drinks in the subtle essence of the Lord. \|\|1\|\|Pause\|\| |
| ਸਤਸੰਗਤਿ ਊਤਮ ਸਤਿਗੁਰ ਕੇਰੀ ਗੁਨ ਗਾਵੈ ਹਰਿ ਪ੍ਰਭ ਕੇ ॥ | The Sat Sangat, the True Congregation of the True Guru, is sublime and exalted. They sing the Glorious Praises of the Lord God. |
| ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ ॥੨॥ | Bless me with Your Mercy, Lord, and unite me with the Sat Sangat; I wash the feet of Your humble servants. \|\|2\|\| |
| ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ ॥ | The Lord's Name is all. The Lord's Name is the essence of the Guru's Teachings, the juice, the sweetness of it. |
| ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸ ਕੇ ॥੩॥ | I have found the Ambrosial Nectar, the Divine Water of the Lord's Name, and all my thirst for it is quenched. \|\|3\|\| |
| ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥ | The Guru, the True Guru, is my social status and honor; I have sold my head to the Guru. |

ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥੪॥੧॥

Servant Nanak is called the chaylaa, the disciple of the Guru; O Guru, save the honor of Your servant. ||4||1||

ਸੂਹੀ ਮਹਲਾ ੪ ॥

Soohee, Fourth Mehl:

ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ ॥

I chant and vibrate the Name of the Lord God, the Supreme Being, Har, Har; my poverty and problems have all been eradicated.

ਭਉ ਜਨਮ ਮਰਣਾ ਮੇਟਿਓ ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥੧॥

The fear of birth and death has been erased, through the Word of the Guru's Shabad; serving the Unmoving, Unchanging Lord, I am absorbed in peace. ||1||

ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ ॥

O my mind, vibrate the Name of the most Beloved, Darling Lord.

ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ ਰਹਾਉ ॥

I have dedicated my mind and body, and placed them in offering before the Guru; I have sold my head to the Guru, for a very dear price. ||1||Pause||

ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥

The kings and the rulers of men enjoy pleasures and delights, but without the Name of the Lord, death seizes and dispatches them all.

ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ ॥੨॥

The Righteous Judge of Dharma strikes them over the heads with his staff, and when the fruits of their actions come into their hands, then they regret and repent. ||2||

ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ ਪ੍ਰਤਿਪਲਘਾ ॥

Save me, save me, Lord; I am Your humble servant, a mere worm. I seek the Protection of Your Sanctuary, O Primal Lord, Cherisher and Nourisher.

ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਘਾ ॥੩॥

Please bless me with the Blessed Vision of the Saint's Darshan, that I may find peace. O God, please fulfill the desires of Your humble servant. ||3||

ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ ਮੋ ਕਉ ਕੀਜੈ ਦਾਨੁ ਹਰਿ ਨਿਮਘਾ ॥

You are the All-powerful, Great, Primal God, my Lord and Master. O Lord, please bless me with the gift of humility.

ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ ॥੪॥੨॥

Servant Nanak has found the Naam, the Name of the Lord, and is at peace; I am forever a sacrifice to the Naam. ||4||2||

| | |
|---|---|
| ਸੂਹੀ ਮਹਲਾ ੪ ॥ | Soohee, Fourth Mehl: |
| ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ ॥ | The Lord's Name is the Love of the Lord. The Lord's Love is the permanent color. |
| ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ॥੧॥ | When the Guru is totally satisfied and pleased, He colors us with the Lord's Love; this color shall never fade away. ‖1‖ |
| **੭੩੨** | 732 |
| ਮੇਰੇ ਮਨ ਹਰਿ ਰਾਮ ਨਾਮਿ ਕਰਿ ਰੰਙੁ ॥ | O my mind, enshrine love for the Name of the Lord. |
| ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ ॥੧॥ ਰਹਾਉ ॥ | The Guru, satisfied and pleased, taught me about the Lord, and my Sovereign Lord King met with me at once. ‖1‖Pause‖ |
| ਮੁੰਧ ਇਆਣੀ ਮਨਮੁਖੀ ਫਿਰਿ ਆਵਣ ਜਾਣਾ ਅੰਙੁ ॥ | The self-willed manmukh is like the ignorant bride, who comes and goes again and again in reincarnation. |
| ਹਰਿ ਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ ॥੨॥ | The Lord God does not come into her consciousness, and her mind is stuck in the love of duality. ‖2‖ |
| ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ ॥ | I am full of filth, and I practice evil deeds; O Lord, save me, be with me, merge me into Your Being! |
| ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ ॥੩॥ | The Guru has bathed me in the pool of Ambrosial Nectar, and all my dirty sins and mistakes have been washed away. ‖3‖ |
| ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ ॥ | O Lord God, Merciful to the meek and the poor, please unite me with the Sat Sangat, the True Congregation. |
| ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ ॥੪॥੩॥ | Joining the Sangat, servant Nanak has obtained the Lord's Love; my mind and body are drenched in it. ‖4‖3‖ |
| ਸੂਹੀ ਮਹਲਾ ੪ ॥ | Soohee, Fourth Mehl: |
| ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥ | One who chants the Name of the Lord, Har, Har, while constantly practicing deception, shall never become pure of heart. |
| ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥ | He may perform all sorts of rituals, night and day, but he shall not find peace, even in dreams. ‖1‖ |

| | |
|---|---|
| ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ | O wise ones, without the Guru, there is no devotional worship. |
| ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ ਰਹਾਉ ॥ | The untreated cloth does not take up the dye, no matter how much everyone may wish it. \|\|1\|\|Pause\|\| |
| ਜਪੁ ਤਪ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥ | The self-willed manmukh may perform chants, meditations, austere self-discipline, fasts and devotional worship, but his sickness does not go away. |
| ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥ | Deep within him is the sickness of excessive egotism; in the love of duality he is ruined. \|\|2\|\| |
| ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹ ਦਿਸਿ ਧਾਵੈ ॥ | Outwardly, he wears religious robes and he is very clever, but his mind wanders in the ten directions. |
| ਹਉਮੈ ਬਿਆਪਿਆ ਸਬਦੁ ਨ ਚੀਨ੍ਹੈ ਫਿਰਿ ਫਿਰਿ ਜੂਨੀ ਆਵੈ ॥੩॥ | Engrossed in ego, he does not remember the Word of the Shabad; over and over again, he is reincarnated. \|\|3\|\| |
| ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥ | O Nanak, that mortal who is blessed with the Lord's Glance of Grace, understands Him; that humble servant meditates on the Naam, the Name of the Lord. |
| ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥ | By Guru's Grace, he understands the One Lord, and is absorbed into the One Lord. \|\|4\|\|4\|\| |
| ਸੂਹੀ ਮਹਲਾ ੪ ਘਰੁ ੨ | Soohee, Fourth Mehl, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੁਰਮਤਿ ਨਗਰੀ ਖੋਜਿ ਖੋਜਾਈ ॥ | Following the Guru's Teachings, I searched and searched the body-village; |
| ਹਰਿ ਹਰਿ ਨਾਮੁ ਪਦਾਰਥੁ ਪਾਈ ॥੧॥ | I found the wealth of the Name of the Lord, Har, Har. \|\|1\|\| |
| ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥ | The Lord, Har, Har, has enshrined peace within my mind. |
| ਤਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ ॥੧॥ ਰਹਾਉ ॥ | The fire of desire was extinguished in an instant, when I met the Guru; all my hunger has been satisfied. \|\|1\|\|Pause\|\| |
| ਹਰਿ ਗੁਣ ਗਾਵਾ ਜੀਵਾ ਮੇਰੀ ਮਾਈ ॥ | Singing the Glorious Praises of the Lord, I live, O my mother. |
| ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ ॥੨॥ | The Merciful True Guru implanted the Glorious Praises of the Naam within me. \|\|2\|\| |

| | |
|---|---|
| ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ ॥ | I search for and seek out my Beloved Lord God, Har, Har. |
| ਸਤਸੰਗਤਿ ਮਿਲਿ ਹਰਿ ਰਸੁ ਪਾਈ ॥੩॥ | Joining the Sat Sangat, the True Congregation, I have obtained the subtle essence of the Lord. \|\|3\|\| |
| ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥ | By the pre-ordained destiny inscribed upon my forehead, I have found the Lord. |
| ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥੪॥੧॥੫॥ | Guru Nanak, pleased and satisfied, has united me with the Lord, O Siblings of Destiny. \|\|4\|\|1\|\|5\|\| |
| ਸੂਹੀ ਮਹਲਾ ੪ ॥ | Soohee, Fourth Mehl: |
| ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ ॥ | Showering His Mercy, the Lord imbues the mind with His Love. |
| ਗੁਰਮੁਖਿ ਹਰਿ ਹਰਿ ਨਾਮਿ ਸਮਾਏ ॥੧॥ | The Gurmukh merges in the Name of the Lord, Har, Har. \|\|1\|\| |
| ਹਰਿ ਰੰਗਿ ਰਾਤਾ ਮਨੁ ਰੰਗ ਮਾਣੇ ॥ | Imbued with the Lord's Love, the mortal enjoys the pleasure of His Love. |
| ਸਦਾ ਅਨੰਦਿ ਰਹੈ ਦਿਨ ਰਾਤੀ ਪੂਰੇ ਗੁਰ ਕੈ ਸਬਦਿ ਸਮਾਣੇ ॥੧॥ ਰਹਾਉ ॥ | He remains always blissful, day and night, and he merges into the Shabad, the Word of the Perfect Guru. \|\|1\|\|Pause\|\| |
| ਹਰਿ ਰੰਗ ਕਉ ਲੋਚੈ ਸਭੁ ਕੋਈ ॥ | Everyone longs for the Lord's Love; |
| ਗੁਰਮੁਖਿ ਰੰਗੁ ਚਲੂਲਾ ਹੋਈ ॥੨॥ | the Gurmukh is imbued with the deep red color of His Love. \|\|2\|\| |
| ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥ | The foolish, self-willed manmukh is left pale and uncolored. |
| ੭੩੩ | 733 |
| ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥ | Even if he wishes it a hundred times, he does not obtain the Lord's Love. \|\|3\|\| |
| ਨਦਰਿ ਕਰੇ ਤਾ ਸਤਿਗੁਰੁ ਪਾਵੈ ॥ | But if the Lord blesses him with His Glance of Grace, then he meets the True Guru. |
| ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥੪॥੨॥੬॥ | Nanak is absorbed into the subtle essence of the Lord's Love. \|\|4\|\|2\|\|6\|\| |

| | |
|---|---|
| ਸੂਹੀ ਮਹਲਾ ੪ ॥ | Soohee, Fourth Mehl: |
| ਜਿਹਵਾ ਹਰਿ ਰਸਿ ਰਹੀ ਅਘਾਇ ॥ | My tongue remains satisfied with the subtle essence of the Lord. |
| ਗੁਰਮੁਖਿ ਪੀਵੈ ਸਹਜਿ ਸਮਾਇ ॥੧॥ | The Gurmukh drinks it in, and merges in celestial peace. \|\|1\|\| |
| ਹਰਿ ਰਸੁ ਜਨ ਚਾਖਹੁ ਜੇ ਭਾਈ ॥ | If you taste the subtle essence of the Lord, O humble Siblings of Destiny, |
| ਤਉ ਕਤ ਅਨਤ ਸਾਦਿ ਲੋਭਾਈ ॥੧॥ ਰਹਾਉ ॥ | then how can you be enticed by other flavors? \|\|1\|\|Pause\|\| |
| ਗੁਰਮਤਿ ਰਸੁ ਰਾਖਹੁ ਉਰ ਧਾਰਿ ॥ | Under Guru's Instructions, keep this subtle essence enshrined in your heart. |
| ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥ | Those who are imbued with the subtle essence of the Lord, are immersed in celestial bliss. \|\|2\|\| |
| ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥ | The self-willed manmukh cannot even taste the subtle essence of the Lord. |
| ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥ | He acts out in ego, and suffers terrible punishment. \|\|3\|\| |
| ਨਦਰਿ ਕਰੇ ਤਾ ਹਰਿ ਰਸੁ ਪਾਵੈ ॥ | But if he is blessed with the Lord's Kind Mercy, then he obtains the subtle essence of the Lord. |
| ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥੪॥੩॥੭॥ | O Nanak, absorbed in this subtle essence of the Lord, sing the Glorious Praises of the Lord. \|\|4\|\|3\|\|7\|\| |
| ਸੂਹੀ ਮਹਲਾ ੪ ਘਰੁ ੬ | Soohee, Fourth Mehl, Sixth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥ | When someone of low social class chants the Lord's Name, he obtains the state of highest dignity. |
| ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥ | Go and ask Bidar, the son of a maid; Krishna himself stayed in his house. \|\|1\|\| |
| ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥੧॥ ਰਹਾਉ ॥ | Listen, O humble Siblings of Destiny, to the Unspoken Speech of the Lord; it removes all anxiety, pain and hunger. \|\|1\|\|Pause\|\| |
| ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ ॥ | Ravi Daas, the leather-worker, praised the Lord, and sang the Kirtan of His Praises each and every instant. |

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ ॥੨॥

Although he was of low social status, he was exalted and elevated, and people of all four castes came and bowed at his feet. ||2||

ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥

Naam Dayv loved the Lord; the people called him a fabric dyer.

ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥੩॥

The Lord turned His back on the high-class Kh'shaatriyas and Brahmins, and showed His face to Naam Dayv. ||3||

ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥

All of the devotees and servants of the Lord have the tilak, the ceremonial mark, applied to their foreheads at the sixty-eight sacred shrines of pilgrimage.

ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੇ ਕ੍ਰਿਪਾ ਕਰੇ ਹਰਿ ਰਾਇ ॥੪॥੧॥੮॥

Servant Nanak shall touch their feet night and day, if the Lord, the King, grants His Grace. ||4||1||8||

ਸੂਹੀ ਮਹਲਾ ੪ ॥

Soohee, Fourth Mehl:

ਤਿਨ੍ਹੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥

They alone worship and adore the Lord deep within, who are blessed with such pre-ordained destiny from the very beginning of time.

ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥

What can anyone do to undermine them? My Creator Lord is on their side. ||1||

ਹਰਿ ਹਰਿ ਧਿਆਇ ਮਨ ਮੇਰੇ ਮਨ ਧਿਆਇ ਹਰਿ ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ ਰਹਾਉ ॥

So meditate on the Lord, Har, Har, O my mind. Meditate on the Lord, O mind; He is the Eliminator of all the pains of reincarnation. ||1||Pause||

ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥

In the very beginning, the Lord blessed His devotees with the Ambrosial Nectar, the treasure of devotion.

ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥

Anyone who tries to compete with them is a fool; his face shall be blackened here and hereafter. ||2||

ਸੇ ਭਗਤ ਸੇ ਸੇਵਕਾ ਜਿਨਾ ਹਰਿ ਨਾਮੁ ਪਿਆਰਾ ॥

They alone are devotees, and they alone are selfless servants, who love the Lord's Name.

ਤਿਨ ਕੀ ਸੇਵਾ ਤੇ ਹਰਿ ਪਾਈਐ ਸਿਰਿ ਨਿੰਦਕ ਕੈ ਪਵੈ ਛਾਰਾ ॥੩॥

By their selfless service, they find the Lord, while ashes fall on the heads of the slanderers. ||3||

ਜਿਸੁ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥

He alone knows this, who experiences it within the home of his own self. Ask Guru Nanak, the Guru of the world, and reflect upon it.

ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥

Throughout the four generations of the Gurus, from the beginning of time and throughout the ages, no one has ever found the Lord by back-biting and undermining. Only by serving the Lord with love, is one emancipated. ||4||2||9||

ਸੂਹੀ ਮਹਲਾ ੪ ॥

Soohee, Fourth Mehl:

ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ ॥

Wherever the Lord is worshipped in adoration, there the Lord becomes one's friend and helper.

**੭੩੪**

**734**

ਗੁਰ ਕਿਰਪਾ ਤੇ ਹਰਿ ਮਨਿ ਵਸੈ ਹੋਰਤੁ ਬਿਧਿ ਲਇਆ ਨ ਜਾਈ ॥੧॥

By Guru's Grace, the Lord comes to dwell in the mind; He cannot be obtained in any other way. ||1||

ਹਰਿ ਧਨੁ ਸੰਚੀਐ ਭਾਈ ॥

So gather in the wealth of the Lord, O Siblings of Destiny,

ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥੧॥ ਰਹਾਉ ॥

so that in this world and the next, the Lord shall be your friend and companion. ||1||Pause||

ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥

In the company of the Sat Sangat, the True Congregation, you shall earn the wealth of the Lord; this wealth of the Lord is not obtained anywhere else, by any other means, at all.

ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ ॥੨॥

The dealer in the Lord's Jewels purchases the wealth of the Lord's jewels; the dealer in cheap glass jewels cannot acquire the Lord's wealth by empty words. ||2||

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ ॥

The Lord's wealth is like jewels, gems and rubies. At the appointed time in the Amrit Vaylaa, the ambrosial hours of the morning, the Lord's devotees lovingly center their attention on the Lord, and the wealth of the Lord.

| | |
|---|---|
| ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ | The devotees of the Lord plant the seed of the Lord's wealth in the ambrosial hours of the Amrit Vaylaa; they eat it, and spend it, but it is never exhausted. |
| ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ ॥੩॥ | In this world and the next, the devotees are blessed with glorious greatness, the wealth of the Lord. \|\|3\|\| |
| ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥ | The wealth of the Fearless Lord is permanent, forever and ever, and true. This wealth of the Lord cannot be destroyed by fire or water; neither thieves nor the Messenger of Death can take it away. |
| ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ ॥੪॥ | Thieves cannot even approach the Lord's wealth; Death, the tax collector cannot tax it. \|\|4\|\| |
| ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ ॥ | The faithless cynics commit sins and gather in their poisonous wealth, but it shall not go along with them for even a single step. |
| ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥ | In this world, the faithless cynics become miserable, as it slips away through their hands. In the world hereafter, the faithless cynics find no shelter in the Court of the Lord. \|\|5\|\| |
| ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥ | The Lord Himself is the Banker of this wealth, O Saints; when the Lord gives it, the mortal loads it and takes it away. |
| ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ ॥੬॥੩॥੧੦॥ | This wealth of the Lord is never exhausted; the Guru has given this understanding to servant Nanak. \|\|6\|\|3\|\|10\|\| |
| ਸੂਹੀ ਮਹਲਾ ੪ ॥ | Soohee, Fourth Mehl: |
| ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ ॥ | That mortal, with whom the Lord is pleased, repeats the Glorious Praises of the Lord; he alone is a devotee, and he alone is approved. |
| ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥ | How can his glory be described? Within his heart, the Primal Lord, the Lord God, abides. \|\|1\|\| |

ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥੧॥ ਰਹਾਉ ॥

Sing the Glorious Praises of the Lord of the Universe; focus your meditation on the True Guru. ||1||Pause||

ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ ॥

He is the True Guru - service to the True Guru is fruitful and rewarding. By this service, the greatest treasure is obtained.

ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ ॥੨॥

The faithless cynics in their love of duality and sensual desires, harbor foul-smelling urges. They are totally useless and ignorant. ||2||

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥

One who has faith - his singing is approved. He is honored in the Court of the Lord.

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥

Those who lack faith may close their eyes, hypocritically pretending and faking devotion, but their false pretenses shall soon wear off. ||3||

ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ ॥

My soul and body are totally Yours, Lord; You are the Inner-knower, the Searcher of hearts, my Primal Lord God.

ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥੪॥੪॥੧੧॥

So speaks servant Nanak, the slave of Your slaves; as You make me speak, so do I speak. ||4||4||11||

## ੭੩੫

## 735

ਸੂਹੀ ਮਹਲਾ ੪ ਘਰੁ ੭
ੴ ਸਤਿਗੁਰ ਪ੍ਰਸਾਦਿ ॥

Soohee, Fourth Mehl, Seventh House:

One Universal Creator God.
By The Grace Of The True Guru:

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥

Which, which of Your Glorious Virtues should I sing and recount, Lord? You are my Lord and Master, the treasure of excellence.

ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ ॥੧॥

I cannot express Your Glorious Praises. You are my Lord and Master, lofty and benevolent. ||1||

ਮੈ ਹਰਿ ਹਰਿ ਨਾਮੁ ਧਰ ਸੋਈ ॥

The Name of the Lord, Har, Har, is my only support.

| | |
|---|---|
| ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ ॥੧॥ ਰਹਾਉ ॥ | If it pleases You, please save me, O my Lord and Master; without You, I have no other at all. ‖1‖Pause‖ |
| ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥ | You alone are my strength, and my Court, O my Lord and Master; unto You alone I pray. |
| ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨॥ | There is no other place where I can offer my prayers; I can tell my pains and pleasures only to You. ‖2‖ |
| ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ ॥ | Water is locked up in the earth, and fire is locked up in wood. |
| ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥੩॥ | The sheep and the lions are kept in one place; O mortal, meditate on the Lord, and your doubts and fears shall be removed. ‖3‖ |
| ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ ॥ | So behold the glorious greatness of the Lord, O Saints; the Lord blesses the dishonored with honor. |
| ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥੪॥੧॥੧੨॥ | As dust rises from underfoot, O Nanak, so does the Lord make all people fall at the feet of the Holy. ‖4‖1‖12‖ |
| ਸੂਹੀ ਮਹਲਾ ੪ ॥ | Soohee, Fourth Mehl: |
| ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ ਕਿਆ ਤੁਧੁ ਪਹਿ ਆਖਿ ਸੁਣਾਈਐ ॥ | You Yourself, O Creator, know everything; what can I possibly tell You? |
| ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਜੇਹਾ ਕੋ ਕਰੇ ਤੇਹਾ ਕੋ ਪਾਈਐ ॥੧॥ | You know all the bad and the good; as we act, so are we rewarded. ‖1‖ |
| ਮੇਰੇ ਸਾਹਿਬ ਤੂੰ ਅੰਤਰ ਕੀ ਬਿਧਿ ਜਾਣਹਿ ॥ | O my Lord and Master, You alone know the state of my inner being. |
| ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ ਤੁਧੁ ਭਾਵੈ ਤਿਵੈ ਬੁਲਾਵਹਿ ॥੧॥ ਰਹਾਉ ॥ | You know all the bad and the good; as it pleases You, so You make us speak. ‖1‖Pause‖ |
| ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥ | The Lord has infused the love of Maya into all bodies; through this human body, there comes the opportunity to worship the Lord with devotion. |

| | |
|---|---|
| ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ ॥੨॥ | You unite some with the True Guru, and bless them with peace; while others, the self-willed manmukhs, are engrossed in worldly affairs. \|\|2\|\| |
| ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥ | All belong to You, and You belong to all, O my Creator Lord; You wrote the words of destiny on the forehead of everyone. |
| ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ ਭੇਖੁ ॥੩॥ | As You bestow Your Glance of Grace, so are mortals made; without Your Gracious Glance, no one assumes any form. \|\|3\|\| |
| ਤੇਰੀ ਵਡਿਆਈ ਤੂੰਹੈ ਜਾਣਹਿ ਸਭ ਤੁਧਨੋ ਨਿਤ ਧਿਆਏ ॥ | You alone know Your Glorious Greatness; everyone constantly meditates on You. |
| ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ ਜਨ ਨਾਨਕ ਸੋ ਥਾਇ ਪਾਏ ॥੪॥੨॥੧੩॥ | That being, with whom You are pleased, is united with You; O servant Nanak, only such a mortal is accepted. \|\|4\|\|2\|\|13\|\| |
| ਸੂਹੀ ਮਹਲਾ ੪ ॥ | Soohee, Fourth Mehl: |
| ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ ਤਿਨ ਕੇ ਸਭਿ ਰੋਗ ਗਵਾਏ ॥ | Those beings, within whose inner selves my Lord, Har, Har, dwells - all their diseases are cured. |
| ਤੇ ਮੁਕਤ ਭਏ ਜਿਨ ਹਰਿ ਨਾਮੁ ਧਿਆਇਆ ਤਿਨ ਪਵਿਤੁ ਪਰਮ ਪਦੁ ਪਾਏ ॥੧॥ | They alone become liberated, who meditate on the Name of the Lord; they obtain the supreme status. \|\|1\|\| |
| ਮੇਰੇ ਰਾਮ ਹਰਿ ਜਨ ਆਰੋਗ ਭਏ ॥ | O my Lord, the Lord's humble servants become healthy. |
| ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ ॥੧॥ ਰਹਾਉ ॥ | Those who meditate on my Lord, Har, Har, through the Word of the Guru's Teachings, are rid of the disease of ego. \|\|1\|\|Pause\|\| |
| ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥ | Brahma, Vishnu and Shiva suffer from the disease of the three gunas - the three qualities; they do their deeds in egotism. |
| ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥ | The poor fools do not remember the One who created them; this understanding of the Lord is only obtained by those who become Gurmukh. \|\|2\|\| |
| ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ ॥ | The entire world is afflicted by the disease of egotism. They suffer the terrible pains of birth and death. |

| ੭੩੬ | 736 |
|---|---|
| ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ ॥੩॥ | By Guru's Grace, a few rare ones are saved; I am a sacrifice to those humble beings. \|\|3\|\| |
| ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ ਤਾ ਕਾ ਰੂਪੁ ਅਪਾਰੋ ॥ | The One who created the Universe, that Lord alone knows. His beauty is incomparable. |
| ਨਾਨਕ ਆਪੇ ਵੇਖਿ ਹਰਿ ਬਿਗਸੈ ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥ | O Nanak, the Lord Himself gazes upon it, and is pleased. The Gurmukh contemplates God. \|\|4\|\|3\|\|14\|\| |
| ਸੂਹੀ ਮਹਲਾ ੪ ॥ | Soohee, Fourth Mehl: |
| ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥ | All that happens, and all that will happen, is by His Will. If we could do something by ourselves, we would. |
| ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥ | By ourselves, we cannot do anything at all. As it pleases the Lord, He preserves us. \|\|1\|\| |
| ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ | O my Dear Lord, everything is in Your power. |
| ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ ਰਹਾਉ ॥ | I have no power to do anything at all. As it pleases You, You forgive us. \|\|1\|\|Pause\|\| |
| ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥ | You Yourself bless us with soul, body and everything. You Yourself cause us to act. |
| ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥ | As You issue Your Commands, so do we act, according to our pre-ordained destiny. \|\|2\|\| |
| ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥ | You created the entire Universe out of the five elements; if anyone can create a sixth, let him. |
| ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ | You unite some with the True Guru, and cause them to understand, while others, the self-willed manmukhs, do their deeds and cry out in pain. \|\|3\|\| |
| ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥ | I cannot describe the glorious greatness of the Lord; I am foolish, thoughtless, idiotic and lowly. |

| | |
|---|---|
| ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥ | Please, forgive servant Nanak, O my Lord and Master; I am ignorant, but I have entered Your Sanctuary. \|\|4\|\|4\|\|15\|\|24\|\| |
| ਰਾਗੁ ਸੂਹੀ ਮਹਲਾ ੫ ਘਰੁ ੧ | Raag Soohee, Fifth Mehl, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਬਾਜੀਗਰਿ ਜੈਸੇ ਬਾਜੀ ਪਾਈ ॥ | The actor stages the play, |
| ਨਾਨਾ ਰੂਪ ਭੇਖ ਦਿਖਲਾਈ ॥ | playing the many characters in different costumes; |
| ਸਾਂਗੁ ਉਤਾਰਿ ਥੰਮਿ੍ਓ ਪਾਸਾਰਾ ॥ | but when the play ends, he takes off the costumes, |
| ਤਬ ਏਕੋ ਏਕੰਕਾਰਾ ॥੧॥ | and then he is one, and only one. \|\|1\|\| |
| ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ | How many forms and images appeared and disappeared? |
| ਕਤਹਿ ਗਇਓ ਉਹੁ ਕਤ ਤੇ ਆਇਓ ॥੧॥ ਰਹਾਉ ॥ | Where have they gone? Where did they come from? \|\|1\|\|Pause\|\| |
| ਜਲ ਤੇ ਊਠਹਿ ਅਨਿਕ ਤਰੰਗਾ ॥ | Countless waves rise up from the water. |
| ਕਨਿਕ ਭੂਖਨ ਕੀਨੇ ਬਹੁ ਰੰਗਾ ॥ | Jewels and ornaments of many different forms are fashioned from gold. |
| ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ | I have seen seeds of all kinds being planted |
| ਫਲ ਪਾਕੇ ਤੇ ਏਕੰਕਾਰਾ ॥੨॥ | - when the fruit ripens, the seeds appear in the same form as the original. \|\|2\|\| |
| ਸਹਸ ਘਟਾ ਮਹਿ ਏਕੁ ਆਕਾਸੁ ॥ | The one sky is reflected in thousands of water jugs, |
| ਘਟ ਫੂਟੇ ਤੇ ਓਹੀ ਪ੍ਰਗਾਸੁ ॥ | but when the jugs are broken, only the sky remains. |
| ਭਰਮ ਲੋਭ ਮੋਹ ਮਾਇਆ ਵਿਕਾਰ ॥ | Doubt comes from greed, emotional attachment and the corruption of Maya. |
| ਭ੍ਰਮ ਛੂਟੇ ਤੇ ਏਕੰਕਾਰ ॥੩॥ | Freed from doubt, one realizes the One Lord alone. \|\|3\|\| |
| ਓਹੁ ਅਬਿਨਾਸੀ ਬਿਨਸਤ ਨਾਹੀ ॥ | He is imperishable; He will never pass away. |
| ਨਾ ਕੋ ਆਵੈ ਨਾ ਕੋ ਜਾਹੀ ॥ | He does not come, and He does not go. |
| ਗੁਰਿ ਪੂਰੈ ਹਉਮੈ ਮਲੁ ਧੋਈ ॥ | The Perfect Guru has washed away the filth of ego. |
| ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ | Says Nanak, I have obtained the supreme status. \|\|4\|\|1\|\| |

| | |
|---|---|
| ਸੂਹੀ ਮਹਲਾ ੫ ॥ | Soohee, Fifth Mehl: |
| ਕੀਤਾ ਲੋੜਹਿ ਸੋ ਪ੍ਰਭ ਹੋਇ ॥ | Whatever God wills, that alone happens. |
| ਤੁਝ ਬਿਨੁ ਦੂਜਾ ਨਾਹੀ ਕੋਇ ॥ | Without You, there is no other at all. |
| ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥ | The humble being serves Him, and so all his works are perfectly successful. |
| ਦਾਸ ਅਪੁਨੇ ਕੀ ਰਾਖਹੁ ਲਾਜ ॥੧॥ | O Lord, please preserve the honor of Your slaves. \|\|1\|\| |
| ਤੇਰੀ ਸਰਣਿ ਪੂਰਨ ਦਇਆਲਾ ॥ | I seek Your Sanctuary, O Perfect, Merciful Lord. |
| ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ ਰਹਾਉ ॥ | Without You, who would cherish and love me? \|\|1\|\|Pause\|\| |
| ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ | He is permeating and pervading the water, the land and the sky. |
| ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥ | God dwells near at hand; He is not far away. |
| ਲੋਕ ਪਤੀਆਰੈ ਕਛੂ ਨ ਪਾਈਐ ॥ | By trying to please other people, nothing is accomplished. |
| ਸਾਚਿ ਲਗੈ ਤਾ ਹਉਮੈ ਜਾਈਐ ॥੨॥ | When someone is attached to the True Lord, his ego is taken away. \|\|2\|\| |
| **੭੩੭** | **737** |
| ਜਿਸ ਨੋ ਲਾਇ ਲਏ ਸੋ ਲਾਗੈ ॥ | He alone is attached, whom the Lord Himself attaches. |
| ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥ | The jewel of spiritual wisdom is awakened deep within. |
| ਦੁਰਮਤਿ ਜਾਇ ਪਰਮ ਪਦੁ ਪਾਏ ॥ | Evil-mindedness is eradicated, and the supreme status is attained. |
| ਗੁਰ ਪਰਸਾਦੀ ਨਾਮੁ ਧਿਆਏ ॥੩॥ | By Guru's Grace, meditate on the Naam, the Name of the Lord. \|\|3\|\| |
| ਦੁਇ ਕਰ ਜੋੜਿ ਕਰਉ ਅਰਦਾਸਿ ॥ | Pressing my palms together, I offer my prayer; |
| ਤੁਧੁ ਭਾਵੈ ਤਾ ਆਣਹਿ ਰਾਸਿ ॥ | if it pleases You, Lord, please bless me and fulfill me. |
| ਕਰਿ ਕਿਰਪਾ ਅਪਨੀ ਭਗਤੀ ਲਾਇ ॥ | Grant Your Mercy, Lord, and bless me with devotion. |
| ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥ | Servant Nanak meditates on God forever. \|\|4\|\|2\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ | Blessed is that soul-bride, who realizes God. |

| | |
|---|---|
| ਮਾਨੈ ਹੁਕਮੁ ਤਜੈ ਅਭਿਮਾਨੈ ॥ | She obeys the Hukam of His Order, and abandons her self-conceit. |
| ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥ | Imbued with her Beloved, she celebrates in delight. \|\|1\|\| |
| ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ ॥ | Listen, O my companions - these are the signs on the Path to meet God. |
| ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ ॥੧॥ ਰਹਾਉ ॥ | Dedicate your mind and body to Him; stop living to please others. \|\|1\|\|Pause\|\| |
| ਸਖੀ ਸਹੇਲੀ ਕਉ ਸਮਝਾਵੈ ॥ | One soul-bride counsels another, |
| ਸੋਈ ਕਮਾਵੈ ਜੋ ਪ੍ਰਭ ਭਾਵੈ ॥ | to do only that which pleases God. |
| ਸਾ ਸੋਹਾਗਣਿ ਅੰਕਿ ਸਮਾਵੈ ॥੨॥ | Such a soul-bride merges into the Being of God. \|\|2\|\| |
| ਗਰਬਿ ਗਹੇਲੀ ਮਹਲੁ ਨ ਪਾਵੈ ॥ | One who is in the grip of pride does not obtain the Mansion of the Lord's Presence. |
| ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ | She regrets and repents, when her life-night passes away. |
| ਕਰਮਹੀਣਿ ਮਨਮੁਖਿ ਦੁਖੁ ਪਾਵੈ ॥੩॥ | The unfortunate self-willed manmukhs suffer in pain. \|\|3\|\| |
| ਬਿਨਉ ਕਰੀ ਜੇ ਜਾਣਾ ਦੂਰਿ ॥ | I pray to God, but I think that He is far away. |
| ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ | God is imperishable and eternal; He is pervading and permeating everywhere. |
| ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥ | Servant Nanak sings of Him; I see Him Ever-present everywhere. \|\|4\|\|3\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ ॥ | The Giver has put this household of my being under my own control. I am now the mistress of the Lord's Home. |
| ਦਸ ਦਾਸੀ ਕਰਿ ਦੀਨੀ ਭਤਾਰਿ ॥ | My Husband Lord has made the ten senses and organs of actions my slaves. |
| ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ | I have gathered together all the faculties and facilities of this house. |
| ਆਸ ਪਿਆਸੀ ਪਿਰ ਕਉ ਲੋੜੀ ॥੧॥ | I am thirsty with desire and longing for my Husband Lord. \|\|1\|\| |
| ਕਵਨ ਕਹਾ ਗੁਨ ਕੰਤ ਪਿਆਰੇ ॥ | What Glorious Virtues of my Beloved Husband Lord should I describe? |

| | |
|---|---|
| ਸੁਘੜ ਸਰੂਪ ਦਇਆਲ ਮੁਰਾਰੇ ॥੧॥ ਰਹਾਉ ॥ | He is All-knowing, totally beautiful and merciful; He is the Destroyer of ego. \|\|1\|\|Pause\|\| |
| ਸਤੁ ਸੀਗਾਰੁ ਭਉ ਅੰਜਨੁ ਪਾਇਆ ॥ | I am adorned with Truth, and I have applied the mascara of the Fear of God to my eyes. |
| ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥ | I have chewed the betel-leaf of the Ambrosial Naam, the Name of the Lord. |
| ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ | My bracelets, robes and ornaments beautifully adorn me. |
| ਧਨ ਸਭ ਸੁਖ ਪਾਵੈ ਜਾਂ ਪਿਰੁ ਘਰਿ ਆਵੈ ॥੨॥ | The soul-bride becomes totally happy, when her Husband Lord comes to her home. \|\|2\|\| |
| ਗੁਣ ਕਾਮਣ ਕਰਿ ਕੰਤੁ ਰੀਝਾਇਆ ॥ | By the charms of virtue, I have enticed and fascinated my Husband Lord. |
| ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ ॥ | He is under my power - the Guru has dispelled my doubts. |
| ਸਭ ਤੇ ਊਚਾ ਮੰਦਰੁ ਮੇਰਾ ॥ | My mansion is lofty and elevated. |
| ਸਭ ਕਾਮਣਿ ਤਿਆਗੀ ਪ੍ਰਿਉ ਪ੍ਰੀਤਮੁ ਮੇਰਾ ॥੩॥ | Renouncing all other brides, my Beloved has become my lover. \|\|3\|\| |
| ਪ੍ਰਗਟਿਆ ਸੂਰੁ ਜੋਤਿ ਉਜੀਆਰਾ ॥ | The sun has risen, and its light shines brightly. |
| ਸੇਜ ਵਿਛਾਈ ਸਰਧ ਅਪਾਰਾ ॥ | I have prepared my bed with infinite care and faith. |
| ਨਵ ਰੰਗ ਲਾਲੁ ਸੇਜ ਰਾਵਣ ਆਇਆ ॥ | My Darling Beloved is new and fresh; He has come to my bed to enjoy me. |
| ਜਨ ਨਾਨਕ ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥ | O Servant Nanak, my Husband Lord has come; the soul-bride has found peace. \|\|4\|\|4\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਉਮਕਿਓ ਹੀਉ ਮਿਲਨ ਪ੍ਰਭ ਤਾਈ ॥ | An intense yearning to meet God has welled up in my heart. |
| ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ | I have gone out searching to find my Beloved Husband Lord. |
| ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥ | Hearing news of my Beloved, I have laid out my bed in my home. |
| ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥ | Wandering, wandering all around, I came, but I did not even see Him. \|\|1\|\| |
| ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥ | How can this poor heart be comforted? |

| | |
|---|---|
| ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥ | Come and meet me, O Friend; I am a sacrifice to You. \|\|1\|\|Pause\|\| |
| ਏਕਾ ਸੇਜ ਵਿਛੀ ਧਨ ਕੰਤਾ ॥ | One bed is spread out for the bride and her Husband Lord. |
| ਧਨ ਸੂਤੀ ਪਿਰੁ ਸਦ ਜਾਗੰਤਾ ॥ | The bride is asleep, while her Husband Lord is always awake. |
| ਪੀਓ ਮਦਰੋ ਧਨ ਮਤਵੰਤਾ ॥ | The bride is intoxicated, as if she has drunk wine. |
| ਧਨ ਜਾਗੈ ਜੇ ਪਿਰੁ ਬੋਲੰਤਾ ॥੨॥ | The soul-bride only awakens when her Husband Lord calls to her. \|\|2\|\| |
| ਭਈ ਨਿਰਾਸੀ ਬਹੁਤੁ ਦਿਨ ਲਾਗੇ ॥ | She has lost hope - so many days have passed. |
| ਦੇਸ ਦਿਸੰਤਰ ਮੈ ਸਗਲੇ ਝਾਗੇ ॥ | I have travelled through all the lands and the countries. |
| **੭੩੮** | **738** |
| ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ ॥ | I cannot survive, even for an instant, without the feet of my Beloved. |
| ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥ | When God becomes Merciful, I become fortunate, and then I meet Him. \|\|3\|\| |
| ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥ | Becoming Merciful, He has united me with the Sat Sangat, the True Congregation. |
| ਬੂਝੀ ਤਪਤਿ ਘਰਹਿ ਪਿਰੁ ਪਾਇਆ ॥ | The fire has been quenched, and I have found my Husband Lord within my own home. |
| ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ | I am now adorned with all sorts of decorations. |
| ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥ | Says Nanak, the Guru has dispelled my doubt. \|\|4\|\| |
| ਜਹ ਦੇਖਾ ਤਹ ਪਿਰੁ ਹੈ ਭਾਈ ॥ | Wherever I look, I see my Husband Lord there, O Siblings of Destiny. |
| ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ ਰਹਾਉ ਦੂਜਾ ॥੫॥ | When the door is opened, then the mind is restrained. \|\|1\|\|Second Pause\|\|5\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਨ ਕੇ ਦਾਤਾਰੇ ॥ | What virtues and excellences of Yours should I cherish and contemplate? I am worthless, while You are the Great Giver. |

| | |
|---|---|
| ਬੈ ਖਰੀਦੁ ਕਿਆ ਕਰੇ ਚਤੁਰਾਈ ਇਹੁ ਜੀਉ ਪਿੰਡੁ ਸਭੁ ਥਾਰੇ ॥੧॥ | I am Your slave - what clever tricks could I ever try? This soul and body are totally Yours\|\|1\|\| |
| ਲਾਲ ਰੰਗੀਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ ॥੧॥ ਰਹਾਉ ॥ | O my Darling, Blissful Beloved, who fascinates my mind - I am a sacrifice to the Blessed Vision of Your Darshan. \|\|1\|\|Pause\|\| |
| ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ ਸਦਾ ਸਦਾ ਉਪਕਾਰੇ ॥ | O God, You are the Great Giver, and I am just a poor beggar; You are forever and ever benevolent. |
| ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ ਅਗਮ ਅਪਾਰੇ ॥੨॥ | I cannot accomplish anything by myself, O my Unapproachable and Infinite Lord and Master. \|\|2\|\| |
| ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ਬਿਧਿ ਕਿਤੁ ਪਾਵਉ ਦਰਸਾਰੇ ॥ | What service can I perform? What should I say to please You? How can I gain the Blessed Vision of Your Darshan? |
| ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ ॥੩॥ | Your extent cannot be found - Your limits cannot be found. My mind longs for Your Feet. \|\|3\|\| |
| ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ ॥ | I beg with persistence to receive this gift, that the dust of the Saints might touch my face. |
| ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥ | The Guru has showered His Mercy upon servant Nanak; reaching out with His Hand, God has delivered him. \|\|4\|\|6\|\| |
| ਸੂਹੀ ਮਹਲਾ ੫ ਘਰੁ ੩ | Soohee, Fifth Mehl, Third House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸੇਵਾ ਥੋਰੀ ਮਾਗਨੁ ਬਹੁਤਾ ॥ | His service is insignificant, but his demands are very great. |
| ਮਹਲੁ ਨ ਪਾਵੈ ਕਹਤੋ ਪਹੁਤਾ ॥੧॥ | He does not obtain the Mansion of the Lord's Presence, but he says that he has arrived there\|\|1\|\| |
| ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ | He competes with those who have been accepted by the Beloved Lord. |
| ਕੂੜੇ ਮੂਰਖ ਕੀ ਹਾਠੀਸਾ ॥੧॥ ਰਹਾਉ ॥ | This is how stubborn the false fool is! \|\|1\|\|Pause\|\| |
| ਭੇਖ ਦਿਖਾਵੈ ਸਚੁ ਨ ਕਮਾਵੈ ॥ | He wears religious robes, but he does not practice Truth. |

| | |
|---|---|
| ਕਹਤੋ ਮਹਲੀ ਨਿਕਟਿ ਨ ਆਵੈ ॥੨॥ | He says that he has found the Mansion of the Lord's Presence, but he cannot even get near it. \|\|2\|\| |
| ਅਤੀਤੁ ਸਦਾਏ ਮਾਇਆ ਕਾ ਮਾਤਾ ॥ | He says that he is unattached, but he is intoxicated with Maya. |
| ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ ॥੩॥ | There is no love in his mind, and yet he says that he is imbued with the Lord. \|\|3\|\| |
| ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥ | Says Nanak, hear my prayer, God: |
| ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥ | I am silly, stubborn and filled with sexual desire - please, liberate me! \|\|4\|\| |
| ਦਰਸਨ ਦੇਖੇ ਕੀ ਵਡਿਆਈ ॥ | I gaze upon the glorious greatness of the Blessed Vision of Your Darshan. |
| ਤੁਮ੍ ਸੁਖਦਾਤੇ ਪੁਰਖ ਸੁਭਾਈ ॥੧॥ ਰਹਾਉ ਦੂਜਾ ॥੧॥੭॥ | You are the Giver of Peace, the Loving Primal Being. \|\|1\|\|Second Pause\|\|1\|\|7\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਬੁਰੇ ਕਾਮ ਕਉ ਊਠਿ ਖਲੋਇਆ ॥ | He gets up early, to do his evil deeds, |
| ਨਾਮ ਕੀ ਬੇਲਾ ਪੈ ਪੈ ਸੋਇਆ ॥੧॥ | but when it is time to meditate on the Naam, the Name of the Lord, then he sleeps. \|\|1\|\| |
| ਅਉਸਰੁ ਅਪਨਾ ਬੂਝੈ ਨ ਇਆਨਾ ॥ | The ignorant person does not take advantage of the opportunity. |
| ਮਾਇਆ ਮੋਹ ਰੰਗਿ ਲਪਟਾਨਾ ॥੧॥ ਰਹਾਉ ॥ | He is attached to Maya, and engrossed in worldly delights. \|\|1\|\|Pause\|\| |
| ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥ | He rides the waves of greed, puffed up with joy. |
| ਸਾਧ ਜਨਾ ਕਾ ਦਰਸੁ ਨ ਡੀਠਾ ॥੨॥ | He does not see the Blessed Vision of the Darshan of the Holy. \|\|2\|\| |
| ਕਬਹੂ ਨ ਸਮਝੈ ਅਗਿਆਨੁ ਗਵਾਰਾ ॥ | The ignorant clown will never understand. |
| ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ ਰਹਾਉ ॥ | Again and again, he becomes engrossed in entanglements. \|\|1\|\|Pause\|\| |
| ਬਿਖੈ ਨਾਦ ਕਰਨ ਸੁਣਿ ਭੀਨਾ ॥ | He listens to the sounds of sin and the music of corruption, and he is pleased. |

| | |
|---|---|
| ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥ | His mind is too lazy to listen to the Praises of the Lord. \|\|3\|\| |
| ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥ | You do not see with your eyes - you are so blind! |
| ਛੋਡਿ ਜਾਹਿ ਝੂਠੇ ਸਭਿ ਧੰਧੇ ॥੧॥ ਰਹਾਉ ॥ | You shall have to leave all these false affairs. \|\|1\|\|Pause\|\| |
| ਕਹੁ ਨਾਨਕ ਪ੍ਰਭ ਬਖਸ ਕਰੀਜੈ ॥ | Says Nanak, please forgive me, God. |
| **੭੩੯** | 739 |
| ਕਰਿ ਕਿਰਪਾ ਮੋਹਿ ਸਾਧਸੰਗੁ ਦੀਜੈ ॥੪॥ | Have Mercy upon me, and bless me with the Saadh Sangat, the Company of the Holy. \|\|4\|\| |
| ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥ | He alone obtains something, who becomes the dust under the feet of all. |
| ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧॥ ਰਹਾਉ ॥੨॥੮॥ | And he alone repeats the Naam, whom God causes to understand. \|\|1\|\|Pause\|\|2\|\|8\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਘਰ ਮਹਿ ਠਾਕੁਰੁ ਨਦਰਿ ਨ ਆਵੈ ॥ | Within the home of his own self, he does not even come to see his Lord and Master. |
| ਗਲ ਮਹਿ ਪਾਹਣੁ ਲੈ ਲਟਕਾਵੈ ॥੧॥ | And yet, around his neck, he hangs a stone god. \|\|1\|\| |
| ਭਰਮੇ ਭੂਲਾ ਸਾਕਤੁ ਫਿਰਤਾ ॥ | The faithless cynic wanders around, deluded by doubt. |
| ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ ਰਹਾਉ ॥ | He churns water, and after wasting his life away, he dies. \|\|1\|\|Pause\|\| |
| ਜਿਸੁ ਪਾਹਣ ਕਉ ਠਾਕੁਰੁ ਕਹਤਾ ॥ | That stone, which he calls his god, |
| ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥ | that stone pulls him down and drowns him. \|\|2\|\| |
| ਗੁਨਹਗਾਰ ਲੂਣ ਹਰਾਮੀ ॥ | O sinner, you are untrue to your own self; |
| ਪਾਹਣ ਨਾਵ ਨ ਪਾਰਗਿਰਾਮੀ ॥੩॥ | a boat of stone will not carry you across. \|\|3\|\| |
| ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥ | Meeting the Guru, O Nanak, I know my Lord and Master. |

| | |
|---|---|
| ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥ | The Perfect Architect of Destiny is pervading and permeating the water, the land and the sky. \|\|4\|\|3\|\|9\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਲਾਲਨੁ ਰਾਵਿਆ ਕਵਨ ਗਤੀ ਰੀ ॥ | How have you enjoyed your Dear Beloved? |
| ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥ | O sister, please teach me, please show me. \|\|1\|\| |
| ਸੂਹਬ ਸੂਹਬ ਸੂਹਵੀ ॥ ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ ਰਹਾਉ ॥ | Crimson, crimson, crimson - this is the color of the soul-bride who is imbued with the Love of her Beloved. \|\|1\|\|Pause\|\| |
| ਪਾਵ ਮਲੋਵਉ ਸੰਗਿ ਨੈਨ ਭਤੀਰੀ ॥ | I wash Your Feet with my eye-lashes. |
| ਜਹਾ ਪਠਾਵਹੁ ਜਾਂਉ ਤਤੀ ਰੀ ॥੨॥ | Wherever You send me, there I will go. \|\|2\|\| |
| ਜਪ ਤਪ ਸੰਜਮ ਦੇਉ ਜਤੀ ਰੀ ॥ | I would trade meditation, austerity, self-discipline and celibacy, |
| ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ ॥੩॥ | if I could only meet the Lord of my life, for even an instant. \|\|3\|\| |
| ਮਾਣੁ ਤਾਣੁ ਅਹੰਬੁਧਿ ਹਤੀ ਰੀ ॥ | She who eradicates her self-conceit, power and arrogant intellect, |
| ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥ | O Nanak, is the true soul-bride. \|\|4\|\|4\|\|10\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥ | You are my Life, the very Support of my breath of life. |
| ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥੧॥ | Gazing upon You, beholding You, my mind is soothed and comforted. \|\|1\|\| |
| ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥ | You are my Friend, You are my Beloved. |
| ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧॥ ਰਹਾਉ ॥ | I shall never forget You. \|\|1\|\|Pause\|\| |
| ਬੈ ਖਰੀਦੁ ਹਉ ਦਾਸਰੋ ਤੇਰਾ ॥ | I am Your indentured servant; I am Your slave. |
| ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥ | You are my Great Lord and Master, the treasure of excellence. \|\|2\|\| |

| | |
|---|---|
| ਕੋਟਿ ਦਾਸ ਜਾ ਕੈ ਦਰਬਾਰੇ ॥ | There are millions of servants in Your Court - Your Royal Darbaar. |
| ਨਿਮਖ ਨਿਮਖ ਵਸੈ ਤਿਨ੍ ਨਾਲੇ ॥੩॥ | Each and every instant, You dwell with them. \|\|3\|\| |
| ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ | I am nothing; everything is Yours. |
| ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥੧੧॥ | Through and through, You abide with Nanak. \|\|4\|\|5\|\|11\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਸੂਖ ਮਹਲ ਜਾ ਕੇ ਊਚ ਦੁਆਰੇ ॥ | His Mansions are so comfortable, and His gates are so lofty. |
| ਤਾ ਮਹਿ ਵਾਸਹਿ ਭਗਤ ਪਿਆਰੇ ॥੧॥ | Within them, His beloved devotees dwell. \|\|1\|\| |
| ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ | The Natural Speech of God is so very sweet. |
| ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ ਰਹਾਉ ॥ | How rare is that person, who sees it with his eyes. \|\|1\|\|Pause\|\| |
| ਤਹ ਗੀਤ ਨਾਦ ਅਖਾਰੇ ਸੰਗਾ ॥ | There, in the arena of the congregation, the divine music of the Naad, the sound current, is sung. |
| ਊਹਾ ਸੰਤ ਕਰਹਿ ਹਰਿ ਰੰਗਾ ॥੨॥ | There, the Saints celebrate with their Lord. \|\|2\|\| |
| ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ | Neither birth nor death is there, neither pain nor pleasure. |
| ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥ | The Ambrosial Nectar of the True Name rains down there. \|\|3\|\| |
| ਗੁਹਜ ਕਥਾ ਇਹ ਗੁਰ ਤੇ ਜਾਣੀ ॥ | From the Guru, I have come to know the mystery of this speech. |
| ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥ | Nanak speaks the Bani of the Lord, Har, Har. \|\|4\|\|6\|\|12\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥ | By the Blessed Vision of their Darshan, millions of sins are erased. |
| ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥ | Meeting with them, this terrifying world-ocean is crossed over\|\|1\|\| |

ਓਇ ਸਾਜਨ ਓਇ ਮੀਤ ਪਿਆਰੇ ॥
They are my companions, and they are my dear friends,

ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ ਰਹਾਉ ॥
who inspire me to remember the Lord's Name. ||1||Pause||

ਜਾ ਕਾ ਸਬਦੁ ਸੁਨਤ ਸੁਖ ਸਾਰੇ ॥
Hearing the Word of His Shabad, I am totally at peace.

ਜਾ ਕੀ ਟਹਲ ਜਮਦੂਤ ਬਿਦਾਰੇ ॥੨॥
When I serve Him, the Messenger of Death is chased away. ||2||

ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥
His comfort and consolation soothes and supports my mind.

ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥
Remembering Him in meditation, my face is radiant and bright. ||3||

ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥
God embellishes and supports His servants.

ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥੪॥੭॥੧੩॥
Nanak seeks the Protection of their Sanctuary; he is forever a sacrifice to them. ||4||7||13||

## ੭੪੦

## 740

ਸੂਹੀ ਮਹਲਾ ੫ ॥
Soohee, Fifth Mehl:

ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥
The angelic beings and demi-gods are not permitted to remain here.

ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥
The silent sages and humble servants also must arise and depart. ||1||

ਜੀਵਤ ਪੇਖੇ ਜਿਨ੍ੀ ਹਰਿ ਹਰਿ ਧਿਆਇਆ ॥
Only those who meditate on the Lord, Har, Har, are seen to live on.

ਸਾਧਸੰਗਿ ਤਿਨ੍ੀ ਦਰਸਨੁ ਪਾਇਆ ॥੧॥ ਰਹਾਉ ॥
In the Saadh Sangat, the Company of the Holy, they obtain the Blessed Vision of the Lord's Darshan. ||1||Pause||

ਬਾਦਿਸਾਹ ਸਾਹ ਵਾਪਾਰੀ ਮਰਨਾ ॥
Kings, emperors and merchants must die.

ਜੋ ਦੀਸੈ ਸੋ ਕਾਲਹਿ ਖਰਨਾ ॥੨॥
Whoever is seen shall be consumed by death. ||2||

ਕੂੜੈ ਮੋਹਿ ਲਪਟਿ ਲਪਟਾਨਾ ॥
Mortal beings are entangled, clinging to false worldly attachments.

ਛੋਡਿ ਚਲਿਆ ਤਾ ਫਿਰਿ ਪਛੁਤਾਨਾ ॥੩॥
And when they must leave them behind, then they regret and grieve. ||3||

| | |
|---|---|
| ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ | O Lord, O treasure of mercy, please bless Nanak with this gift, |
| ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥ | that he may chant Your Name, day and night. \|\|4\|\|8\|\|14\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਘਟ ਘਟ ਅੰਤਰਿ ਤੁਮਹਿ ਬਸਾਰੇ ॥ | You dwell deep within the heart of each and every being. |
| ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥ | The entire universe is strung on Your Thread. \|\|1\|\| |
| ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥ | You are my Beloved, the Support of my breath of life. |
| ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ ॥੧॥ ਰਹਾਉ ॥ | Beholding You, gazing upon You, my mind blossoms forth. \|\|1\|\|Pause\|\| |
| ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥ | Wandering, wandering, wandering through countless incarnations, I have grown so weary. |
| ਓਟ ਗਹੀ ਅਬ ਸਾਧ ਸੰਗਾਰੇ ॥੨॥ | Now, I hold tight to the Saadh Sangat, the Company of the Holy. \|\|2\|\| |
| ਅਗਮ ਅਗੋਚਰੁ ਅਲਖ ਅਪਾਰੇ ॥ | You are inaccessible, incomprehensible, invisible and infinite. |
| ਨਾਨਕੁ ਸਿਮਰੈ ਦਿਨੁ ਰੈਨਾਰੇ ॥੩॥੯॥੧੫॥ | Nanak remembers You in meditation, day and night. \|\|3\|\|9\|\|15\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਕਵਨ ਕਾਜ ਮਾਇਆ ਵਡਿਆਈ ॥ | What is the use of the glory of Maya? |
| ਜਾ ਕਉ ਬਿਨਸਤ ਬਾਰ ਨ ਕਾਈ ॥੧॥ | It disappears in no time at all. \|\|1\|\| |
| ਇਹੁ ਸੁਪਨਾ ਸੋਵਤ ਨਹੀ ਜਾਨੈ ॥ | This is a dream, but the sleeper does not know it. |
| ਅਚੇਤ ਬਿਵਸਥਾ ਮਹਿ ਲਪਟਾਨੈ ॥੧॥ ਰਹਾਉ ॥ | In his unconscious state, he clings to it. \|\|1\|\|Pause\|\| |
| ਮਹਾ ਮੋਹਿ ਮੋਹਿਓ ਗਾਵਾਰਾ ॥ | The poor fool is enticed by the great attachments of the world. |
| ਪੇਖਤ ਪੇਖਤ ਊਠਿ ਸਿਧਾਰਾ ॥੨॥ | Gazing upon them, watching them, he must still arise and depart. \|\|2\|\| |

| | |
|---|---|
| ਊਚ ਤੇ ਊਚ ਤਾ ਕਾ ਦਰਬਾਰਾ ॥ | The Royal Court of His Darbaar is the highest of the high. |
| ਕਈ ਜੰਤ ਬਿਨਾਹਿ ਉਪਾਰਾ ॥੩॥ | He creates and destroys countless beings. ||3|| |
| ਦੂਸਰ ਹੋਆ ਨਾ ਕੋ ਹੋਈ ॥ | There has never been any other, and there shall never be. |
| ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦॥੧੬॥ | O Nanak, meditate on the One God. ||4||10||16|| |
| ਸੂਹੀ ਮਹਲਾ ੫ ॥ | Soohee, Fifth Mehl: |
| ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ | Meditating, meditating in remembrance on Him, I live. |
| ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥ | I wash Your Lotus Feet, and drink in the wash water. ||1|| |
| ਸੋ ਹਰਿ ਮੇਰਾ ਅੰਤਰਜਾਮੀ ॥ | He is my Lord, the Inner-knower, the Searcher of hearts. |
| ਭਗਤ ਜਨਾ ਕੈ ਸੰਗਿ ਸੁਆਮੀ ॥੧॥ ਰਹਾਉ ॥ | My Lord and Master abides with His humble devotees. ||1||Pause|| |
| ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥ | Hearing, hearing Your Ambrosial Naam, I meditate on it. |
| ਆਠ ਪਹਰ ਤੇਰੇ ਗੁਣ ਗਾਵਾ ॥੨॥ | Twenty-four hours a day, I sing Your Glorious Praises. ||2|| |
| ਪੇਖਿ ਪੇਖਿ ਲੀਲਾ ਮਨਿ ਆਨੰਦਾ ॥ | Beholding, beholding Your divine play, my mind is in bliss. |
| ਗੁਣ ਅਪਾਰ ਪ੍ਰਭ ਪਰਮਾਨੰਦਾ ॥੩॥ | Your Glorious Virtues are infinite, O God, O Lord of supreme bliss. ||3|| |
| ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥ | Meditating in remembrance on Him, fear cannot touch me. |
| ਸਦਾ ਸਦਾ ਨਾਨਕ ਹਰਿ ਜਾਪੈ ॥੪॥੧੧॥੧੭॥ | Forever and ever, Nanak meditates on the Lord. ||4||11||17|| |
| ਸੂਹੀ ਮਹਲਾ ੫ ॥ | Soohee, Fifth Mehl: |
| ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ | Within my heart, I meditate on the Word of the Guru's Teachings. |
| ਰਸਨਾ ਜਾਪੁ ਜਪਉ ਬਨਵਾਰੀ ॥੧॥ | With my tongue, I chant the Chant of the Lord. ||1|| |
| ਸਫਲ ਮੂਰਤਿ ਦਰਸਨ ਬਲਿਹਾਰੀ ॥ | The image of His vision is fruitful; I am a sacrifice to it. |

| | |
|---|---|
| ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ ਰਹਾਉ ॥ | His Lotus Feet are the Support of the mind, the Support of the very breath of life. \|\|1\|\|Pause\|\| |
| ਸਾਧਸੰਗਿ ਜਨਮ ਮਰਣ ਨਿਵਾਰੀ ॥ | In the Saadh Sangat, the Company of the Holy, the cycle of birth and death is ended. |
| ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥ | To hear the Ambrosial Sermon is the support of my ears. \|\|2\|\| |
| ਕਾਮ ਕ੍ਰੋਧ ਲੋਭ ਮੋਹ ਤਜਾਰੀ ॥ | I have renounced sexual desire, anger, greed and emotional attachment. |
| ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥ | I have enshrined the Naam within myself, with charity, true cleansing and righteous conduct. \|\|3\|\| |
| ਕਹੁ ਨਾਨਕ ਇਹੁ ਤਤੁ ਬੀਚਾਰੀ ॥ | Says Nanak, I have contemplated this essence of reality; |
| ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥ | chanting the Name of the Lord, I am carried across. \|\|4\|\|12\|\|18\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਲੋਭਿ ਮੋਹਿ ਮਗਨ ਅਪਰਾਧੀ ॥ | The sinner is absorbed in greed and emotional attachment. |
| **੭੪੧** | **741** |
| ਕਰਣਹਾਰ ਕੀ ਸੇਵ ਨ ਸਾਧੀ ॥੧॥ | He has not performed any service to the Creator Lord. \|\|1\|\| |
| ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥ | O God, Your Name is the Purifier of sinners. |
| ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ ਰਹਾਉ ॥ | I am worthless - please save me! \|\|1\|\|Pause\|\| |
| ਤੂੰ ਦਾਤਾ ਪ੍ਰਭ ਅੰਤਰਜਾਮੀ ॥ | O God, You are the Great Giver, the Inner-knower, the Searcher of hearts. |
| ਕਾਚੀ ਦੇਹ ਮਾਨੁਖ ਅਭਿਮਾਨੀ ॥੨॥ | The body of the egotistical human is perishable. \|\|2\|\| |
| ਸੁਆਦ ਬਾਦ ਈਰਖ ਮਦ ਮਾਇਆ ॥ | Tastes and pleasures, conflicts and jealousy, and intoxication with Maya |
| ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥ | - attached to these, the jewel of human life is wasted. \|\|3\|\| |
| ਦੁਖ ਭੰਜਨ ਜਗਜੀਵਨ ਹਰਿ ਰਾਇਆ ॥ | The Sovereign Lord King is the Destroyer of pain, the Life of the world. |

| | |
|---|---|
| ਸਗਲ ਤਿਆਗਿ ਨਾਨਕੁ ਸਰਣਾਇਆ ॥੪॥੧੩॥੧੯॥ | Forsaking everything, Nanak has entered His Sanctuary. \|\|4\|\|13\|\|19\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥ | He sees with his eyes, but he is called blind; he hears, but he does not hear. |
| ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥੧॥ | And the One who dwells near at hand, he thinks that He is far away; the sinner is committing sins. \|\|1\|\| |
| ਸੋ ਕਿਛੁ ਕਰਿ ਜਿਤੁ ਛੁਟਹਿ ਪਰਾਨੀ ॥ | Do only those deeds which will save you, O mortal being. |
| ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ ਰਹਾਉ ॥ | Chant the Name of the Lord, Har, Har, and the Ambrosial Word of His Bani. \|\|1\|\|Pause\|\| |
| ਘੋਰ ਮਹਲ ਸਦਾ ਰੰਗਿ ਰਾਤਾ ॥ | You are forever imbued with the love of horses and mansions. |
| ਸੰਗਿ ਤੁਮ੍ਾਰੈ ਕਛੂ ਨ ਜਾਤਾ ॥੨॥ | Nothing shall go along with you. \|\|2\|\| |
| ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ | You may clean and decorate the vessel of clay, |
| ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥ | but it is so very filthy; it shall receive its punishment from the Messenger of Death. \|\|3\|\| |
| ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ | You are bound by sexual desire, anger, greed and emotional attachment. |
| ਮਹਾ ਗਰਤ ਮਹਿ ਨਿਘਰਤ ਜਾਤਾ ॥੪॥ | You are sinking down into the great pit. \|\|4\|\| |
| ਨਾਨਕ ਕੀ ਅਰਦਾਸਿ ਸੁਣੀਜੈ ॥ | Hear this prayer of Nanak, O Lord; |
| ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥ | I am a stone, sinking down - please, rescue me! \|\|5\|\|14\|\|20\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਜੀਵਤ ਮਰੈ ਬੁਝੈ ਪ੍ਰਭੁ ਸੋਇ ॥ | One who remains dead while yet alive understands God. |
| ਤਿਸੁ ਜਨ ਕਰਮਿ ਪਰਾਪਤਿ ਹੋਇ ॥੧॥ | He meets that humble being according to the karma of his past actions. \|\|1\|\| |
| ਸੁਣਿ ਸਾਜਨ ਇਉ ਦੁਤਰੁ ਤਰੀਐ ॥ | Listen, O friend - this is how to cross over the terrifying world-ocean. |

| | |
|---|---|
| ਮਿਲਿ ਸਾਧੂ ਹਰਿ ਨਾਮੁ ਉਚਰੀਐ ॥੧॥ ਰਹਾਉ ॥ | Meet with the Holy, and chant the Lord's Name\|\|1\|\|Pause\|\| |
| ਏਕ ਬਿਨਾ ਦੂਜਾ ਨਹੀ ਜਾਨੈ ॥ | There is no other to know, except for the One Lord. |
| ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥ | So realize that the Supreme Lord God is within each and every heart. \|\|2\|\| |
| ਜੋ ਕਿਛੁ ਕਰੈ ਸੋਈ ਭਲ ਮਾਨੈ ॥ | Whatever He does, accept that as good. |
| ਆਦਿ ਅੰਤ ਕੀ ਕੀਮਤਿ ਜਾਨੈ ॥੩॥ | Know the value of the beginning and the end. \|\|3\|\| |
| ਕਹੁ ਨਾਨਕ ਤਿਸੁ ਜਨ ਬਲਿਹਾਰੀ ॥ | Says Nanak, I am a sacrifice to that humble being, |
| ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥ | within whose heart the Lord dwells. \|\|4\|\|15\|\|21\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਗੁਰੁ ਪਰਮੇਸਰੁ ਕਰਣੈਹਾਰੁ ॥ | The Guru is the Transcendent Lord, the Creator Lord. |
| ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥ | He gives His Support to the entire Universe. \|\|1\|\| |
| ਗੁਰ ਕੇ ਚਰਣ ਕਮਲ ਮਨ ਧਿਆਇ ॥ | Meditate within your mind on the Lotus Feet of the Guru. |
| ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ ਰਹਾਉ ॥ | Pain and suffering shall leave this body. \|\|1\|\|Pause\|\| |
| ਭਵਜਲਿ ਡੂਬਤ ਸਤਿਗੁਰੁ ਕਾਢੈ ॥ | The True Guru saves the drowning being from the terrifying world-ocean. |
| ਜਨਮ ਜਨਮ ਕਾ ਟੂਟਾ ਗਾਢੈ ॥੨॥ | He reunites those who were separated for countless incarnations. \|\|2\|\| |
| ਗੁਰ ਕੀ ਸੇਵਾ ਕਰਹੁ ਦਿਨੁ ਰਾਤਿ ॥ | Serve the Guru, day and night. |
| ਸੂਖ ਸਹਜ ਮਨਿ ਆਵੈ ਸਾਂਤਿ ॥੩॥ | Your mind shall come to have peace, pleasure and poise. \|\|3\|\| |
| ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ | By great good fortune, one obtains the dust of the feet of the True Guru. |
| ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੬॥੨੨॥ | Nanak is forever a sacrifice to the True Guru. \|\|4\|\|16\|\|22\|\| |

ਸੂਹੀ ਮਹਲਾ ੫ ॥

Soohee, Fifth Mehl:

ਗੁਰ ਅਪੁਨੇ ਊਪਰਿ ਬਲਿ ਜਾਈਐ ॥

I am a sacrifice to my True Guru.

ਆਠ ਪਹਰ ਹਰਿ ਹਰਿ ਜਸੁ ਗਾਈਐ ॥੧॥

Twenty-four hours a day, I sing the Praises of the Lord, Har, Har. ||1||

ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥

Meditate in remembrance on God, your Lord and Master.

ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥

He is the Inner-knower, the Searcher of all hearts. ||1||Pause||

ਚਰਣ ਕਮਲ ਸਿਉ ਲਾਗੀ ਪ੍ਰੀਤਿ ॥

So love the Lord’s Lotus Feet,

ਸਾਚੀ ਪੂਰਨ ਨਿਰਮਲ ਰੀਤਿ ॥੨॥

and live a lifestyle which is true, perfect and spotless. ||2||

ਸੰਤ ਪ੍ਰਸਾਦਿ ਵਸੈ ਮਨ ਮਾਹੀ ॥

By the Grace of the Saints, the Lord comes to dwell within the mind,

ਜਨਮ ਜਨਮ ਕੇ ਕਿਲਵਿਖ ਜਾਹੀ ॥੩॥

and the sins of countless incarnations are eradicated. ||3||

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥

Please be Merciful, O God, O Merciful to the meek.

ਨਾਨਕੁ ਮਾਗੈ ਸੰਤ ਰਵਾਲਾ ॥੪॥੧੭॥੨੩॥

Nanak begs for the dust of the Saints. ||4||17||23||

## ੭੪੨

## 742

ਸੂਹੀ ਮਹਲਾ ੫ ॥

Soohee, Fifth Mehl:

ਦਰਸਨੁ ਦੇਖਿ ਜੀਵਾ ਗੁਰ ਤੇਰਾ ॥

Gazing upon the Blessed Vision of Your Darshan, I live.

ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥

My karma is perfect, O my God. ||1||

ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥

Please, listen to this prayer, O my God.

ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥

Please bless me with Your Name, and make me Your chaylaa, Your disciple. ||1||Pause||

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥

Please keep me under Your Protection, O God, O Great Giver.

ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥

By Guru’s Grace, a few people understand this. ||2||

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥

Please hear my prayer, O God, my Friend.

| | |
|---|---|
| ਚਰਣ ਕਮਲ ਵਸਹਿ ਮੇਰੈ ਚੀਤਾ ॥੩॥ | May Your Lotus Feet abide within my consciousness. \|\|3\|\| |
| ਨਾਨਕੁ ਏਕ ਕਰੈ ਅਰਦਾਸਿ ॥ | Nanak makes one prayer: |
| ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥ | may I never forget You, O perfect treasure of virtue. \|\|4\|\|18\|\|24\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਮੀਤੁ ਸਾਜਨੁ ਸੁਤ ਬੰਧਪ ਭਾਈ ॥ | He is my friend, companion, child, relative and sibling. |
| ਜਤ ਕਤ ਪੇਖਉ ਹਰਿ ਸੰਗਿ ਸਹਾਈ ॥੧॥ | Wherever I look, I see the Lord as my companion and helper. \|\|1\|\| |
| ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥ | The Lord's Name is my social status, my honor and wealth. |
| ਸੂਖ ਸਹਜ ਆਨੰਦ ਬਿਸਰਾਮ ॥੧॥ ਰਹਾਉ ॥ | He is my pleasure, poise, bliss and peace. \|\|1\|\|Pause\|\| |
| ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ | I have strapped on the armor of meditation on the Supreme Lord God. |
| ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥ | It cannot be pierced, even by millions of weapons. \|\|2\|\| |
| ਹਰਿ ਚਰਨ ਸਰਣ ਗੜ ਕੋਟ ਹਮਾਰੈ ॥ | The Sanctuary of the Lord's Feet is my fortress and battlement. |
| ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥ | The Messenger of Death, the torturer, cannot demolish it. \|\|3\|\| |
| ਨਾਨਕ ਦਾਸ ਸਦਾ ਬਲਿਹਾਰੀ ॥ | Slave Nanak is forever a sacrifice |
| ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥ | to the selfless servants and Saints of the Sovereign Lord, the Destroyer of ego. \|\|4\|\|19\|\|25\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥ | Where the Glorious Praises of God, the Lord of the world are continually sung, |
| ਅਨਦ ਬਿਨੋਦ ਮੰਗਲ ਸੁਖ ਤਾਹਾ ॥੧॥ | there is bliss, joy, happiness and peace. \|\|1\|\| |
| ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥ | Come, O my companions - let us go and enjoy God. |

| | |
|---|---|
| ਸਾਧ ਜਨਾ ਕੀ ਚਰਣੀ ਪਾਹਾ ॥੧॥ ਰਹਾਉ ॥ | Let us fall at the feet of the holy, humble beings. \|\|1\|\|Pause\|\| |
| ਕਰਿ ਬੇਨਤੀ ਜਨ ਧੂਰਿ ਬਾਛਾਹਾ ॥ | I pray for the dust of the feet of the humble. |
| ਜਨਮ ਜਨਮ ਕੇ ਕਿਲਵਿਖ ਲਾਹਾਂ ॥੨॥ | It shall wash away the sins of countless incarnations. \|\|2\|\| |
| ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥ | I dedicate my mind, body, breath of life and soul to God. |
| ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥੩॥ | Remembering the Lord in meditation, I have eradicated pride and emotional attachment. \|\|3\|\| |
| ਦੀਨ ਦਇਆਲ ਕਰਹੁ ਉਤਸਾਹਾ ॥ | O Lord, O Merciful to the meek, please give me faith and confidence, |
| ਨਾਨਕ ਦਾਸ ਹਰਿ ਸਰਣਿ ਸਮਾਹਾ ॥੪॥੨੦॥੨੬॥ | so that slave Nanak may remain absorbed in Your Sanctuary. \|\|4\|\|20\|\|26\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਬੈਕੁੰਠ ਨਗਰੁ ਜਹਾ ਸੰਤ ਵਾਸਾ ॥ | The city of heaven is where the Saints dwell. |
| ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥ | They enshrine the Lotus Feet of God within their hearts. \|\|1\|\| |
| ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ | Listen, O my mind and body, and let me show you the way to find peace, |
| ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥ | so that you may eat and enjoy the various delicacies of the Lord\|\|1\|\|Pause\|\| |
| ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ | Taste the Ambrosial Nectar of the Naam, the Name of the Lord, within your mind. |
| ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥ | Its taste is wondrous - it cannot be described. \|\|2\|\| |
| ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ | Your greed shall die, and your thirst shall be quenched. |
| ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥ | The humble beings seek the Sanctuary of the Supreme Lord God. \|\|3\|\| |
| ਜਨਮ ਜਨਮ ਕੇ ਭੈ ਮੋਹ ਨਿਵਾਰੇ ॥ | The Lord dispels the fears and attachments of countless incarnations. |

| | |
|---|---|
| ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥ | God has showered His Mercy and Grace upon slave Nanak. ‖4‖21‖27‖ |
| ਸੂਹੀ ਮਹਲਾ ੫ ॥ | Soohee, Fifth Mehl: |
| ਅਨਿਕ ਬੀਂਗ ਦਾਸ ਕੇ ਪਰਹਰਿਆ ॥ | God covers the many shortcomings of His slaves. |
| ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥ | Granting His Mercy, God makes them His own. ‖1‖ |
| ਤੁਮਹਿ ਛਡਾਇ ਲੀਓ ਜਨੁ ਅਪਨਾ ॥ | You emancipate Your humble servant, |
| ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ ਰਹਾਉ ॥ | and rescue him from the noose of the world, which is just a dream. ‖1‖Pause‖ |
| ਪਰਬਤ ਦੋਖ ਮਹਾ ਬਿਕਰਾਲਾ ॥ | Even huge mountains of sin and corruption |
| ਖਿਨ ਮਹਿ ਦੂਰਿ ਕੀਏ ਦਇਆਲਾ ॥੨॥ | are removed in an instant by the Merciful Lord. ‖2‖ |
| ਸੋਗ ਰੋਗ ਬਿਪਤਿ ਅਤਿ ਭਾਰੀ ॥ | Sorrow, disease and the most terrible calamities |
| ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥ | are removed by meditating on the Naam, the Name of the Lord. ‖3‖ |
| ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ | Bestowing His Glance of Grace, He attaches us to the hem of His robe. |
| **੭੪੩** | 743 |
| ਹਰਿ ਚਰਣ ਗਹੇ ਨਾਨਕ ਸਰਣਾਇ ॥੪॥੨੨॥੨੮॥ | Grasping the Lord's Feet, O Nanak, we enter His Sanctuary. ‖4‖22‖28‖ |
| ਸੂਹੀ ਮਹਲਾ ੫ ॥ | Soohee, Fifth Mehl: |
| ਦੀਨੁ ਛਡਾਇ ਦੁਨੀ ਜੋ ਲਾਏ ॥ | One who withdraws from God's Path, and attaches himself to the world, |
| ਦੁਹੀ ਸਰਾਈ ਖੁਨਾਮੀ ਕਹਾਏ ॥੧॥ | is known as a sinner in both worlds. ‖1‖ |
| ਜੋ ਤਿਸੁ ਭਾਵੈ ਸੋ ਪਰਵਾਣੁ ॥ | He alone is approved, who pleases the Lord. |
| ਆਪਣੀ ਕੁਦਰਤਿ ਆਪੇ ਜਾਣੁ ॥੧॥ ਰਹਾਉ ॥ | Only He Himself knows His creative omnipotence. ‖1‖Pause‖ |

| | |
|---|---|
| ਸਚਾ ਧਰਮੁ ਪੁੰਨੁ ਭਲਾ ਕਰਾਏ ॥ | One who practices truth, righteous living, charity and good deeds, |
| ਦੀਨ ਕੈ ਤੋਸੈ ਦੁਨੀ ਨ ਜਾਏ ॥੨॥ | has the supplies for God's Path. Worldly success shall not fail him. \|\|2\|\| |
| ਸਰਬ ਨਿਰੰਤਰਿ ਏਕੋ ਜਾਗੈ ॥ | Within and among all, the One Lord is awake. |
| ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥ | As He attaches us, so are we attached. \|\|3\|\| |
| ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ | You are inaccessible and unfathomable, O my True Lord and Master. |
| ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥ | Nanak speaks as You inspire him to speak. \|\|4\|\|23\|\|29\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥ | In the early hours of the morning, I chant the Lord's Name. |
| ਈਤ ਊਤ ਕੀ ਓਟ ਸਵਾਰੀ ॥੧॥ | I have fashioned a shelter for myself, hear and hereafter. \|\|1\|\| |
| ਸਦਾ ਸਦਾ ਜਪੀਐ ਹਰਿ ਨਾਮ ॥ | Forever and ever, I chant the Lord's Name, |
| ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥ | and the desires of my mind are fulfilled. \|\|1\|\|Pause\|\| |
| ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥ | Sing the Praises of the Eternal, Imperishable Lord God, night and day. |
| ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥ | In life, and in death, you shall find your eternal, unchanging home. \|\|2\|\| |
| ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥ | So serve the Sovereign Lord, and you shall never lack anything. |
| ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥੩॥ | While eating and consuming, you shall pass your life in peace. \|\|3\|\| |
| ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥ | O Life of the World, O Primal Being, I have found the Saadh Sangat, the Company of the Holy. |
| ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥ | By Guru's Grace, O Nanak, I meditate on the Naam, the Name of the Lord. \|\|4\|\|24\|\|30\|\| |

| | |
|---|---|
| ਸੂਹੀ ਮਹਲਾ ੫ ॥ | Soohee, Fifth Mehl: |
| ਗੁਰ ਪੂਰੇ ਜਬ ਭਏ ਦਇਆਲ ॥ | When the Perfect Guru becomes merciful, |
| ਦੁਖ ਬਿਨਸੇ ਪੂਰਨ ਭਈ ਘਾਲ ॥੧॥ | my pains are taken away, and my works are perfectly completed. \|\|1\|\| |
| ਪੇਖਿ ਪੇਖਿ ਜੀਵਾ ਦਰਸੁ ਤੁਮ੍ਾਰਾ ॥ | Gazing upon, beholding the Blessed Vision of Your Darshan, I live; |
| ਚਰਣ ਕਮਲ ਜਾਈ ਬਲਿਹਾਰਾ ॥ | I am a sacrifice to Your Lotus Feet. |
| ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥੧॥ ਰਹਾਉ ॥ | Without You, O my Lord and Master, who belongs to me? \|\|1\|\|Pause\|\| |
| ਸਾਧਸੰਗਤਿ ਸਿਉ ਪ੍ਰੀਤਿ ਬਣਿ ਆਈ ॥ | I have fallen in love with the Saadh Sangat, the Company of the Holy, |
| ਪੂਰਬ ਕਰਮਿ ਲਿਖਤ ਧੁਰਿ ਪਾਈ ॥੨॥ | by the karma of my past actions and my pre-ordained destiny. \|\|2\|\| |
| ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥ | Chant the Name of the Lord, Har, Har; how wondrous is His glory! |
| ਜਾਲਿ ਨ ਸਾਕਹਿ ਤੀਨੇ ਤਾਪ ॥੩॥ | The three types of illness cannot consume it. \|\|3\|\| |
| ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ ॥ | May I never forget, even for an instant, the Lord's Feet. |
| ਨਾਨਕੁ ਮਾਗੈ ਦਾਨੁ ਪਿਆਰੇ ॥੪॥੨੫॥੩੧॥ | Nanak begs for this gift, O my Beloved. \|\|4\|\|25\|\|31\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਸੇ ਸੰਜੋਗ ਕਰਹੁ ਮੇਰੇ ਪਿਆਰੇ ॥ | May there be such an auspicious time, O my Beloved, |
| ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥ | when, with my tongue, I may chant the Lord's Name\|\|1\|\| |
| ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥ | Hear my prayer, O God, O Merciful to the meek. |
| ਸਾਧ ਗਾਵਹਿ ਗੁਣ ਸਦਾ ਰਸਾਲਾ ॥੧॥ ਰਹਾਉ ॥ | The Holy Saints ever sing the Glorious Praises of the Lord, the Source of Nectar. \|\|1\|\|Pause\|\| |
| ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ | Your meditation and remembrance is life-giving, God. |
| ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥੨॥ | You dwell near those upon whom You show mercy. \|\|2\|\| |

| | |
|---|---|
| ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥ | Your Name is the food to satisfy the hunger of Your humble servants. |
| ਤੂੰ ਦਾਤਾ ਪ੍ਰਭ ਦੇਵਣਹਾਰੁ ॥੩॥ | You are the Great Giver, O Lord God. \|\|3\|\| |
| ਰਾਮ ਰਮਤ ਸੰਤਨ ਸੁਖੁ ਮਾਨਾ ॥ | The Saints take pleasure in repeating the Lord's Name. |
| ਨਾਨਕ ਦੇਵਨਹਾਰ ਸੁਜਾਨਾ ॥੪॥੨੬॥੩੨॥ | O Nanak, the Lord, the Great Giver, is All-knowing. \|\|4\|\|26\|\|32\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ | Your life is slipping away, but you never even notice. |
| ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥ | You are constantly entangled in false attachments and conflicts. \|\|1\|\| |
| ਮਾਧਵੇ ਭਜੁ ਦਿਨ ਨਿਤ ਰੈਣੀ ॥ | Meditate, vibrate constantly, day and night, on the Lord. |
| ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ ਰਹਾਉ ॥ | You shall be victorious in this priceless human life, in the Protection of the Lord's Sanctuary. \|\|1\|\|Pause\|\| |
| ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥ | You eagerly commit sins and practice corruption, but you do not enshrine the jewel of the Lord's Name within your heart, even for an instant. \|\|2\|\| |
| ਭਰਣ ਪੋਖਣ ਸੰਗਿ ਅਉਧ ਬਿਹਾਣੀ ॥ | Feeding and pampering your body, your life is passing away, |
| ੭੪੪ | 744 |
| ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥ | but you do not experience the state of victory of the Lord of the Universe. \|\|3\|\| |
| ਸਰਣਿ ਸਮਰਥ ਅਗੋਚਰ ਸੁਆਮੀ ॥ | So enter the Sanctuary of the All-powerful, Unfathomable Lord and Master. |
| ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥ | O God, O Searcher of hearts, please, save Nanak! \|\|4\|\|27\|\|33\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਸਾਧਸੰਗਿ ਤਰੈ ਭੈ ਸਾਗਰੁ ॥ | Cross over the terrifying world-ocean in the Saadh Sangat, the Company of the Holy. |

| | |
|---|---|
| ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥੧॥ | Remember in meditation the Name of the Lord, Har, Har, the source of jewels. \|\|1\|\| |
| ਸਿਮਰਿ ਸਿਮਰਿ ਜੀਵਾ ਨਾਰਾਇਣ ॥ | Remembering, remembering the Lord in meditation, I live. |
| ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ ਰਹਾਉ ॥ | All pain, disease and suffering is dispelled, meeting the Perfect Guru; sin has been eradicated. \|\|1\|\|Pause\|\| |
| ਜੀਵਨ ਪਦਵੀ ਹਰਿ ਕਾ ਨਾਉ ॥ | The immortal status is obtained through the Name of the Lord; |
| ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥ | the mind and body become spotless and pure, which is the true purpose of life. \|\|2\|\| |
| ਆਠ ਪਹਰ ਪਾਰਬ੍ਰਹਮੁ ਧਿਆਈਐ ॥ | Twenty-four hours a day, meditate on the Supreme Lord God. |
| ਪੂਰਬਿ ਲਿਖਤੁ ਹੋਇ ਤਾ ਪਾਈਐ ॥੩॥ | By pre-ordained destiny, the Name is obtained. \|\|3\|\| |
| ਸਰਣਿ ਪਏ ਜਪਿ ਦੀਨ ਦਇਆਲਾ ॥ | I have entered His Sanctuary, and I meditate on the Lord, Merciful to the meek. |
| ਨਾਨਕੁ ਜਾਚੈ ਸੰਤ ਰਵਾਲਾ ॥੪॥੨੮॥੩੪॥ | Nanak longs for the dust of the Saints. \|\|4\|\|28\|\|34\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਘਰ ਕਾ ਕਾਜੁ ਨ ਜਾਣੀ ਰੂੜਾ ॥ | The beautiful one does not know the work of his own home. |
| ਝੂਠੈ ਧੰਧੈ ਰਚਿਓ ਮੂੜਾ ॥੧॥ | The fool is engrossed in false attachments. \|\|1\|\| |
| ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥ | As You attach us, so we are attached. |
| ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥੧॥ ਰਹਾਉ ॥ | When You bless us with Your Name, we chant it. \|\|1\|\|Pause\|\| |
| ਹਰਿ ਕੇ ਦਾਸ ਹਰਿ ਸੇਤੀ ਰਾਤੇ ॥ | The Lord's slaves are imbued with the Love of the Lord. |
| ਰਾਮ ਰਸਾਇਣਿ ਅਨਦਿਨੁ ਮਾਤੇ ॥੨॥ | They are intoxicated with the Lord, night and day. \|\|2\|\| |
| ਬਾਹ ਪਕਰਿ ਪ੍ਰਭਿ ਆਪੇ ਕਾਢੇ ॥ | Reaching out to grasp hold of our arms, God lifts us up. |
| ਜਨਮ ਜਨਮ ਕੇ ਟੂਟੇ ਗਾਢੇ ॥੩॥ | Separated for countless incarnations, we are united with Him again. \|\|3\|\| |

| | |
|---|---|
| ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥ | Save me, O God, O my Lord and Master - shower me with Your Mercy. |
| ਨਾਨਕ ਦਾਸ ਹਰਿ ਸਰਣਿ ਦੁਆਰੇ ॥੪॥੨੯॥੩੫॥ | Slave Nanak seeks Sanctuary at Your Door, O Lord. \|\|4\|\|29\|\|35\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥ | By the Grace of the Saints, I have found my eternal home. |
| ਸਰਬ ਸੂਖ ਫਿਰਿ ਨਹੀ ਡੋੁਲਾਇਆ ॥੧॥ | I have found total peace, and I shall not waver again. \|\|1\|\| |
| ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹੇ ॥ | I meditate on the Guru, and the Lord's Feet, within my mind. |
| ਤਾ ਤੇ ਕਰਤੈ ਅਸਥਿਰੁ ਕੀਨ੍ਹੇ ॥੧॥ ਰਹਾਉ ॥ | In this way, the Creator Lord has made me steady and stable. \|\|1\|\|Pause\|\| |
| ਗੁਣ ਗਾਵਤ ਅਚੁਤ ਅਬਿਨਾਸੀ ॥ | I sing the Glorious Praises of the unchanging, eternal Lord God, |
| ਤਾ ਤੇ ਕਾਟੀ ਜਮ ਕੀ ਫਾਸੀ ॥੨॥ | and the noose of death is snapped. \|\|2\|\| |
| ਕਰਿ ਕਿਰਪਾ ਲੀਨੇ ਲੜਿ ਲਾਏ ॥ | Showering His Mercy, he has attached me to the hem of His robe. |
| ਸਦਾ ਅਨਦੁ ਨਾਨਕ ਗੁਣ ਗਾਏ ॥੩॥੩੦॥੩੬॥ | In constant bliss, Nanak sings His Glorious Praises. \|\|3\|\|30\|\|36\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਅੰਮ੍ਰਿਤ ਬਚਨ ਸਾਧ ਕੀ ਬਾਣੀ ॥ | The Words, the Teachings of the Holy Saints, are Ambrosial Nectar. |
| ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ ॥ | Whoever meditates on the Lord's Name is emancipated; he chants the Name of the Lord, Har, Har, with his tongue. \|\|1\|\|Pause\|\| |
| ਕਲੀ ਕਾਲ ਕੇ ਮਿਟੇ ਕਲੇਸਾ ॥ | The pains and sufferings of the Dark Age of Kali Yuga are eradicated, |
| ਏਕੋ ਨਾਮੁ ਮਨ ਮਹਿ ਪਰਵੇਸਾ ॥੧॥ | when the One Name abides within the mind. \|\|1\|\| |
| ਸਾਧੂ ਧੂਰਿ ਮੁਖਿ ਮਸਤਕਿ ਲਾਈ ॥ | I apply the dust of the feet of the Holy to my face and forehead. |

ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥

Nanak has been saved, in the Sanctuary of the Guru, the Lord. ||2||31||37||

ਸੂਹੀ ਮਹਲਾ ੫ ਘਰੁ ੩ ॥

Soohee, Fifth Mehl: Third House:

ਗੋਬਿੰਦਾ ਗੁਣ ਗਾਉ ਦਇਆਲਾ ॥

I sing the Glorious Praises of the Lord of the Universe, the Merciful Lord.

ਦਰਸਨੁ ਦੇਹੁ ਪੂਰਨ ਕਿਰਪਾਲਾ ॥ ਰਹਾਉ ॥

Please, bless me with the Blessed Vision of Your Darshan, O Perfect, Compassionate Lord. ||Pause||

ਕਰਿ ਕਿਰਪਾ ਤੁਮ ਹੀ ਪ੍ਰਤਿਪਾਲਾ ॥

Please, grant Your Grace, and cherish me.

ਜੀਉ ਪਿੰਡੁ ਸਭੁ ਤੁਮਰਾ ਮਾਲਾ ॥੧॥

My soul and body are all Your property. ||1||

ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥

Only meditation on the Ambrosial Naam, the Name of the Lord, will go along with you.

ਨਾਨਕੁ ਜਾਚੈ ਸੰਤ ਰਵਾਲਾ ॥੨॥੩੨॥੩੮॥

Nanak begs for the dust of the Saints. ||2||32||38||

ਸੂਹੀ ਮਹਲਾ ੫ ॥

Soohee, Fifth Mehl:

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥

Without Him, there is no other at all.

ਆਪੇ ਥੰਮੈ ਸਚਾ ਸੋਈ ॥੧॥

The True Lord Himself is our anchor. ||1||

ਹਰਿ ਹਰਿ ਨਾਮੁ ਮੇਰਾ ਆਧਾਰੁ ॥

The Name of the Lord, Har, Har, is our only support.

ਕਰਣ ਕਾਰਣ ਸਮਰਥੁ ਅਪਾਰੁ ॥੧॥ ਰਹਾਉ ॥

The Creator, the Cause of causes, is All-powerful and Infinite. ||1||Pause||

ਸਭ ਰੋਗ ਮਿਟਾਵੇ ਨਵਾ ਨਿਰੋਆ ॥

He has eradicated all illness, and healed me.

ਨਾਨਕ ਰਖਾ ਆਪੇ ਹੋਆ ॥੨॥੩੩॥੩੯॥

O Nanak, He Himself has become my Savior. ||2||33||39||

## ੭੪੫

## 745

ਸੂਹੀ ਮਹਲਾ ੫ ॥

Soohee, Fifth Mehl:

ਦਰਸਨ ਕਉ ਲੋਚੈ ਸਭੁ ਕੋਈ ॥

Everyone longs for the Blessed Vision of the Lord's Darshan.

ਪੂਰੈ ਭਾਗਿ ਪਰਾਪਤਿ ਹੋਈ ॥ ਰਹਾਉ ॥

By perfect destiny, it is obtained. ||Pause||

| | |
|---|---|
| ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ | Forsaking the Beautiful Lord, how can they go to sleep? |
| ਮਹਾ ਮੋਹਨੀ ਦੂਤਾ ਲਾਈ ॥੧॥ | The great enticer Maya has led them down the path of sin. \|\|1\|\| |
| ਪ੍ਰੇਮ ਬਿਛੋਹਾ ਕਰਤ ਕਸਾਈ ॥ | This butcher has separated them from the Beloved Lord. |
| ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥ | This merciless one shows no mercy at all to the poor beings. \|\|2\|\| |
| ਅਨਿਕ ਜਨਮ ਬੀਤੀਅਨ ਭਰਮਾਈ ॥ | Countless lifetimes have passed away, wandering aimlessly. |
| ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥ | The terrible, treacherous Maya does not even allow them to dwell in their own home. \|\|3\|\| |
| ਦਿਨੁ ਰੈਨਿ ਅਪਨਾ ਕੀਆ ਪਾਈ ॥ | Day and night, they receive the rewards of their own actions. |
| ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥੪॥ | Don't blame anyone else; your own actions lead you astray. \|\|4\|\| |
| ਸੁਣਿ ਸਾਜਨ ਸੰਤ ਜਨ ਭਾਈ ॥ | Listen, O Friend, O Saint, O humble Sibling of Destiny: |
| ਚਰਣ ਸਰਣ ਨਾਨਕ ਗਤਿ ਪਾਈ ॥੫॥੩੪॥੪੦॥ | in the Sanctuary of the Lord's Feet, Nanak has found Salvation. \|\|5\|\|34\|\|40\|\| |
| ਰਾਗੁ ਸੂਹੀ ਮਹਲਾ ੫ ਘਰੁ ੪ | Raag Soohee, Fifth Mehl, Fourth House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ | Even a crude hut is sublime and beautiful, if the Lord's Praises are sung within it. |
| ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥ | Those mansions where the Lord is forgotten are useless. \|\|1\|\|Pause\|\| |
| ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥ | Even poverty is bliss, if God comes to mind in the Saadh Sangat, the Company of the Holy. |
| ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥ | This worldly glory might just as well burn; it only traps the mortals in Maya. \|\|1\|\| |
| ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥ | One may have to grind corn, and wear a coarse blanket, but still, one can find peace of mind and contentment. |

| | |
|---|---|
| ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥ | Even empires are of no use at all, if they do not bring satisfaction. ‖2‖ |
| ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥ | Someone may wander around naked, but if he loves the One Lord, he receives honor and respect. |
| ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥ | Silk and satin clothes are worthless, if they lead to greed. ‖3‖ |
| ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥ | Everything is in Your Hands, God. You Yourself are the Doer, the Cause of causes. |
| ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥ | With each and every breath, may I continue to remember You. Please, bless Nanak with this gift. ‖4‖1‖41‖ |
| ਸੂਹੀ ਮਹਲਾ ੫ ॥ | Soohee, Fifth Mehl: |
| ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ॥ | The Lord's Saint is my life and wealth. I am his water-carrier. |
| ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ ॥੧॥ ਰਹਾਉ ॥ | He is dearer to me than all my siblings, friends and children. ‖1‖Pause‖ |
| ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ | I make my hair into a fan, and wave it over the Saint. |
| ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥੧॥ | I bow my head low, to touch his feet, and apply his dust to my face. ‖1‖ |
| ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥ | I offer my prayer with sweet words, in sincere humility. |
| ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੨॥ | Renouncing egotism, I enter His Sanctuary. I have found the Lord, the treasure of virtue. ‖2‖ |
| ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ॥ | I gaze upon the Blessed Vision of the Lord's humble servant, again and again. |
| ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ ॥੩॥ | I cherish and gather in His Ambrosial Words within my mind; time and time again, I bow to Him. ‖3‖ |
| ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ ॥ | In my mind, I wish, hope and beg for the Society of the Lord's humble servants. |

ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ ॥੪॥੨॥੪੨॥

Be Merciful to Nanak, O God, and lead him to the feet of Your slaves. ||4||2||42||

ਸੂਹੀ ਮਹਲਾ ੫ ॥

Soohee, Fifth Mehl:

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥

She has enticed the worlds and solar systems; I have fallen into her clutches.

ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ ਰਹਾਉ ॥

O Lord, please save this corrupt soul of mine; please bless me with Your Name. ||1||Pause||

ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥

She has not brought anyone peace, but still, I chase after her.

ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥੧॥

She forsakes everyone, but still, I cling to her, again and again. ||1||

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥

Have Mercy on me, O Lord of Compassion; please let me sing Your Glorious Praises, O Lord.

ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥੨॥੩॥੪੩॥

This is Nanak's prayer, O Lord, that he may join and merge with the Saadh Sangat, the Company of the Holy. ||2||3||43||

## ੭੪੬

## 746

ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ

Raag Soohee, Fifth Mehl, Fifth House, Partaal:

ੴ ਸਤਿਗੁਰ ਪ੍ਰਸਾਦਿ ॥

One Universal Creator God.
By The Grace Of The True Guru:

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥

Love of the enticing Beloved Lord is the most glorious love.

ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥

Meditate, O mind, on the One Lord of the Universe - nothing else is of any account. Attach your mind to the Saints, and abandon the path of duality. ||1||Pause||

ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥

The Lord is absolute and unmanifest; He has assumed the most sublime manifestation. He has fashioned countless body chambers of many, varied, different, myriad forms.

| | |
|---|---|
| ਵਿਚਿ ਮਨ ਕੋਟਵਰੀਆ ॥ | Within them, the mind is the policeman; |
| ਨਿਜ ਮੰਦਰਿ ਪਿਰੀਆ ॥ | my Beloved lives in the temple of my inner self. |
| ਤਹਾ ਆਨਦ ਕਰੀਆ ॥ | He plays there in ecstasy. |
| ਨਹ ਮਰੀਆ ਨਹ ਜਰੀਆ ॥੧॥ | He does not die, and he never grows old. ‖1‖ |
| ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥ | He is engrossed in worldly activities, wandering around in various ways. He steals the property of others, |
| ਬਿਖਨਾ ਘਿਰੀਆ ॥ | and is surrounded by corruption and sin. |
| ਅਬ ਸਾਧੂ ਸੰਗਿ ਪਰੀਆ ॥ | But now, he joins the Saadh Sangat, the Company of the Holy, |
| ਹਰਿ ਦੁਆਰੈ ਖਰੀਆ ॥ | and stands before the Lord's Gate. |
| ਦਰਸਨੁ ਕਰੀਆ ॥ | He obtains the Blessed Vision of the Lord's Darshan. |
| ਨਾਨਕ ਗੁਰ ਮਿਰੀਆ ॥ | Nanak has met the Guru; |
| ਬਹੁਰਿ ਨ ਫਿਰੀਆ ॥੨॥੧॥੪੪॥ | he shall not be reincarnated again. ‖2‖1‖44‖ |
| ਸੂਹੀ ਮਹਲਾ ੫ ॥ | Soohee, Fifth Mehl: |
| ਰਾਸਿ ਮੰਡਲੁ ਕੀਨੋ ਆਖਾਰਾ ॥ | The Lord has made this world a stage; |
| ਸਗਲੋ ਸਾਜਿ ਰਖਿਓ ਪਾਸਾਰਾ ॥੧॥ ਰਹਾਉ ॥ | He fashioned the expanse of the entire creation. ‖1‖Pause‖ |
| ਬਹੁ ਬਿਧਿ ਰੂਪ ਰੰਗ ਆਪਾਰਾ ॥ | He fashioned it in various ways, with limitless colors and forms. |
| ਪੇਖੈ ਖੁਸੀ ਭੋਗ ਨਹੀ ਹਾਰਾ ॥ | He watches over it with joy, and He never tires of enjoying it. |
| ਸਭਿ ਰਸ ਲੈਤ ਬਸਤ ਨਿਰਾਰਾ ॥੧॥ | He enjoys all the delights, and yet He remains unattached. ‖1‖ |
| ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥ | He has no color, no sign, no mouth and no beard. |
| ਕਹਨੁ ਨ ਜਾਈ ਖੇਲੁ ਤੁਹਾਰਾ ॥ | I cannot describe Your play. |
| ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥ | Nanak is the dust of the feet of the Saints. ‖2‖2‖45‖ |

| | |
|---|---|
| ਸੂਹੀ ਮਹਲਾ ੫ ॥ | Soohee, Fifth Mehl: |
| ਤਉ ਮੈ ਆਇਆ ਸਰਨੀ ਆਇਆ ॥ | I have come to You. I have come to Your Sanctuary. |
| ਭਰੋਸੈ ਆਇਆ ਕਿਰਪਾ ਆਇਆ ॥ | I have come to place my faith in You. I have come seeking Mercy. |
| ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧॥ ਰਹਾਉ ॥ | If it pleases You, save me, O my Lord and Master. The Guru has placed me upon the Path. \|\|1\|\|Pause\|\| |
| ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥੧॥ | Maya is very treacherous and difficult to pass through. It is like a violent wind-storm. \|\|1\|\| |
| ਸੁਨਿ ਸੁਨਿ ਹੀ ਡਰਾਇਆ ॥ | I am so afraid to hear |
| ਕਰਰੋ ਧ੍ਰਮਰਾਇਆ ॥੨॥ | that the Righteous Judge of Dharma is so strict and stern. \|\|2\|\| |
| ਗ੍ਰਿਹ ਅੰਧ ਕੂਪਾਇਆ ॥ | The world is a deep, dark pit; |
| ਪਾਵਕੁ ਸਗਰਾਇਆ ॥੩॥ | it is all on fire. \|\|3\|\| |
| ਗਹੀ ਓਟ ਸਾਧਾਇਆ ॥ | I have grasped the Support of the Holy Saints. |
| ਨਾਨਕ ਹਰਿ ਧਿਆਇਆ ॥ | Nanak meditates on the Lord. |
| ਅਬ ਮੈ ਪੂਰਾ ਪਾਇਆ ॥੪॥੩॥੪੬॥ | Now, I have found the Perfect Lord. \|\|4\|\|3\|\|46\|\| |
| ਰਾਗੁ ਸੂਹੀ ਮਹਲਾ ੫ ਘਰੁ ੬ | Raag Soohee, Fifth Mehl, Sixth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥ | I offer this prayer to the True Guru, to bless me with the sustenance of the Naam. |
| ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥ | When the True King is pleased, the world is rid of its diseases. \|\|1\|\| |
| ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ ਰਹਾਉ ॥ | You are the Support of Your devotees, and the Shelter of the Saints, O True Creator Lord. \|\|1\|\|Pause\|\| |
| ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥ | True are Your devices, and True is Your Court. |

| | |
|---|---|
| ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥ | True are Your treasures, and True is Your expanse. \|\|2\|\| |
| ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥ | Your Form is inaccessible, and Your Vision is incomparably beautiful. |
| ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ ਹਰਿ ਨਾਮੁ ਪਿਆਰਾ ॥੩॥ | I am a sacrifice to Your servants; they love Your Name, O Lord. \|\|3\|\| |
| **੭੪੭** | **747** |
| ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ | All desires are fulfilled, when the Inaccessible and Infinite Lord is obtained. |
| ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ | Guru Nanak has met the Supreme Lord God; I am a sacrifice to Your Feet. \|\|4\|\|1\|\|47\|\| |
| ਰਾਗੁ ਸੂਹੀ ਮਹਲਾ ੫ ਘਰੁ ੭ | Raag Soohee, Fifth Mehl, Seventh House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥ | He alone obeys Your Will, O Lord, unto whom You are Merciful. |
| ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥੧॥ | That alone is devotional worship, which is pleasing to Your Will. You are the Cherisher of all beings. \|\|1\|\| |
| ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਾਰੀ ॥ | O my Sovereign Lord, You are the Support of the Saints. |
| ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥ | Nanak seeks the Sanctuary of the Lord's Door; I am a sacrifice, a sacrifice, a sacrifice, forever a sacrifice to Him. ‖3‖ |
| ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥ | Listen, madman: do not think that you have found God. |
| ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥ | Listen, madman: be the dust under the feet of those who meditate on God. |
| ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥ | Those who meditate on God find peace. By great good fortune, the Blessed Vision of their Darshan is obtained. |
| ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥ | Be humble, and be forever a sacrifice, and your self-conceit shall be totally eradicated. |
| ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ॥ | One who has found God is pure, with blessed destiny. I would sell myself to him. |
| ਨਾਨਕ ਦੀਨ ਸਰਣਿ ਸੁਖ ਸਾਗਰ ਰਾਖੁ ਲਾਜ ਅਪਨਾਇਆ ॥੪॥੧॥ | Nanak, the meek and humble, seeks the Sanctuary of the Lord, the ocean of peace. Make him Your own, and preserve his honor. ‖4‖1‖ |
| ਸੂਹੀ ਮਹਲਾ ੫ ॥ | Soohee, Fifth Mehl: |
| ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥ | The True Guru was satisfied with me, and blessed me with the Support of the Lord's Lotus Feet. I am a sacrifice to the Lord. |
| ੭੭੮ | 778 |
| ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥ | The Lord's Ambrosial Nectar is an overflowing treasure; everything is in His Home. I am a sacrifice to the Lord. |
| ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ | My Father is absolutely all-powerful. God is the Doer, the Cause of causes. |
| ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ | Remembering Him in meditation, pain does not touch me; thus I cross over the terrifying world-ocean. |

| | |
|---|---|
| ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ | In the beginning, and throughout the ages, He is the Protector of His devotees. Praising Him continually, I live. |
| ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥੧॥ | O Nanak, the Naam, the Name of the Lord, is the sweetest and most sublime essence. Night and day, I drink it in with my mind and body. \|\|1\|\| |
| ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ | The Lord unites me with Himself; how could I feel any separation? I am a sacrifice to the Lord. |
| ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥ | One who has Your Support lives forever and ever. I am a sacrifice to the Lord. |
| ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ | I take my support from You alone, O True Creator Lord. |
| ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥ | No one lacks this Support; such is my God. |
| ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ ॥ | Meeting with the humble Saints, I sing the songs of joy; day and night, I place my hopes in You. |
| ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥ | I have obtained the Blessed Vision, the Darshan of the Perfect Guru. Nanak is forever a sacrifice. \|\|2\|\| |
| ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥ | Contemplating, dwelling upon the Lord's true home, I receive honor, greatness and truth. I am a sacrifice to the Lord. |
| ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥ | Meeting the Merciful True Guru, I sing the Praises of the Imperishable Lord. I am a sacrifice to the Lord. |
| ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥ | Sing the Glorious Praises of the Lord of the Universe, continually, continuously; He is the Beloved Master of the breath of life. |
| ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ | Good times have come; the Inner-knower, the Searcher of hearts, has met me, and hugged me close in His Embrace. |
| ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ | The musical instruments of truth and contentment vibrate, and the unstruck melody of the sound current resounds. |
| ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥ | Hearing this, all my fears have been dispelled; O Nanak, God is the Primal Being, the Creator Lord. \|\|3\|\| |

| | |
|---|---|
| ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ | The essence of spiritual wisdom has welled up; in this world, and the next, the One Lord is pervading. I am a sacrifice to the Lord. |
| ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ | When God meets the God within the self, no one can separate them. I am a sacrifice to the Lord. |
| ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ | I gaze upon the Wondrous Lord, and listen to the Wondrous Lord; the Wondrous Lord has come into my vision. |
| ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ | The Perfect Lord and Master is pervading the water, the land and the sky, in each and every heart. |
| ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ | I have merged again into the One from whom I originated. The value of this cannot be described. |
| ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥ | Nanak meditates on Him. ‖4‖2‖ |
| ਰਾਗੁ ਸੂਹੀ ਛੰਤ ਮਹਲਾ ੫ ਘਰੁ ੨ | Raag Soohee, Chhant, Fifth Mehl, Second House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਗੋਬਿੰਦ ਗੁਣ ਗਾਵਣ ਲਾਗੇ ॥ | I sing the Glorious Praises of the Lord of the Universe. |
| ਹਰਿ ਰੰਗਿ ਅਨਦਿਨੁ ਜਾਗੇ ॥ | I am awake, night and day, in the Lord’s Love. |
| ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥ | Awake to the Lord’s Love, my sins have left me. I meet with the Beloved Saints. |
| ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥ | Attached to the Guru’s Feet, my doubts are dispelled, and all my affairs are resolved. |
| ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ ॥ | Listening to the Word of the Guru’s Bani with my ears, I know celestial peace. By great good fortune, I meditate on the Lord’s Name. |
| ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ ॥੧॥ | Prays Nanak, I have entered my Lord and Master’s Sanctuary. I dedicate my body and soul to God. ‖1‖ |
| ਅਨਹਤ ਸਬਦੁ ਸੁਹਾਵਾ ॥ | The unstruck melody of the Shabad, the Word of God is so very beautiful. |
| ਸਚੁ ਮੰਗਲੁ ਹਰਿ ਜਸੁ ਗਾਵਾ ॥ | True joy comes from singing the Lord’s Praises. |

| | |
|---|---|
| ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥ | Singing the Glorious Praises of the Lord, Har, Har, pain is dispelled, and my mind is filled with tremendous joy. |
| ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥ | My mind and body have become immaculate and pure, gazing upon the Blessed Vision of the Lord's Darshan; I chant the Name of God. |
| **੭੭੯** | **779** |
| ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ ॥ | I am the dust of the feet of the Holy. Worshipping God in adoration, my God is pleased with me. |
| ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥੨॥ | Prays Nanak, please bless me with Your Mercy, that I may sing Your Glorious Praises forever. \|\|2\|\| |
| ਗੁਰ ਮਿਲਿ ਸਾਗਰੁ ਤਰਿਆ ॥ | Meeting with the Guru, I cross over the world-ocean. |
| ਹਰਿ ਚਰਣ ਜਪਤ ਨਿਸਤਰਿਆ ॥ | Meditating on the Lord's Feet, I am emancipated. |
| ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥ | Meditating on the Lord's Feet, I have obtained the fruits of all rewards, and my comings and goings have ceased. |
| ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥ | With loving devotional worship, I meditate intuitively on the Lord, and my God is pleased. |
| ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥ | Meditate on the One, Unseen, Infinite, Perfect Lord; there is no other than Him. |
| ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥੩॥ | Prays Nanak, the Guru has erased my doubts; wherever I look, there I see Him. \|\|3\|\| |
| ਪਤਿਤ ਪਾਵਨ ਹਰਿ ਨਾਮਾ ॥ | The Lord's Name is the Purifier of sinners. |
| ਪੂਰਨ ਸੰਤ ਜਨਾ ਕੇ ਕਾਮਾ ॥ | It resolves the affairs of the humble Saints. |
| ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥ | I have found the Saintly Guru, meditating on God. All my desires have been fulfilled. |
| ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥ | The fever of egotism has been dispelled, and I am always happy. I have met God, from whom I was separated for so long. |
| ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥ | My mind has found peace and tranquility; congratulations are pouring in. I shall never forget Him from my mind. |
| ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪॥੧॥੩॥ | Prays Nanak, the True Guru has taught me this, to vibrate and meditate forever on the Lord of the Universe. \|\|4\|\|1\|\|3\|\| |

| | |
|---|---|
| ਰਾਗੁ ਸੂਹੀ ਛੰਤ ਮਹਲਾ ੫ ਘਰੁ ੩ | Raag Soohee, Chhant, Fifth Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ | O my Lord and Master, You are unattached; You have so many hand-maidens like me, Lord. |
| ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ | You are the ocean, the source of jewels; I do not know Your value, Lord. |
| ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ | I do not know Your value; You are the wisest of all; please show Mercy unto me, O Lord. |
| ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ | Show Your Mercy, and bless me with such understanding, that I may meditate on You, twenty-four hours a day. |
| ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ | O soul, don't be so arrogant - become the dust of all, and you shall be saved. |
| ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥ | Nanak's Lord is the Master of all; He has so many hand-maidens like me. ‖1‖ |
| ਤੁਮ੍ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ | Your depth is profound and utterly unfathomable; You are my Husband Lord, and I am Your bride. |
| ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ | You are the greatest of the great, exalted and lofty on high; I am infinitesimally small. |
| ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ | I am nothing; You are the One and only. You Yourself are All-knowing. |
| ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ | With just a momentary Glance of Your Grace, God, I live; I enjoy all pleasures and delights. |
| ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ | I seek the Sanctuary of Your Feet; I am the slave of Your slaves. My mind has blossomed forth, and my body is rejuvenated. |
| ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥੨॥ | O Nanak, the Lord and Master is contained amongst all; He does just as He pleases. ‖2‖ |
| ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥ | I take pride in You; You are my only Strength, Lord. |
| ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ | You are my understanding, intellect and knowledge. I know only what You cause me to know, Lord. |

| | |
|---|---|
| ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ | He alone knows, and he alone understands, upon whom the Creator Lord bestows His Grace. |
| ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ | The self-willed manmukh wanders along many paths, and is trapped in the net of Maya. |
| ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ | She alone is virtuous, who is pleasing to her Lord and Master. She alone enjoys all the pleasures. |
| ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥੩॥ | You, O Lord, are Nanak's only support. You are Nanak's only pride. \|\|3\|\| |
| ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥ | I am a sacrifice, devoted and dedicated to You; You are my sheltering mountain, Lord. |
| ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥ | I am a sacrifice, thousands, hundreds of thousands of times, to the Lord. He has torn away the veil of doubt; |

| ੭੮੦ | 780 |
|---|---|
| ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ | darkness has been eliminated, and I have renounced corruption and sin. My mind is reconciled with my Lord and Master. |
| ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥ | I have become pleasing to my Dear God, and I have become carefree. My life is fulfilled and approved. |
| ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥ | I have become invaluable, of tremendous weight and value. The Door, and the Path of liberation are open to me now. |
| ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥ | Says Nanak, I am fearless; God has become my Shelter and Shield. \|\|4\|\|1\|\|4\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ | My Perfect True Guru is my Best Friend, the Primal Being. I do not know any other than Him, Lord. |
| ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ | He is my mother, father, sibling, child, relative, soul and breath of life. He is so pleasing to my mind, O Lord. |
| ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ | My body and soul are all His blessings. He is overflowing with every quality of virtue. |

| | |
|---|---|
| ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ | My God is the Inner-knower, the Searcher of hearts. He is totally permeating and pervading everywhere. |
| ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ | In His Sanctuary, I receive every comfort and pleasure. I am totally, completely happy. |
| ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥੧॥ | Forever and ever, Nanak is a sacrifice to God, forever, a devoted sacrifice. \|\|1\|\| |
| ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ | By great good fortune, one finds such a Guru, meeting whom, the Lord God is known. |
| ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ | The sins of countless lifetimes are erased, bathing continually in the dust of the feet of God's Saints. |
| ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥ | Bathing in the dust of the feet of the Lord, and meditating on God, you shall not have to enter into the womb of reincarnation again. |
| ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ | Grasping hold of the Guru's Feet, doubt and fear are dispelled, and you receive the fruits of your mind's desires. |
| ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ | Continually singing the Glorious Praises of the Lord, and meditating on the Naam, the Name of the Lord, you shall no longer suffer in pain and sorrow. |
| ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥੨॥ | O Nanak, God is the Giver of all souls; His radiant glory is perfect! \|\|2\|\| |
| ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ | The Lord, Har, Har, is the treasure of virtue; the Lord is under the power of His Saints. |
| ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ ॥ | Those who are dedicated to the feet of the Saints, and to serving the Guru, obtain the supreme status, O Lord. |
| ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ | They obtain the supreme status, and eradicate self-conceit; the Perfect Lord showers His Grace upon them. |
| ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ | Their lives are fruitful, their fears are dispelled, and they meet the One Lord, the Destroyer of ego. |
| ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ | He blends into the One, to whom he belongs; his light merges into the Light. |
| ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥੩॥ | O Nanak, chant the Naam, the Name of the Immaculate Lord; meeting the True Guru, peace is obtained. \|\|3\|\| |

| | |
|---|---|
| ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥ | Sing continually the songs of joy, O humble beings of the Lord; all your desires shall be fulfilled. |
| ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ | Those who are imbued with the Love of their Lord and Master do not die, or come or go in reincarnation. |
| ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ | The Imperishable Lord is obtained, meditating on the Naam, and all one's wishes are fulfilled. |
| ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ | Peace, poise, and all ecstasy are obtained, attaching one's mind to the Guru's feet. |
| ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ | The Imperishable Lord is permeating and pervading each and every heart; He is in all places and interspaces. |
| ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥ | Says Nanak, all affairs are perfectly resolved, focusing one's mind on the Guru's Feet. ‖4‖2‖5‖ |

| | |
|---|---|
| ਸੂਹੀ ਮਹਲਾ ੫ ॥ | Soohee, Fifth Mehl: |
| ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ | Be Merciful, O my Beloved Lord and Master, that I may behold the Blessed Vision of Your Darshan with my eyes. |
| ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ | Please bless me, O my Beloved, with thousands of tongues, to worship and adore You with my mouth, O Lord. |
| ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥ | Worshipping the Lord in adoration, the Path of Death is overcome, and no pain or suffering will afflict you. |
| ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥ | The Lord and Master is pervading and permeating the water, the land and the sky; wherever I look, there He is. |
| ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ ॥ | Doubt, attachment and corruption are gone. God is the nearest of the near. |

## ੭੮੧ — 781

| | |
|---|---|
| ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥ | Please bless Nanak with Your Merciful Grace, O God, that his eyes may behold the Blessed Vision of Your Darshan. ‖1‖ |
| ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥ | Please bless me, O Beloved God, with millions of ears, with which I may hear the Glorious Praises of the Imperishable Lord. |
| ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥ | Listening, listening to these, this mind becomes spotless and pure, and the noose of Death is cut. |

| | |
|---|---|
| ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥ | The noose of Death is cut, meditating on the Imperishable Lord, and all happiness and wisdom are obtained. |
| ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥ | Chant, and meditate, day and night, on the Lord, Har, Har. Focus your meditation on the Celestial Lord. |
| ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥ | The painful sins are burnt away, by keeping God in one's thoughts; evil-mindedness is erased. |
| ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥ | Says Nanak, O God, please be Merciful to me, that I may listen to Your Glorious Praises, O Imperishable Lord. ‖2‖ |
| ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥ | Please give me millions of hands to serve You, God, and let my feet walk on Your Path. |
| ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥ | Service to the Lord is the boat to carry us across the terrifying world-ocean. |
| ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥ | So cross over the terrifying world-ocean, meditating in remembrance on the Lord, Har, Har; all wishes shall be fulfilled. |
| ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ | Even the worst corruption is taken away; peace wells up, and the unstruck celestial harmony vibrates and resounds. |
| ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥ | All the fruits of the mind's desires are obtained; His creative power is infinitely valuable. |
| ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥੩॥ | Says Nanak, please be Merciful to me, God, that my mind may follow Your Path forever. ‖3‖ |
| ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥ | This opportunity, this glorious greatness, this blessing and wealth, come by great good fortune. |
| ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ ॥ | These pleasures, these delightful enjoyments, come when my mind is attached to the Lord's Feet. |
| ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥ | My mind is attached to God's Feet; I seek His Sanctuary. He is the Creator, the Cause of causes, the Cherisher of the world. |
| ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥ | Everything is Yours; You are my God, O my Lord and Master, Merciful to the meek. |
| ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥ | I am worthless, O my Beloved, ocean of peace. In the Saints' Congregation, my mind is awakened. |

| | |
|---|---|
| ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ ਚਰਣ ਕਮਲ ਮਨੁ ਲਾਗਾ ॥੪॥੩॥੬॥ | Says Nanak, God has been Merciful to me; my mind is attached to His Lotus Feet. \|\|4\|\|3\|\|6\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ | Meditating on the Lord, the Lord's Temple has been built; the Saints and devotees sing the Lord's Glorious Praises. |
| ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ | Meditating, meditating in remembrance of God, their Lord and Master, they discard and renounce all their sins. |
| ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ | Singing the Glorious Praises of the Lord, the supreme status is obtained. The Word of God's Bani is sublime and exalted. |
| ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ | God's Sermon is so very sweet. It brings celestial peace. It is to speak the Unspoken Speech. |
| ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ | The time and the moment were auspicious, blessed and true, when the eternal foundation of this Temple was placed. |
| ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥ | O servant Nanak, God has been kind and compassionate; with all His powers, He has blessed me. \|\|1\|\| |
| ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥ | The sounds of ecstasy vibrate through me continuously. I have enshrined the Supreme Lord within my mind. |
| ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥ | As Gurmukh, my lifestyle is excellent and true; my false hopes and doubts are dispelled. |
| ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ | The Gurmukh chants the Bani of the unstruck melody; hearing it, listening to it, my mind and body are rejuvenated. |
| ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ | All pleasures are obtained, by that one whom God makes His Own. |
| ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥ | Within the home of the heart are the nine treasures, filled to overflowing. He has fallen in love with the Lord's Name. |
| ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥ | Servant Nanak shall never forget God; his destiny is perfectly fulfilled. \|\|2\|\| |
| ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥ | God, the King, has given me shade under His canopy, and the fire of desire has been totally extinguished. |

ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥

The home of sorrow and sin has been demolished, and all affairs have been resolved.

ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥

When the Lord God so commands, misfortune is averted; true righteousness, Dharma and charity flourish.

## ੭੮੨

## 782

ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥

Meditate forever on your God, when you sleep and sit and stand.

ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥

The Lord and Master is the treasure of virtue, the ocean of peace; He pervades the water, the land and the sky.

ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥

Servant Nanak has entered God's Sanctuary; there is no other than Him. ||3||

ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥

My home is made, the garden and pool are made, and my Sovereign Lord God has met me.

ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥

My mind is adorned, and my friends rejoice; I sing the songs of joy, and the Glorious Praises of the Lord.

ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥

Singing the Glorious Praises of the True Lord God, all desires are fulfilled.

ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥

Those who are attached to the Guru's Feet are always awake and aware; His Praises resound and resonate through their minds.

ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥

My Lord and Master, the bringer of peace, has blessed me with His Grace; He has arranged this world, and the world hereafter for me.

ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥

Prays Nanak, chant the Naam, the Name of the Lord forever; He is the Support of the body and soul. ||4||4||7||

ਸੂਹੀ ਮਹਲਾ ੫ ॥

Soohee, Fifth Mehl:

ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥

The terrifying world-ocean, the terrifying world-ocean - I have crossed over it, meditating on the Naam, the Name of the Lord, Har, Har.

| | |
|---|---|
| ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥ | I worship and adore the Lord's Feet, the boat to carry me across. Meeting the True Guru, I am carried over. |
| ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥ | Through the Word of the Guru's Shabad, I cross over, and I shall not die again; my comings and goings are ended. |
| ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥ | Whatever He does, I accept as good, and my mind merges in celestial peace. |
| ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥ | Neither pain, nor hunger, nor disease afflicts me. I have found the Sanctuary of the Lord, the ocean of peace. |
| ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥੧॥ | Meditating, meditating in remembrance on the Lord, Nanak is imbued with His Love; his mind's anxieties are dispelled. \|\|1\|\| |
| ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥ | The humble Saints have implanted the Lord's Mantra within me, and the Lord, my Best Friend, has come under my power. |
| ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥ | I have dedicated my mind to my Lord and Master, and offered it to Him, and He has blessed me with everything. |
| ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥ | He has made me His hand-maiden and slave; my sadness is dispelled, and in the Lord's Temple, I have found stability. |
| ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥ | My joy and bliss are in meditating on my True God; I shall never be separated from Him again. |
| ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨ੍ਹੇ ॥ | She alone is very fortunate, and a true soul-bride, who contemplates the Glorious Vision of the Lord's Name. |
| ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥੨॥ | Says Nanak, I am imbued with His Love, drenched in the supreme, sublime essence of His Love. \|\|2\|\| |
| ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥ | I am in continual bliss and ecstasy, O my companions; I sing the songs of joy forever. |
| ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥ | God Himself has embellished her, and she has become His virtuous soul-bride. |
| ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ ॥ | With natural ease, He has become Merciful to her. He does not consider her merits or demerits. |
| ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ ॥ | He hugs His humble servants close in His Loving Embrace; they enshrine the Lord's Name in their hearts. |

| | |
|---|---|
| ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥ | Everyone is engrossed in arrogant pride, attachment and intoxication; in His Mercy, He has freed me of them. |
| ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥੩॥ | Says Nanak, I have crossed over the terrifying world-ocean, and all my affairs are perfectly resolved. \|\|3\|\| |
| ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥ | Continually sing the Glorious Praises of the World-Lord, O my companions; all your wishes shall be granted. |
| ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥ | Life becomes fruitful, meeting with the Holy Saints, and meditating on the One God, the Creator of the Universe. |
| ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥ | Chant, and meditate on the One God, who permeates and pervades the many beings of the whole Universe. |
| ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥ | God created it, and God spreads through it everywhere. Everywhere I look, I see God. |
| ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥ | The Perfect Lord is perfectly pervading and permeating the water, the land and the sky; there is no place without Him. |
| **੭੮੩** | **783** |
| ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥੪॥੫॥੮॥ | Beholding the Blessed Vision of His Darshan, Nanak has blossomed forth; the Lord has united him in Union. \|\|4\|\|5\|\|8\|\| |
| ਸੂਹੀ ਮਹਲਾ ੫ ॥ | Soohee, Fifth Mehl: |
| ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥ | Eternal and immovable is the City of God and Guru; chanting His Name, I have found peace. |
| ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥ | I have obtained the fruits of my mind's desires; the Creator Himself established it. |
| ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥ | The Creator Himself established it. I have found total peace; my children, siblings and Sikhs have all blossomed forth in bliss. |
| ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥ | Singing the Glorious Praises of the Perfect Transcendent Lord, my affairs have come to be resolved. |
| ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥ | God Himself is my Lord and Master. He Himself is my Saving Grace; He Himself is my father and mother. |
| ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥ | Says Nanak, I am a sacrifice to the True Guru, who has embellished and adorned this place. \|\|1\|\| |

| | |
|---|---|
| ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥ | Homes, mansions, stores and markets are beautiful, when the Lord's Name abides within. |
| ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥ | The Saints and devotees worship the Lord's Name in adoration, and the noose of Death is cut away. |
| ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥ | The noose of Death is cut away, meditating on the Name of the Eternal, Unchanging Lord, Har, Har. |
| ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥ | Everything is perfect for them, and they obtain the fruits of their mind's desires. |
| ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥ | The Saints and friends enjoy peace and pleasure; their pain, suffering and doubts are dispelled. |
| ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥ | The Perfect True Guru has embellished them with the Word of the Shabad; Nanak is forever a sacrifice to them. ‖2‖ |
| ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥ | The gift of our Lord and Master is perfect; it increases day by day. |
| ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥ | The Supreme Lord God has made me His own; His Glorious Greatness is so great! |
| ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥ | From the very beginning, and throughout the ages, He is the Protector of His devotees; God has become merciful to me. |
| ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥ | All beings and creatures now dwell in peace; God Himself cherishes and cares for them. |
| ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥ | The Praises of the Lord and Master are totally pervading in the ten directions; I cannot express His worth. |
| ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥ | Says Nanak, I am a sacrifice to the True Guru, who has laid this eternal foundation. ‖3‖ |
| ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥ | The spiritual wisdom and meditation of the Perfect Transcendent Lord, and the Sermon of the Lord, Har, Har, are continually heard there. |
| ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥ | The devotees of the Lord, the Destroyer of fear, play endlessly there, and the unstruck melody resounds and vibrates there. |
| ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥ | The unstruck melody resounds and resonates, and the Saints contemplate the essence of reality; this discourse is their daily routine. |

| | |
|---|---|
| ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥ | They worship the Lord's Name, and all their filth is washed away; they rid themselves of all sins. |
| ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋੁਨੀਐ ॥ | There is no birth or death there, no coming or going, and no entering into the womb of reincarnation again. |
| ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥ | Nanak has found the Guru, the Transcendent Lord; by His Grace, desires are fulfilled. ‖4‖6‖9‖ |
| ਸੂਹੀ ਮਹਲਾ ੫ ॥ | Soohee, Fifth Mehl: |
| ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ | The Lord Himself has stood up to resolve the affairs of the Saints; He has come to complete their tasks. |
| ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ | The land is beautiful, and the pool is beautiful; within it is contained the Ambrosial Water. |
| ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ | The Ambrosial Water is filling it, and my job is perfectly complete; all my desires are fulfilled. |
| ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ | Congratulations are pouring in from all over the world; all my sorrows are eliminated. |
| ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ | The Vedas and the Puraanas sing the Praises of the Perfect, Unchanging, Imperishable Primal Lord. |
| ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥ | The Transcendent Lord has kept His promise, and confirmed His nature; Nanak meditates on the Naam, the Name of the Lord. ‖1‖ |
| ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ | The Creator has given me the nine treasures, wealth and spiritual powers, and I do not lack anything. |
| **੭੮੪** | **784** |
| ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ | Eating, spending and enjoying, I have found peace; the gifts of the Creator Lord continually increase. |
| ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ | His gifts increase and shall never be exhausted; I have found the Inner-knower, the Searcher of hearts. |
| ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ | Millions of obstacles have all been removed, and pain does not even approach me. |

| | |
|---|---|
| ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ | Tranquility, peace, poise and bliss in abundance prevail, and all my hunger is satisfied. |
| ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥ | Nanak sings the Glorious Praises of his Lord and Master, whose Glorious Greatness is wonderful and amazing. ‖2‖ |
| ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ | It was His job, and He has done it; what can the mere mortal being do? |
| ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ | The devotees are adorned, singing the Glorious Praises of the Lord; they proclaim His eternal victory. |
| ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ | Singing the Glorious Praises of the Lord of the Universe, bliss wells up, and we are friends with the Saadh Sangat, the Company of the Holy. |
| ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ | He who made the effort to construct this sacred pool - how can his praises be recounted? |
| ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ | The merits of the sixty-eight sacred shrines of pilgrimage, charity, good deeds and immaculate lifestyle, are found in this sacred pool. |
| ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥ | It is the natural way of the Lord and Master to purify sinners; Nanak takes the Support of the Word of the Shabad. ‖3‖ |
| ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ | The treasure of virtue is my God, the Creator Lord; what Praises of Yours should I sing, O Lord? |
| ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ | The prayer of the Saints is, “O Lord and Master, please bless us with the supreme, sublime essence of Your Name.” |
| ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ | Please, grant us Your Name, grant us this blessing, and do not forget us, even for an instant. |
| ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ | Chant the Glorious Praises of the World-Lord, O my tongue; sing them forever, night and day. |
| ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ | One who enshrines love for the Naam, the Name of the Lord, his mind and body are drenched with Ambrosial Nectar. |
| ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥ | Prays Nanak, my desires have been fulfilled; gazing upon the Blessed Vision of the Lord, I live. ‖4‖7‖10‖ |

| | |
|---|---|
| ਰਾਗੁ ਸੂਹੀ ਮਹਲਾ ੫ ਛੰਤ<br>ੴ ਸਤਿਗੁਰ ਪ੍ਰਸਾਦਿ ॥ | Raag Soohee, Fifth Mehl, Chhant:<br>One Universal Creator God.<br>By The Grace Of The True Guru: |
| ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ | My Dear Lord and Master, my Friend, speaks so sweetly. |
| ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ | I have grown weary of testing Him, but still, He never speaks harshly to me. |
| ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ | He does not know any bitter words; the Perfect Lord God does not even consider my faults and demerits. |
| ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ | It is the Lord's natural way to purify sinners; He does not overlook even an iota of service. |
| ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ | He dwells in each and every heart, pervading everywhere; He is the nearest of the near. |
| ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥ | Slave Nanak seeks His Sanctuary forever; the Lord is my Ambrosial Friend. \|\|1\|\| |
| ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥ | I am wonder-struck, gazing upon the incomparable Blessed Vision of the Lord's Darshan. |
| ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥ | My Dear Lord and Master is so beautiful; I am the dust of His Lotus Feet. |
| ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ ॥ | Gazing upon God, I live, and I am at peace; no one else is as great as He is. |
| ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ ॥ | Present at the beginning, end and middle of time, He pervades the sea, the land and the sky. |
| ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥ | Meditating on His Lotus Feet, I have crossed over the sea, the terrifying world-ocean. |
| ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥ | Nanak seeks the Sanctuary of the Perfect Transcendent Lord; You have no end or limitation, Lord. \|\|2\|\| |
| ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ ॥ | I shall not forsake, even for an instant, my Dear Beloved Lord, the Support of the breath of life. |
| ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ ॥ | The Guru, the True Guru, has instructed me in the contemplation of the True, Inaccessible Lord. |

| | |
|---|---|
| ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥ | Meeting with the humble, Holy Saint, I obtained the Naam, the Name of the Lord, and the pains of birth and death left me. |
| ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥ | I have been blessed with peace, poise and abundant bliss, and the knot of egotism has been untied. |
| **੭੮੫** | **785** |
| ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥ | He is inside all, and outside of all; He is untouched by love or hate. |
| ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ ॥੩॥ | Slave Nanak has entered the Sanctuary of the Lord of the Universe; the Beloved Lord is the Support of the mind. \|\|3\|\| |
| ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥ | I searched and searched, and found the immovable, unchanging home of the Lord. |
| ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥ | I have seen that everything is transitory and perishable, and so I have linked my consciousness to the Lotus Feet of the Lord. |
| ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥ | God is eternal and unchanging, and I am just His hand-maiden; He does not die, or come and go in reincarnation. |
| ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥ | He is overflowing with Dharmic faith, wealth and success; He fulfills the desires of the mind. |
| ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥ | The Vedas and the Simritees sing the Praises of the Creator, while the Siddhas, seekers and silent sages meditate on Him. |
| ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥੪॥੧॥੧੧॥ | Nanak has entered the Sanctuary of his Lord and Master, the treasure of mercy; by great good fortune, he sings the Praises of the Lord, Har, Har. \|\|4\|\|1\|\|11\|\| |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥ | Vaar Of Soohee, With Shaloks Of The Third Mehl: |
| ਸਲੋਕੁ ਮਃ ੩ ॥ | Shalok, Third Mehl: |
| ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥ | In her red robes, the discarded bride goes out, seeking enjoyment with another's husband. |

| | |
|---|---|
| ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥ | She leaves the husband of her own home, enticed by her love of duality. |
| ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥ | She finds it sweet, and eats it up; her excessive sensuality only makes her disease worse. |
| ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥ | She forsakes the Lord, her sublime Husband, and then later, she suffers the pain of separation from Him. |
| ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥ | But she who becomes Gurmukh, turns away from corruption and adorns herself, attuned to the Love of the Lord. |
| ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥ | She enjoys her celestial Husband Lord, and enshrines the Lord's Name within her heart. |
| ਆਗਿਆਕਾਰੀ ਸਦਾ ਸੋੁਹਾਗਣਿ ਆਪਿ ਮੇਲੀ ਕਰਤਾਰਿ ॥ | She is humble and obedient; she is His virtuous bride forever; the Creator unites her with Himself. |
| ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋੁਹਾਗਣਿ ਨਾਰਿ ॥੧॥ | O Nanak, she who has obtained the True Lord as her husband, is a happy soul-bride forever. ‖1‖ |
| ਮਃ ੩ ॥ | Third Mehl: |
| ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ ॥ | O meek, red-robed bride, keep your Husband Lord always in your thoughts. |
| ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥੨॥ | O Nanak, your life shall be embellished, and your generations shall be saved along with you. ‖2‖ |
| ਪਉੜੀ ॥ | Pauree: |
| ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥ | He Himself established His throne, in the Akaashic ethers and the nether worlds. |
| ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥ | By the Hukam of His Command, He created the earth, the true home of Dharma. |
| ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥ | He Himself created and destroys; He is the True Lord, merciful to the meek. |
| ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥ | You give sustenance to all; how wonderful and unique is the Hukam of Your Command! |
| ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥ | You Yourself are permeating and pervading; You Yourself are the Cherisher. ‖1‖ |

ਸਲੋਕੁ ਮਃ ੩ ॥

Shalok, Third Mehl:

ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥

The red-robed woman becomes a happy soul-bride, only when she accepts the True Name.

ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥

Become pleasing to your True Guru, and you shall be totally beautified; otherwise, there is no place of rest.

ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥

So decorate yourself with the decorations that will never stain, and love the Lord day and night.

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥

O Nanak, what is the character of the happy soul-bride? Within her, is Truth; her face is bright and radiant, and she is absorbed in her Lord and Master. ||1||

ਮਃ ੩ ॥

Third Mehl:

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥

O people: I am in red, dressed in a red robe.

ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥

But my Husband Lord is not obtained by any robes; I have tried and tried, and given up wearing robes.

ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥

O Nanak, they alone obtain their Husband Lord, who listen to the Guru's Teachings.

ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥

Whatever pleases Him, happens. In this way, the Husband Lord is met. ||2||

## ੭੮੬

## 786

ਪਉੜੀ ॥

Pauree:

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥

By His Command, He created the creation, the world with its many species of beings.

ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥

I do not know how great Your Command is, O Unseen and Infinite True Lord.

ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥

You join some with Yourself; they reflect on the Word of the Guru's Shabad.

ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥

Those who are imbued with the True Lord are immaculate and pure; they conquer egotism and corruption.

| | |
|---|---|
| ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥ | He alone is united with You, whom You unite with Yourself; he alone is true. \|\|2\|\| |
| ਸਲੋਕੁ ਮਃ ੩ ॥ | Shalok, Third Mehl: |
| ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥ | O red-robed woman, the whole world is red, engrossed in evil-mindedness and the love of duality. |
| ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥ | In an instant, this falsehood totally vanishes; like the shade of a tree, it is gone. |
| ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥ | The Gurmukh is the deepest crimson of crimson, dyed in the permanent color of the Lord's Love. |
| ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥ | She turns away from Maya, and enters the celestial home of the Lord; the Ambrosial Name of the Lord dwells within her mind. |
| ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥ | O Nanak, I am a sacrifice to my Guru; meeting Him, I sing the Glorious Praises of the Lord. \|\|1\|\| |
| ਮਃ ੩ ॥ | Third Mehl: |
| ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ | The red color is vain and useless; it cannot help you obtain your Husband Lord. |
| ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥ | This color does not take long to fade; she who loves duality, ends up a widow. |
| ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ ॥ | She who loves to wear her red dress is foolish and double-minded. |
| ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥ | So make the True Word of the Shabad your red dress, and let the Fear of God, and the Love of God, be your ornaments and decorations. |
| ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥੨॥ | O Nanak, she is a happy soul-bride forever, who walks in harmony with the Will of the True Guru. \|\|2\|\| |
| ਪਉੜੀ ॥ | Pauree: |
| ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥ | He Himself created Himself, and He Himself evaluates Himself. |
| ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥ | His limits cannot be known; through the Word of the Guru's Shabad, He is understood. |

| | |
|---|---|
| ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥ | In the darkness of attachment to Maya, the world wanders in duality. |
| ਮਨਮੁਖ ਠਉਰ ਨ ਪਾਇਨੀ੍ ਫਿਰਿ ਆਵੈ ਜਾਈ ॥ | The self-willed manmukhs find no place of rest; they continue coming and going. |
| ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ ॥੩॥ | Whatever pleases Him, that alone happens. All walk according to His Will. \|\|3\|\| |
| ਸਲੋਕੁ ਮਃ ੩ ॥ | Shalok, Third Mehl: |
| ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ | The red-robed bride is vicious; she forsakes God, and cultivates love for another man. |
| ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ | She has neither modesty or self-discipline; the self-willed manmukh constantly tells lies, and is ruined by the bad karma of evil deeds. |
| ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥ | She who has such pre-ordained destiny, obtains the True Guru has her Husband. |
| ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥ | She discards all her red dresses, and wears the ornaments of mercy and forgiveness around her neck. |
| ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥ | In this world and the next, she receives great honor, and the whole world worships her. |
| ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥ | She who is enjoyed by her Creator Lord stands out, and does not blend in with the crowd. |
| ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥੧॥ | O Nanak, the Gurmukh is the happy soul-bride forever; she has the Imperishable Lord God as her Husband. \|\|1\|\| |
| ਮਃ ੧ ॥ | First Mehl: |
| ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥ | The red color is like a dream in the night; it is like a necklace without a string. |
| ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥ | The Gurmukhs take on the permanent color, contemplating the Lord God. |
| ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥੨॥ | O Nanak, with the supreme sublime essence of the Lord's Love, all sins and evil deeds are turned to ashes. \|\|2\|\| |

ਪਉੜੀ ॥

Pauree:

ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥

He Himself created this world, and staged this wondrous play.

ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥

Into the body of the five elements, He infused attachment, falsehood and self-conceit.

ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥

The ignorant, self-willed manmukh comes and goes, wandering in reincarnation.

ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥

He Himself teaches some to become Gurmukh, through the spiritual wisdom of the Lord.

ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥

He blesses them with the treasure of devotional worship, and the wealth of the Lord's Name. ||4||

ਸਲੋਕੁ ਮਃ ੩ ॥

Shalok, Third Mehl:

ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥

O red-robed woman, discard your red dress, and then, you shall come to love your Husband Lord.

੭੮੭

787

ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥

By wearing her red dress, no one has found her Husband Lord; the self-willed manmukh is burnt to death.

ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥

Meeting the True Guru, she discards her red dress, and eradicates egotism from within.

ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥

Her mind and body are imbued with the deep red color of His Love, and her tongue is imbued, singing His Praises and excellences.

ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥

She becomes His soul-bride forever, with the Word of the Shabad in her mind; she makes the Fear of God and the Love of God her ornaments and decorations.

ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥੧॥

O Nanak, by His Merciful Grace, she obtains the Mansion of the Lord's Presence, and keeps Him enshrined in her heart. ||1||

ਮਃ ੩ ॥

Third Mehl:

ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥

O bride, forsake your red dress, and decorate yourself with the crimson color of His Love.

| | |
|---|---|
| ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥ | Your comings and goings shall be forgotten, contemplating the Word of the Guru's Shabad. |
| ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ ॥ | The soul-bride is adorned and beautiful; the Celestial Lord, her Husband, abides in her home. |
| ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ ॥੨॥ | O Nanak, the bride ravishes and enjoys Him; and He, the Ravisher, ravishes and enjoys her. ‖2‖ |
| ਪਉੜੀ ॥ | Pauree: |
| ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ | The foolish, self-willed manmukh is engrossed in false attachment to family. |
| ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ | Practicing egotism and self-conceit, he dies and departs, taking nothing along with him. |
| ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥ | He does not understand that the Messenger of Death is hovering over his head; he is deluded by duality. |
| ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥ | This opportunity will not come into his hands again; the Messenger of Death will seize him. |
| ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥੫॥ | He acts according to his pre-ordained destiny. ‖5‖ |
| ਸਲੋਕੁ ਮਃ ੩ ॥ | Shalok, Third Mehl: |
| ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥ | Do not call them 'satee', who burn themselves along with their husbands' corpses. |
| ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥ | O Nanak, they alone are known as 'satee', who die from the shock of separation. ‖1‖ |
| ਮਃ ੩ ॥ | Third Mehl: |
| ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥ | They are also known as 'satee', who abide in modesty and contentment. |
| ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥੨॥ | They serve their Lord, and rise in the early hours to contemplate Him. ‖2‖ |

| | |
|---|---|
| ਮਃ ੩ ॥ | Third Mehl: |
| ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥ | The widows burn themselves in the fire, along with their husbands' corpses. |
| ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥ | If they truly knew their husbands, then they suffer terrible bodily pain. |
| ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥ | O Nanak, if they did not truly know their husbands, why should they burn themselves in the fire? |
| ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥੩॥ | Whether their husbands are alive or dead, those wives remain far away from them. ‖3‖ |
| ਪਉੜੀ ॥ | Pauree: |
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥

Celibacy, self-discipline and pilgrimages were the essence of Dharma in those past ages; but in this Dark Age of Kali Yuga, the Praise of the Lord's Name is the essence of Dharma. ||2||

ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥

Each and every age has its own essence of Dharma; study the Vedas and the Puraanas, and see this as true.

ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥

They are Gurmukh, who meditate on the Lord, Har, Har; in this world, they are perfect and approved. ||3||

| ੭੯੮ | 798 |
|---|---|
| ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ | Says Nanak, loving the True Lord, the mind's egotism and self-conceit is eradicated. |
| ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥ | Those who speak and listen to the Lord's Name, all find peace. Those who believe in it, obtain the supreme treasure. ‖4‖4‖ |
| ਬਿਲਾਵਲੁ ਮਹਲਾ ੩ ॥ | Bilaaval, Third Mehl: |
| ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ | The Lord Himself attaches the Gurmukh to His Love; |
| ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥ | joyful melodies permeate his home, and he is embellished with the Word of the Guru's Shabad. |
| ਮੰਗਲੁ ਨਾਰੀ ਗਾਵਹਿ ਆਏ ॥ | The women come and sing the songs of joy. |
| ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥ | Meeting with their Beloved, lasting peace is obtained. ‖1‖ |
| ਹਉ ਤਿਨ ਬਲਿਹਾਰੈ ਜਿਨ੍ ਹਰਿ ਮੰਨਿ ਵਸਾਏ ॥ | I am a sacrifice to those, whose minds are filled with the Lord. |
| ਹਰਿ ਜਨ ਕਉ ਮਿਲਿਆ ਸੁਖੁ ਪਾਈਐ ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ ਰਹਾਉ ॥ | Meeting with the humble servant of the Lord, peace is obtained, and one intuitively sings the Glorious Praises of the Lord. ‖1‖Pause‖ |
| ਸਦਾ ਰੰਗਿ ਰਾਤੇ ਤੇਰੈ ਚਾਏ ॥ | They are always imbued with Your Joyful Love; |
| ਹਰਿ ਜੀਉ ਆਪਿ ਵਸੈ ਮਨਿ ਆਏ ॥ | O Dear Lord, You Yourself come to dwell in their minds. |
| ਆਪੇ ਸੋਭਾ ਸਦ ਹੀ ਪਾਏ ॥ | They obtain eternal glory. |
| ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥ | The Gurmukhs are united in the Lord's Union. ‖2‖ |
| ਗੁਰਮੁਖਿ ਰਾਤੇ ਸਬਦਿ ਰੰਗਾਏ ॥ | The Gurmukhs are imbued with the love of the Word of the Shabad. |
| ਨਿਜ ਘਰਿ ਵਾਸਾ ਹਰਿ ਗੁਣ ਗਾਏ ॥ | They abide in the home of their own being, singing the Glorious Praises of the Lord. |
| ਰੰਗਿ ਚਲੂਲੈ ਹਰਿ ਰਸਿ ਭਾਏ ॥ | They are dyed in the deep crimson color of the Lord's Love; they look so beautiful. |
| ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥ | This dye never fades away; they are absorbed in the True Lord. ‖3‖ |

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥
The Shabad deep within the nucleus of the self dispels the darkness of ignorance.

ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥
Meeting with my Friend, the True Guru, I have obtained spiritual wisdom.

ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥
Those who are attuned to the True Lord, do not have to enter the cycle of reincarnation again.

ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥
O Nanak, my Perfect Guru implants the Naam, the Name of the Lord, deep within. ||4||5||

ਬਿਲਾਵਲੁ ਮਹਲਾ ੩ ॥
Bilaaval, Third Mehl:

ਪੂਰੇ ਗੁਰ ਤੇ ਵਡਿਆਈ ਪਾਈ ॥
From the Perfect Guru, I have obtained glorious greatness.

ਅਚਿੰਤ ਨਾਮੁ ਵਸਿਆ ਮਨਿ ਆਈ ॥
The Naam, the Name of the Lord, has spontaneously come to abide in my mind.

ਹਉਮੈ ਮਾਇਆ ਸਬਦਿ ਜਲਾਈ ॥
Through the Word of the Shabad, I have burnt away egotism and Maya.

ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥
Through the Guru, I have obtained honor in the Court of the True Lord. ||1||

ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥
I serve the Lord of the Universe; I have no other work to do.

ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥
Night and day, my mind is in ecstasy; as Gurmukh, I beg for the bliss-giving Naam. ||1||Pause||

ਮਨ ਕੀ ਪਰਤੀਤਿ ਮਨ ਤੇ ਪਾਈ ॥
From the mind itself, mental faith is obtained.

ਪੂਰੇ ਗੁਰ ਤੇ ਸਬਦਿ ਬੁਝਾਈ ॥
Through the Guru, I have realized the Shabad.

ਜੀਵਣ ਮਰਣੁ ਕੋ ਸਮਸਰਿ ਵੇਖੈ ॥
How rare is that person, who looks upon life and death alike.

ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥
She shall never die again, and shall not have to see the Messenger of Death. ||2||

ਘਰ ਹੀ ਮਹਿ ਸਭਿ ਕੋਟ ਨਿਧਾਨ ॥
Within the home of the self are all the millions of treasures.

ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥
The True Guru has revealed them, and my egotistical pride is gone.

ਸਦ ਹੀ ਲਾਗਾ ਸਹਜਿ ਧਿਆਨ ॥
I keep my meditation always focused on the Cosmic Lord.

ਅਨਦਿਨੁ ਗਾਵੈ ਏਕੋ ਨਾਮ ॥੩॥
Night and day, I sing the One Name. ||3||

| | |
|---|---|
| ਇਸੁ ਜੁਗ ਮਹਿ ਵਡਿਆਈ ਪਾਈ ॥ | I have obtained glorious greatness in this age, |
| ਪੂਰੇ ਗੁਰ ਤੇ ਨਾਮੁ ਧਿਆਈ ॥ | from the Perfect Guru, meditating on the Naam. |
| ਜਹ ਦੇਖਾ ਤਹ ਰਹਿਆ ਸਮਾਈ ॥ | Wherever I look, I see the Lord permeating and pervading. |
| ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥ | He is forever the Giver of peace; His worth cannot be estimated. \|\|4\|\| |
| ਪੂਰੈ ਭਾਗਿ ਗੁਰੁ ਪੂਰਾ ਪਾਇਆ ॥ | By perfect destiny, I have found the Perfect Guru. |
| ਅੰਤਰਿ ਨਾਮੁ ਨਿਧਾਨੁ ਦਿਖਾਇਆ ॥ | He has revealed to me the treasure of the Naam, deep within the nucleus of my self. |
| ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ | The Word of the Guru's Shabad is so very sweet. |
| ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥ | O Nanak, my thirst is quenched, and my mind and body have found peace. \|\|5\|\|6\|\|4\|\|6\|\|10\|\| |
| ਰਾਗੁ ਬਿਲਾਵਲੁ ਮਹਲਾ ੪ ਘਰੁ ੩ | Raag Bilaaval, Fourth Mehl, Third House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥ | Effort and intelligence come from God, the Inner-knower, the Searcher of hearts; as He wills, they act. |
| ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ ॥੧॥ | As the violinist plays upon the strings of the violin, so does the Lord play the living beings. \|\|1\|\| |
| **੭੯੯** | **799** |
| ਜਪਿ ਮਨ ਰਾਮ ਨਾਮੁ ਰਸਨਾ ॥ | Chant the Name of the Lord with your tongue, O mind. |
| ਮਸਤਕਿ ਲਿਖਤ ਲਿਖੇ ਗੁਰੁ ਪਾਇਆ ਹਰਿ ਹਿਰਦੈ ਹਰਿ ਬਸਨਾ ॥੧॥ ਰਹਾਉ ॥ | According to the pre-ordained destiny written upon my forehead, I have found the Guru, and the Lord abides within my heart. \|\|1\|\|Pause\|\| |
| ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥ | Entangled in Maya, the mortal wanders around. Save Your humble servant, O Lord, |
| ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥੨॥ | as you saved Prahlaad from the clutches of Harnaakash; keep him in Your Sanctuary, Lord. \|\|2\|\| |
| ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥ | How can I describe the state and the condition, O Lord, of those many sinners you have purified? |

| | |
|---|---|
| ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥੩॥ | Ravi Daas, the leather-worker, who worked with hides and carried dead animals was saved, by entering the Lord's Sanctuary. ‖3‖ |
| ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ ॥ | O God, Merciful to the meek, carry Your devotees across the world-ocean; I am a sinner - save me from sin! |
| ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ ॥੪॥੧॥ | O Lord, make me the slave of the slave of Your slaves; servant Nanak is the slave of Your slaves. ‖4‖1‖ |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ ॥ | I am foolish, idiotic and ignorant; I seek Your Sanctuary, O Primal Being, O Lord beyond birth. |
| ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ ॥੧॥ | Have Mercy upon me, and save me, O my Lord and Master; I am a lowly stone, with no good karma at all. ‖1‖ |
| ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥ | O my mind, vibrate and meditate on the Lord, the Name of the Lord. |
| ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥੧॥ ਰਹਾਉ ॥ | Under Guru's Instructions, obtain the sublime, subtle essence of the Lord; renounce other fruitless actions. ‖1‖Pause‖ |
| ਹਰਿ ਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ ॥ | The humble servants of the Lord are saved by the Lord; I am worthless - it is Your glory to save me. |
| ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥੨॥ | I have no other than You, O my Lord and Master; I meditate on the Lord, by my good karma. ‖2‖ |
| ਨਾਮਹੀਨ ਧ੍ਰਿਗੁ ਜੀਵਤੇ ਤਿਨ ਵਡ ਦੂਖ ਸਹੰਮਾ ॥ | Those who lack the Naam, the Name of the Lord, their lives are cursed, and they must endure terrible pain. |
| ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥੩॥ | They are consigned to reincarnation over and over again; they are the most unfortunate fools, with no good karma at all. ‖3‖ |
| ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥ | The Naam is the Support of the Lord's humble servants; their good karma is pre-ordained. |
| ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥੪॥੨॥ | The Guru, the True Guru, has implanted the Naam within servant Nanak, and his life is fruitful. ‖4‖2‖ |

| | |
|---|---|
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥ | My consciousness is lured by emotional attachment and corruption; is filled with evil-minded filth. |
| ਤੁਮ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥੧॥ | I cannot serve You, O God; I am ignorant - how can I cross over? \|\|1\|\| |
| ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥ | O my mind, chant the Name of the Lord, the Lord, the Lord of man. |
| ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥੧॥ ਰਹਾਉ ॥ | God has showered His Mercy upon His humble servant; meeting with the True Guru, he is carried across. \|\|1\|\|Pause\|\| |
| ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ ॥ | O my Father, my Lord and Master, Lord God, please bless me with such understanding, that I may sing Your Praises. |
| ਤੁਮ੍ਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ ॥੨॥ | Those who are attached to You are saved, like iron which is carried across with wood. \|\|2\|\| |
| ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ ਹਰਿ ਹਰਿ ਸੇਵ ਨ ਕਰਾ ॥ | The faithless cynics have little or no understanding; they do not serve the Lord, Har, Har. |
| ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥ | Those beings are unfortunate and vicious; they die, and are consigned to reincarnation, over and over again. \|\|3\|\| |
| ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਹਾਏ ਸੰਤੋਖ ਗੁਰ ਸਰਾ ॥ | Those whom You unite with Yourself, O Lord and Master, bathe in the Guru's cleansing pool of contentment. |
| ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥ | Vibrating upon the Lord, the filth of their evil-mindedness is washed away; servant Nanak is carried across. \|\|4\|\|3\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥ | Come, O Saints, and join together, O my Siblings of Destiny; let us tell the Stories of the Lord, Har, Har. |
| ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥ | The Naam, the Name of the Lord, is the boat in this Dark Age of Kali Yuga; the Word of the Guru's Shabad is the boatman to ferry us across. \|\|1\|\| |
| ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥ | O my mind, chant the Glorious Praises of the Lord. |

| | |
|---|---|
| ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ ਰਹਾਉ ॥ | According to the pre-ordained destiny inscribed upon your forehead, sing the Praises of the Lord; join the Holy Congregation, and cross over the world-ocean. \|\|1\|\|Pause\|\| |
| **੮੦੦** | **800** |
| ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥ | Within the body-village is the Lord's supreme, sublime essence. How can I obtain it? Teach me, O humble Saints. |
| ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥ | Serving the True Guru, you shall obtain the Fruitful Vision of the Lord's Darshan; meeting Him, drink in the ambrosial essence of the Lord's Nectar. \|\|2\|\| |
| ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ | The Ambrosial Name of the Lord, Har, Har, is so sweet; O Saints of the Lord, taste it, and see. |
| ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥ | Under Guru's Instruction, the Lord's essence seems so sweet; through it, all corrupt sensual pleasures are forgotten. \|\|3\|\| |
| ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥ | The Name of the Lord is the medicine to cure all diseases; so serve the Lord, O humble Saints. |
| ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥ | The four great blessings are obtained, O Nanak, by vibrating upon the Lord, under Guru's Instruction. \|\|4\|\|4\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ | Anyone, from any class - Kh'shaatriya, Brahman, Soodra or Vaishya - can chant, and meditate on the Mantra of the Lord's Name. |
| ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥ | Worship the Guru, the True Guru, as the Supreme Lord God; serve Him constantly, all day and night. \|\|1\|\| |
| ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ | O humble servants of the Lord, behold the True Guru with your eyes. |
| ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥ | Whatever you wish for, you shall receive, chanting the Word of the Lord's Name, under Guru's Instruction. \|\|1\|\|Pause\|\| |
| ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥ | People think of many and various efforts, but that alone happens, which is to happen. |

| | |
|---|---|
| ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥ | All beings seek goodness for themselves, but what the Lord does - that may not be what we think and expect. \|\|2\|\| |
| ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ | So renounce the clever intellect of your mind, O humble servants of the Lord, no matter how hard this may be. |
| ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥ | Night and day, meditate on the Naam, the Name of the Lord, Har, Har; accept the wisdom of the Guru, the True Guru. \|\|3\|\| |
| ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥ | Wisdom, balanced wisdom is in Your power, O Lord and Master; I am the instrument, and You are the player, O Primal Lord. |
| ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥ | O God, O Creator, Lord and Master of servant Nanak, as You wish, so do I speak. \|\|4\|\|5\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ॥ | I meditate on the source of bliss, the Sublime Primal Being; night and day, I am in ecstasy and bliss. |
| ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ ॥੧॥ | The Righteous Judge of Dharma has no power over me; I have cast off all subservience to the Messenger of Death. \|\|1\|\| |
| ਜਪਿ ਮਨ ਹਰਿ ਹਰਿ ਨਾਮੁ ਗੋਬਿੰਦੇ ॥ | Meditate, O mind, on the Naam, the Name of the Lord of the Universe. |
| ਵਡਭਾਗੀ ਗੁਰੁ ਸਤਿਗੁਰੁ ਪਾਇਆ ਗੁਣ ਗਾਏ ਪਰਮਾਨੰਦੇ ॥੧॥ ਰਹਾਉ ॥ | By great good fortune, I have found the Guru, the True Guru; I sing the Glorious Praises of the Lord of supreme bliss. \|\|1\|\|Pause\|\| |
| ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥ | The foolish faithless cynics are held captive by Maya; in Maya, they continue wandering, wandering around. |
| ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥ | Burnt by desire, and bound by the karma of their past actions, they go round and round, like the ox at the mill press. \|\|2\|\| |
| ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥ | The Gurmukhs, who focus on serving the Guru, are saved; by great good fortune, they perform service. |
| ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥ | Those who meditate on the Lord obtain the fruits of their rewards, and the bonds of Maya are all broken. \|\|3\|\| |

| | |
|---|---|
| ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋਵਿੰਦੇ ॥ | He Himself is the Lord and Master, and He Himself is the servant. The Lord of the Universe Himself is all by Himself. |
| ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥ | O servant Nanak, He Himself is All-pervading; as He keeps us, we remain. \|\|4\|\|6\|\| |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥ | Raag Bilaaval, Fourth Mehl, Partaal, Thirteenth House: |
| ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ ॥ | O Siblings of Destiny, chant the Name of the Lord, the Purifier of sinners. |
| ਹਰਿ ਸੰਤ ਭਗਤ ਤਾਰਨੋ ॥ | The Lord emancipates his Saints and devotees. |
| **੮੦੧** | **801** |
| ਹਰਿ ਭਰਿਪੁਰੇ ਰਹਿਆ ॥ | The Lord is totally permeating and pervading everywhere; |
| ਜਲਿ ਥਲੇ ਰਾਮ ਨਾਮੁ ॥ | the Name of the Lord is pervading the water and the land. |
| ਨਿਤ ਗਾਈਐ ਹਰਿ ਦੂਖ ਬਿਸਾਰਨੋ ॥੧॥ ਰਹਾਉ ॥ | So sing continuously of the Lord, the Dispeller of pain. \|\|1\|\|Pause\|\| |
| ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥ | The Lord has made my life fruitful and rewarding. |
| ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥ | I meditate on the Lord, the Dispeller of pain. |
| ਗੁਰੁ ਭੇਟਿਆ ਹੈ ਮੁਕਤਿ ਦਾਤਾ ॥ | I have met the Guru, the Giver of liberation. |
| ਹਰਿ ਕੀਈ ਹਮਾਰੀ ਸਫਲ ਜਾਤਾ ॥ | The Lord has made my life's journey fruitful and rewarding. |
| ਮਿਲਿ ਸੰਗਤੀ ਗੁਨ ਗਾਵਨੋ ॥੧॥ | Joining the Sangat, the Holy Congregation, I sing the Glorious Praises of the Lord. \|\|1\|\| |
| ਮਨ ਰਾਮ ਨਾਮ ਕਰਿ ਆਸਾ ॥ | O mortal, place your hopes in the Name of the Lord, |
| ਭਾਉ ਦੂਜਾ ਬਿਨਸਿ ਬਿਨਾਸਾ ॥ | and your love of duality shall simply vanish. |
| ਵਿਚਿ ਆਸਾ ਹੋਇ ਨਿਰਾਸੀ ॥ | One who, in hope, remains unattached to hope, |
| ਸੋ ਜਨੁ ਮਿਲਿਆ ਹਰਿ ਪਾਸੀ ॥ | such a humble being meets with his Lord. |

| | |
|---|---|
| ਕੋਈ ਰਾਮ ਨਾਮ ਗੁਨ ਗਾਵਨੋ ॥ | And one who sings the Glorious Praises of the Lord's Name |
| ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥ | - servant Nanak falls at his feet. ‖2‖1‖7‖4‖6‖7‖17‖ |
| ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧ | Raag Bilaaval, Fifth Mehl, Chau-Padas, First House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਦਰੀ ਆਵੈ ਤਿਸੁ ਸਿਉ ਮੋਹੁ ॥ | He is attached to what he sees. |
| ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥ | How can I meet You, O Imperishable God? |
| ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ | Have Mercy upon me, and place me upon the Path; |
| ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥ | let me be attached to the hem of the robe of the Saadh Sangat, the Company of the Holy. ‖1‖ |
| ਕਿਉ ਤਰੀਐ ਬਿਖਿਆ ਸੰਸਾਰੁ ॥ | How can I cross over the poisonous world-ocean? |
| ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥ | The True Guru is the boat to carry us across. ‖1‖Pause‖ |
| ਪਵਨ ਝੁਲਾਰੇ ਮਾਇਆ ਦੇਇ ॥ | The wind of Maya blows and shakes us, |
| ਹਰਿ ਕੇ ਭਗਤ ਸਦਾ ਥਿਰੁ ਸੇਇ ॥ | but the Lord's devotees remain ever-stable. |
| ਹਰਖ ਸੋਗ ਤੇ ਰਹਹਿ ਨਿਰਾਰਾ ॥ | They remain unaffected by pleasure and pain. |
| ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥ | The Guru Himself is the Savior above their heads. ‖2‖ |
| ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ | Maya, the snake, holds all in her coils. |
| ਹਉਮੈ ਪਚੇ ਦੀਪਕ ਦੇਖਿ ਪਤੰਗਾ ॥ | They burn to death in egotism, like the moth lured by seeing the flame. |
| ਸਗਲ ਸੀਗਾਰ ਕਰੇ ਨਹੀ ਪਾਵੈ ॥ | They make all sorts of decorations, but they do not find the Lord. |
| ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥ | When the Guru becomes Merciful, He leads them to meet the Lord. ‖3‖ |

| | |
|---|---|
| ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ | I wander around, sad and depressed, seeking the jewel of the One Lord. |
| ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥ | This priceless jewel is not obtained by any efforts. |
| ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ | That jewel is within the body, the Temple of the Lord. |
| ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥ | The Guru has torn away the veil of illusion, and beholding the jewel, I am delighted. \|\|4\|\| |
| ਜਿਨਿ ਚਾਖਿਆ ਤਿਸੁ ਆਇਆ ਸਾਦੁ ॥ | One who has tasted it, comes to know its flavor; |
| ਜਿਉ ਗੂੰਗਾ ਮਨ ਮਹਿ ਬਿਸਮਾਦੁ ॥ | he is like the mute, whose mind is filled with wonder. |
| ਆਨਦ ਰੂਪੁ ਸਭੁ ਨਦਰੀ ਆਇਆ ॥ | I see the Lord, the source of bliss, everywhere. |
| ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥ | Servant Nanak speaks the Glorious Praises of the Lord, and merges in Him. \|\|5\|\|1\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਰਬ ਕਲਿਆਣ ਕੀਏ ਗੁਰਦੇਵ ॥ | The Divine Guru has blessed me with total happiness. |
| ਸੇਵਕੁ ਅਪਨੀ ਲਾਇਓ ਸੇਵ ॥ | He has linked His servant to His service. |
| ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥ | No obstacles block my path, meditating on the incomprehensible, inscrutable Lord. \|\|1\|\| |
| ਧਰਤਿ ਪੁਨੀਤ ਭਈ ਗੁਨ ਗਾਏ ॥ | The soil has been sanctified, singing the Glories of His Praises. |
| ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ ਰਹਾਉ ॥ | The sins are eradicated, meditating on the Name of the Lord. \|\|1\|\|Pause\|\| |
| ਸਭਨੀ ਥਾਂਈ ਰਵਿਆ ਆਪਿ ॥ | He Himself is pervading everywhere; |
| ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥ | from the very beginning, and throughout the ages, His Glory has been radiantly manifest. |
| ਗੁਰ ਪਰਸਾਦਿ ਨ ਹੋਇ ਸੰਤਾਪੁ ॥੨॥ | By Guru's Grace, sorrow does not touch me. \|\|2\|\| |
| ਗੁਰ ਕੇ ਚਰਨ ਲਗੇ ਮਨਿ ਮੀਠੇ ॥ | The Guru's Feet seem so sweet to my mind. |
| ਨਿਰਬਿਘਨ ਹੋਇ ਸਭ ਥਾਂਈ ਵੂਠੇ ॥ | He is unobstructed, dwelling everywhere. |

| | |
|---|---|
| ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥ | I found total peace, when the Guru was pleased. \|\|3\|\| |
| ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ | The Supreme Lord God has become my Savior. |
| ਜਿਥੈ ਕਿਥੈ ਦੀਸਹਿ ਨਾਲੇ ॥ | Wherever I look, I see Him there with me. |
| ਨਾਨਕ ਦਾਸ ਖਸਮਿ ਪ੍ਰਤਿਪਾਲੇ ॥੪॥੨॥ | O Nanak, the Lord and Master protects and cherishes His slaves. \|\|4\|\|2\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ | You are the treasure of peace, O my Beloved God. |
| **੮੦੨** | **802** |
| ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ | Your Glories are uncounted, O God, my Lord and Master. |
| ਮੋਹਿ ਅਨਾਥ ਤੁਮਰੀ ਸਰਣਾਈ ॥ | I am an orphan, entering Your Sanctuary. |
| ਕਰਿ ਕਿਰਪਾ ਹਰਿ ਚਰਨ ਧਿਆਈ ॥੧॥ | Have Mercy on me, O Lord, that I may meditate on Your Feet. \|\|1\|\| |
| ਦਇਆ ਕਰਹੁ ਬਸਹੁ ਮਨਿ ਆਇ ॥ | Take pity upon me, and abide within my mind; |
| ਮੋਹਿ ਨਿਰਗੁਨ ਲੀਜੈ ਲੜਿ ਲਾਇ ॥ ਰਹਾਉ ॥ | I am worthless - please let me grasp hold of the hem of Your robe. \|\|1\|\|Pause\|\| |
| ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ | When God comes into my consciousness, what misfortune can strike me? |
| ਹਰਿ ਸੇਵਕ ਨਾਹੀ ਜਮ ਪੀੜ ॥ | The Lord's servant does not suffer pain from the Messenger of Death. |
| ਸਰਬ ਦੂਖ ਹਰਿ ਸਿਮਰਤ ਨਸੇ ॥ | All pains are dispelled, when one remembers the Lord in meditation; |
| ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥੨॥ | God abides with him forever. \|\|2\|\| |
| ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ | The Name of God is the Support of my mind and body. |
| ਬਿਸਰਤ ਨਾਮੁ ਹੋਵਤ ਤਨੁ ਛਾਰੁ ॥ | Forgetting the Naam, the Name of the Lord, the body is reduced to ashes. |
| ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥ | When God comes into my consciousness, all my affairs are resolved. |
| ਹਰਿ ਬਿਸਰਤ ਸਭ ਕਾ ਮੁਹਤਾਜ ॥੩॥ | Forgetting the Lord, one becomes subservient to all. \|\|3\|\| |

| | |
|---|---|
| ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ | I am in love with the Lotus Feet of the Lord. |
| ਬਿਸਰਿ ਗਈ ਸਭ ਦੁਰਮਤਿ ਰੀਤਿ ॥ | I am rid of all evil-minded ways. |
| ਮਨ ਤਨ ਅੰਤਰਿ ਹਰਿ ਹਰਿ ਮੰਤ ॥ | The Mantra of the Lord's Name, Har, Har, is deep within my mind and body. |
| ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥ | O Nanak, eternal bliss fills the home of the Lord's devotees. \|\|4\|\|3\|\| |
| ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ | Raag Bilaaval, Fifth Mehl, Second House, To Be Sung To The Tune Of Yaan-Ree-Ay: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥ | You are the Support of my mind, O my Beloved, You are the Support of my mind. |
| ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ ਰਹਾਉ ॥ | All other clever tricks are useless, O Beloved; You alone are my Protector. \|\|1\|\|Pause\|\| |
| ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥ | One who meets with the Perfect True Guru, O Beloved, that humble person is enraptured. |
| ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥ | He alone serves the Guru, O Beloved, unto whom the Lord becomes merciful. |
| ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥ | Fruitful is the form of the Divine Guru, O Lord and Master; He is overflowing with all powers. |
| ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥ | O Nanak, the Guru is the Supreme Lord God, the Transcendent Lord; He is ever-present, forever and ever. \|\|1\|\| |
| ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ਹ ਅਪੁਨਾ ਪ੍ਰਭੁ ਜਾਤਾ ॥ | I live by hearing, hearing of those who know their God. |
| ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥ | They contemplate the Lord's Name, they chant the Lord's Name, and their minds are imbued with the Lord's Name. |
| ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥ | I am Your servant; I beg to serve Your humble servants. By the karma of perfect destiny, I do this. |
| ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥੨॥ | This is Nanak's prayer: O my Lord and Master, may I obtain the Blessed Vision of Your humble servants. \|\|2\|\| |

ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥

They are said to be very fortunate, O Beloved, who dwell in the Society of the Saints.

ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥

They contemplate the Immaculate, Ambrosial Naam, and their minds are illuminated.

ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥

The pains of birth and death are eradicated, O Beloved, and the fear of the Messenger of Death is ended.

ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥

They alone obtain the Blessed Vision of this Darshan, O Nanak, who are pleasing to their God. ||3||

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥

O my lofty, incomparable and infinite Lord and Master, who can know Your Glorious Virtues?

ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥

Those who sing them are saved, and those who listen to them are saved; all their sins are erased.

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥

You save the beasts, demons and fools, and even stones are carried across.

ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥੧॥੪॥

Slave Nanak seeks Your Sanctuary; he is forever and ever a sacrifice to You. ||4||1||4||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥

Renounce the tasteless water of corruption, O my companion, and drink in the supreme nectar of the Naam, the Name of the Lord.

ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥

Without the taste of this nectar, all have drowned, and their souls have not found happiness.

ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ ॥

You have no honor, glory or power - become the slave of the Holy Saints.

**੮੦੩**

803

ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ ॥੧॥

O Nanak, they alone look beautiful in the Court of the Lord, whom the Lord has made His Own. ||1||

ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥

Maya is a mirage, which deludes the mind, O my companion, like the scent-crazed deer, or the transitory shade of a tree.

ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥

Maya is fickle, and does not go with you, O my companion; in the end, it will leave you.

| | |
|---|---|
| ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ ॥ | He may enjoy pleasures and sensual delights with supremely beautiful women, but no one finds peace in this way. |
| ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥੨॥ | Blessed, blessed are the humble, Holy Saints of the Lord, O my companion. O Nanak, they meditate on the Naam, the Name of the Lord. \|\|2\|\| |
| ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ ॥ | Go, O my very fortunate companion: dwell in the Company of the Saints, and merge with the Lord. |
| ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ ॥ | There, neither pain nor hunger nor disease will afflict you; enshrine love for the Lord's Lotus Feet. |
| ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ ॥ | There is no birth or death there, no coming or going in reincarnation, when you enter the Sanctuary of the Eternal Lord. |
| ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ ॥੩॥ | Love does not end, and attachment does not grip you, O Nanak, when you meditate on the One Lord. \|\|3\|\| |
| ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥ | Bestowing His Glance of Grace, my Beloved has pierced my mind, and I am intuitively attuned to His Love. |
| ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥ | My bed is embellished, meeting with my Beloved; in ecstasy and bliss, I sing His Glorious Praises. |
| ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥ | O my friends and companions, I am imbued with the Lord's Love; the desires of my mind and body are satisfied. |
| ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥੪॥੨॥੫॥ | O Nanak, the wonder-struck soul blends with the Wonderful Lord; this state cannot be described. \|\|4\|\|2\|\|5\|\| |
| ਰਾਗੁ ਬਿਲਾਵਲੁ ਮਹਲਾ ੫ ਘਰੁ ੪ | Raag Bilaaval, Fifth Mehl, Fourth House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਏਕ ਰੂਪ ਸਗਲੋ ਪਾਸਾਰਾ ॥ | The entire Universe is the form of the One Lord. |
| ਆਪੇ ਬਨਜੁ ਆਪਿ ਬਿਉਹਾਰਾ ॥੧॥ | He Himself is the trade, and He Himself is the trader. \|\|1\|\| |
| ਐਸੋ ਗਿਆਨੁ ਬਿਰਲੋ ਈ ਪਾਏ ॥ | How rare is that one who is blessed with such spiritual wisdom. |

| | |
|---|---|
| ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥ | Wherever I go, there I see Him. \|\|1\|\|Pause\|\| |
| ਅਨਿਕ ਰੰਗ ਨਿਰਗੁਨ ਇਕ ਰੰਗਾ ॥ | He manifests many forms, while still unmanifest and absolute, and yet He has One Form. |
| ਆਪੇ ਜਲੁ ਆਪ ਹੀ ਤਰੰਗਾ ॥੨॥ | He Himself is the water, and He Himself is the waves. \|\|2\|\| |
| ਆਪ ਹੀ ਮੰਦਰੁ ਆਪਹਿ ਸੇਵਾ ॥ | He Himself is the temple, and He Himself is selfless service. |
| ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥ | He Himself is the worshipper, and He Himself is the idol. \|\|3\|\| |
| ਆਪਹਿ ਜੋਗ ਆਪ ਹੀ ਜੁਗਤਾ ॥ | He Himself is the Yoga; He Himself is the Way. |
| ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥ | Nanak's God is forever liberated. \|\|4\|\|1\|\|6\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਆਪਿ ਉਪਾਵਨ ਆਪਿ ਸਧਰਨਾ ॥ | He Himself creates, and He Himself supports. |
| ਆਪਿ ਕਰਾਵਨ ਦੋਸੁ ਨ ਲੈਨਾ ॥੧॥ | He Himself causes all to act; He takes no blame Himself. \|\|1\|\| |
| ਆਪਨ ਬਚਨੁ ਆਪ ਹੀ ਕਰਨਾ ॥ | He Himself is the teaching, and He Himself is the teacher. |
| ਆਪਨ ਬਿਭਉ ਆਪ ਹੀ ਜਰਨਾ ॥੧॥ ਰਹਾਉ ॥ | He Himself is the splendor, and He Himself is the experiencer of it. \|\|1\|\|Pause\|\| |
| ਆਪ ਹੀ ਮਸਟਿ ਆਪ ਹੀ ਬੁਲਨਾ ॥ | He Himself is silent, and He Himself is the speaker. |
| ਆਪ ਹੀ ਅਛਲੁ ਨ ਜਾਈ ਛਲਨਾ ॥੨॥ | He Himself is undeceivable; He cannot be deceived. \|\|2\|\| |
| ਆਪ ਹੀ ਗੁਪਤ ਆਪਿ ਪਰਗਟਨਾ ॥ | He Himself is hidden, and He Himself is manifest. |
| ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥ | He Himself is in each and every heart; He Himself is unattached. \|\|3\|\| |
| ਆਪੇ ਅਵਿਗਤੁ ਆਪ ਸੰਗਿ ਰਚਨਾ ॥ | He Himself is absolute, and He Himself is with the Universe. |
| ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥ | Says Nanak, all are beggars of God. \|\|4\|\|2\|\|7\|\| |

ਬਿਲਾਵਲੁ ਮਹਲਾ ੫ ॥

Bilaaval, Fifth Mehl:

ਭੂਲੇ ਮਾਰਗੁ ਜਿਨਹਿ ਬਤਾਇਆ ॥

He places the one who strays back on the Path;

ਐਸਾ ਗੁਰੁ ਵਡਭਾਗੀ ਪਾਇਆ ॥੧॥

such a Guru is found by great good fortune. ||1||

ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥

Meditate, contemplate the Name of the Lord, O mind.

ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ ਰਹਾਉ ॥

The Beloved Feet of the Guru abide within my heart. ||1||Pause||

**੮੦੪** 804

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥

The mind is engrossed in sexual desire, anger, greed and emotional attachment.

ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥

Breaking my bonds, the Guru has liberated me. ||2||

ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥

Experiencing pain and pleasure, one is born, only to die again.

ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥

The Lotus Feet of the Guru bring peace and shelter. ||3||

ਅਗਨਿ ਸਾਗਰ ਬੂਡਤ ਸੰਸਾਰਾ ॥

The world is drowning in the ocean of fire.

ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥

O Nanak, holding me by the arm, the True Guru has saved me. ||4||3||8||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥

Body, mind, wealth and everything, I surrender to my Lord.

ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ ॥੧॥

What is that wisdom, by which I may come to chant the Name of the Lord, Har, Har? ||1||

ਕਰਿ ਆਸਾ ਆਇਓ ਪ੍ਰਭ ਮਾਗਨਿ ॥

Nurturing hope, I have come to beg from God.

ਤੁਮ੍ ਪੇਖਤ ਸੋਭਾ ਮੇਰੈ ਆਗਨਿ ॥੧॥ ਰਹਾਉ ॥

Gazing upon You, the courtyard of my heart is embellished. ||1||Pause||

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥

Trying several methods, I reflect deeply upon the Lord.

ਸਾਧਸੰਗਿ ਇਸੁ ਮਨਹਿ ਉਧਾਰਉ ॥੨॥

In the Saadh Sangat, the Company of the Holy, this mind is saved. ||2||

| | |
|---|---|
| ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ | I have neither intelligence, wisdom, common sense nor cleverness. |
| ਤਾ ਮਿਲੀਐ ਜਾ ਲਏ ਮਿਲਾਈ ॥੩॥ | I meet You, only if You lead me to meet You. \|\|3\|\| |
| ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥ | My eyes are content, gazing upon the Blessed Vision of God's Darshan. |
| ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥ | Says Nanak, such a life is fruitful and rewarding. \|\|4\|\|4\|\|9\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਾਤ ਪਿਤਾ ਸੁਤ ਸਾਥਿ ਨ ਮਾਇਆ ॥ | Mother, father, children and the wealth of Maya, will not go along with you. |
| ਸਾਧਸੰਗਿ ਸਭੁ ਦੂਖੁ ਮਿਟਾਇਆ ॥੧॥ | In the Saadh Sangat, the Company of the Holy, all pain is dispelled. \|\|1\|\| |
| ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥ | God Himself is pervading, and permeating all. |
| ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥੧॥ ਰਹਾਉ ॥ | Chant the Name of the Lord with your tongue, and pain will not afflict you. \|\|1\|\|Pause\|\| |
| ਤਿਖਾ ਭੂਖ ਬਹੁ ਤਪਤਿ ਵਿਆਪਿਆ ॥ | One who is afflicted by the terrible fire of thirst and desire, |
| ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥੨॥ | becomes cool, chanting the Praises of the Lord, Har, Har. \|\|2\|\| |
| ਕੋਟਿ ਜਤਨ ਸੰਤੋਖੁ ਨ ਪਾਇਆ ॥ | By millions of efforts, peace is not obtained; |
| ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥ | the mind is satisfied only by singing the Glorious Praises of the Lord. \|\|3\|\| |
| ਦੇਹੁ ਭਗਤਿ ਪ੍ਰਭ ਅੰਤਰਜਾਮੀ ॥ | Please bless me with devotion, O God, O Searcher of hearts. |
| ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥ | This is Nanak's prayer, O Lord and Master. \|\|4\|\|5\|\|10\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਗੁਰੁ ਪੂਰਾ ਵਡਭਾਗੀ ਪਾਈਐ ॥ | By great good fortune, the Perfect Guru is found. |
| ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥ | Meeting with the Holy Saints, meditate on the Name of the Lord. \|\|1\|\| |

| | |
|---|---|
| ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ | O Supreme Lord God, I seek Your Sanctuary. |
| ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ ਰਹਾਉ ॥ | Meditating on the Guru's Feet, sinful mistakes are erased. \|\|1\|\|Pause\|\| |
| ਅਵਰਿ ਕਰਮ ਸਭਿ ਲੋਕਾਚਾਰ ॥ | All other rituals are just worldly affairs; |
| ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥ | joining the Saadh Sangat, the Company of the Holy, one is saved. \|\|2\|\| |
| ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ | One may contemplate the Simritees, Shaastras and Vedas, |
| ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥ | but only by chanting the Naam, the Name of the Lord, is one saved and carried across. \|\|3\|\| |
| ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ | Have Mercy upon servant Nanak, O God, |
| ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥ | and bless him with the dust of the feet of the Holy, that he may be emancipated. \|\|4\|\|6\|\|11\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ | I contemplate the Word of the Guru's Shabad within my heart; |
| ਸਗਲ ਮਨੋਰਥ ਪੂਰਨ ਆਸੀਨਾ ॥੧॥ | all my hopes and desires are fulfilled. \|\|1\|\| |
| ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥ | The faces of the humble Saints are radiant and bright; |
| ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ ਰਹਾਉ ॥ | the Lord has mercifully blessed them with the Naam, the Name of the Lord. \|\|1\|\|Pause\|\| |
| ਅੰਧ ਕੂਪ ਤੇ ਕਰੁ ਗਹਿ ਲੀਨਾ ॥ | Holding them by the hand, He has lifted them up out of the deep, dark pit, |
| ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥੨॥ | and their victory is celebrated throughout the world. \|\|2\|\| |
| ਨੀਚਾ ਤੇ ਊਚ ਊਨ ਪੂਰੀਨਾ ॥ | He elevates and exalts the lowly, and fills the empty. |
| ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥੩॥ | They receive the supreme, sublime essence of the Ambrosial Naam. \|\|3\|\| |
| ਮਨ ਤਨ ਨਿਰਮਲ ਪਾਪ ਜਲਿ ਖੀਨਾ ॥ | The mind and body are made immaculate and pure, and sins are burnt to ashes. |
| ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥੪॥੭॥੧੨॥ | Says Nanak, God is pleased with me. \|\|4\|\|7\|\|12\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਗਲ ਮਨੋਰਥ ਪਾਈਅਹਿ ਮੀਤਾ ॥ | All desires are fulfilled, O my friend, |
| ੮੦੫ | 805 |
| ਚਰਨ ਕਮਲ ਸਿਉ ਲਾਈਐ ਚੀਤਾ ॥੧॥ | lovingly centering your consciousness on the Lord's Lotus Feet. \|\|1\|\| |
| ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ | I am a sacrifice to those who meditate on God. |
| ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ ਰਹਾਉ ॥ | The fire of desire is quenched, singing the Glorious Praises of the Lord, Har, Har. \|\|1\|\|Pause\|\| |
| ਸਫਲ ਜਨਮੁ ਹੋਵਤ ਵਡਭਾਗੀ ॥ | One's life become fruitful and rewarding, by great good fortune. |
| ਸਾਧਸੰਗਿ ਰਾਮਹਿ ਲਿਵ ਲਾਗੀ ॥੨॥ | In the Saadh Sangat, the Company of the Holy, enshrine love for the Lord. \|\|2\|\| |
| ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥ | Wisdom, honor, wealth, peace and celestial bliss are attained, if one does not forget the Lord of supreme bliss, even for an instant. \|\|3\|\| |
| ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥ | My mind is so very thirsty for the Blessed Vision of the Lord's Darshan. |
| ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥੮॥੧੩॥ | Prays Nanak, O God, I seek Your Sanctuary. \|\|4\|\|8\|\|13\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥ | I am worthless, totally lacking all virtues. |
| ਦਇਆ ਧਾਰਿ ਅਪੁਨਾ ਕਰਿ ਲੀਨਾ ॥੧॥ | Bless me with Your Mercy, and make me Your Own. \|\|1\|\| |
| ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ ॥ | My mind and body are embellished by the Lord, the Lord of the World. |
| ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥੧॥ ਰਹਾਉ ॥ | Granting His Mercy, God has come into the home of my heart. \|\|1\|\|Pause\|\| |
| ਭਗਤਿ ਵਛਲ ਭੈ ਕਾਟਨਹਾਰੇ ॥ | He is the Lover and Protector of His devotees, the Destroyer of fear. |

| | |
|---|---|
| ਸੰਸਾਰ ਸਾਗਰ ਅਬ ਉਤਰੇ ਪਾਰੇ ॥੨॥ | Now, I have been carried across the world-ocean. \|\|2\|\| |
| ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥ | It is God's Way to purify sinners, say the Vedas. |
| ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥੩॥ | I have seen the Supreme Lord with my eyes. \|\|3\|\| |
| ਸਾਧਸੰਗਿ ਪ੍ਰਗਟੇ ਨਾਰਾਇਣ ॥ | In the Saadh Sangat, the Company of the Holy, the Lord becomes manifest. |
| ਨਾਨਕ ਦਾਸ ਸਭਿ ਦੂਖ ਪਲਾਇਣ ॥੪॥੯॥੧੪॥ | O slave Nanak, all pains are relieved. \|\|4\|\|9\|\|14\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਕਵਨੁ ਜਾਨੈ ਪ੍ਰਭ ਤੁਮ੍ਰੀ ਸੇਵਾ ॥ | Who can know the value of serving You, God? |
| ਪ੍ਰਭ ਅਵਿਨਾਸੀ ਅਲਖ ਅਭੇਵਾ ॥੧॥ | God is imperishable, invisible and incomprehensible. \|\|1\|\| |
| ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ | His Glorious Virtues are infinite; God is profound and unfathomable. |
| ਊਚ ਮਹਲ ਸੁਆਮੀ ਪ੍ਰਭ ਮੇਰੇ ॥ | The Mansion of God, my Lord and Master, is lofty and high. |
| ਤੂ ਅਪਰੰਪਰ ਠਾਕੁਰ ਮੇਰੇ ॥੧॥ ਰਹਾਉ ॥ | You are unlimited, O my Lord and Master. \|\|1\|\|Pause\|\| |
| ਏਕਸ ਬਿਨੁ ਨਾਹੀ ਕੋ ਦੂਜਾ ॥ | There is no other than the One Lord. |
| ਤੁਮ੍ ਹੀ ਜਾਨਹੁ ਅਪਨੀ ਪੂਜਾ ॥੨॥ | You alone know Your worship and adoration. \|\|2\|\| |
| ਆਪਹੁ ਕਛੂ ਨ ਹੋਵਤ ਭਾਈ ॥ | No one can do anything by himself, O Siblings of Destiny. |
| ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥੩॥ | He alone obtains the Naam, the Name of the Lord, unto whom God bestows it. \|\|3\|\| |
| ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥ | Says Nanak, that humble being who pleases God, |
| ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥ | he alone finds God, the treasure of virtue. \|\|4\|\|10\|\|15\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਾਤ ਗਰਭ ਮਹਿ ਹਾਥ ਦੇ ਰਾਖਿਆ ॥ | Extending His Hand, the Lord protected you in your mother's womb. |

| | |
|---|---|
| ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥੧॥ | Renouncing the sublime essence of the Lord, you have tasted the fruit of poison. \|\|1\|\| |
| ਭਜੁ ਗੋਬਿਦ ਸਭ ਛੋਡਿ ਜੰਜਾਲ ॥ | Meditate, vibrate on the Lord of the Universe, and renounce all entanglements. |
| ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥੧॥ ਰਹਾਉ ॥ | When the Messenger of Death comes to murder you, O fool, then your body will be shattered and helplessly crumble. \|\|1\|\|Pause\|\| |
| ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥ | You hold onto your body, mind and wealth as your own, |
| ਕਰਨਹਾਰੁ ਇਕ ਨਿਮਖ ਨ ਜਾਪਿਆ ॥੨॥ | and you do not meditate on the Creator Lord, even for an instant. \|\|2\|\| |
| ਮਹਾ ਮੋਹ ਅੰਧ ਕੂਪ ਪਰਿਆ ॥ | You have fallen into the deep, dark pit of great attachment. |
| ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥ | Caught in the illusion of Maya, you have forgotten the Supreme Lord. \|\|3\|\| |
| ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥ | By great good fortune, one sings the Kirtan of God's Praises. |
| ਸੰਤਸੰਗਿ ਨਾਨਕ ਪ੍ਰਭੁ ਪਾਇਆ ॥੪॥੧੧॥੧੬॥ | In the Society of the Saints, Nanak has found God. \|\|4\|\|11\|\|16\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਾਤ ਪਿਤਾ ਸੁਤ ਬੰਧਪ ਭਾਈ ॥ | Mother, father, children, relatives and siblings |
| ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥ | - O Nanak, the Supreme Lord is our help and support. \|\|1\|\| |
| ਸੂਖ ਸਹਜ ਆਨੰਦ ਘਣੇ ॥ | He blesses us with peace, and abundant celestial bliss. |
| ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ ਰਹਾਉ ॥ | Perfect is the Bani, the Word of the Perfect Guru. His Virtues are so many, they cannot be counted. \|\|1\|\|Pause\|\| |
| ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ | God Himself makes all arrangements. |
| ਭਏ ਮਨੋਰਥ ਸੋ ਪ੍ਰਭੁ ਜਾਪੇ ॥੨॥ | Meditating on God, desires are fulfilled. \|\|2\|\| |
| ਅਰਥ ਧਰਮ ਕਾਮ ਮੋਖ ਕਾ ਦਾਤਾ ॥ | He is the Giver of wealth, Dharmic faith, pleasure and liberation. |

| ੮੦੬ | 806 |
|---|---|
| ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥ | Meditating, meditating in remembrance on the Creator Lord, the Architect of Destiny, I am fulfilled. \|\|3\|\| |
| ਸਾਧਸੰਗਿ ਨਾਨਕਿ ਰੰਗੁ ਮਾਣਿਆ ॥ | In the Saadh Sangat, the Company of the Holy, Nanak enjoys the Lord's Love. |
| ਘਰਿ ਆਇਆ ਪੂਰੈ ਗੁਰਿ ਆਣਿਆ ॥੪॥੧੨॥੧੭॥ | He has returned home, with the Perfect Guru. \|\|4\|\|12\|\|17\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸ੍ਰਬ ਨਿਧਾਨ ਪੂਰਨ ਗੁਰਦੇਵ ॥੧॥ ਰਹਾਉ ॥ | All treasures come from the Perfect Divine Guru. \|\|1\|\|Pause\|\| |
| ਹਰਿ ਹਰਿ ਨਾਮੁ ਜਪਤ ਨਰ ਜੀਵੇ ॥ | Chanting the Name of the Lord, Har, Har, the man lives. |
| ਮਰਿ ਖੁਆਰੁ ਸਾਕਤ ਨਰ ਥੀਵੇ ॥੧॥ | The faithless cynic dies in shame and misery. \|\|1\|\| |
| ਰਾਮ ਨਾਮੁ ਹੋਆ ਰਖਵਾਰਾ ॥ | The Name of the Lord has become my Protector. |
| ਝਖ ਮਾਰਉ ਸਾਕਤੁ ਵੇਚਾਰਾ ॥੨॥ | The wretched, faithless cynic makes only useless efforts. \|\|2\|\| |
| ਨਿੰਦਾ ਕਰਿ ਕਰਿ ਪਚਹਿ ਘਨੇਰੇ ॥ | Spreading slander, many have been ruined. |
| ਮਿਰਤਕ ਫਾਸ ਗਲੈ ਸਿਰਿ ਪੈਰੇ ॥੩॥ | Their necks, heads and feet are tied by death's noose. \|\|3\|\| |
| ਕਹੁ ਨਾਨਕ ਜਪਹਿ ਜਨ ਨਾਮ ॥ | Says Nanak, the humble devotees chant the Naam, the Name of the Lord. |
| ਤਾ ਕੇ ਨਿਕਟਿ ਨ ਆਵੈ ਜਾਮ ॥੪॥੧੩॥੧੮॥ | The Messenger of Death does not even approach them. \|\|4\|\|13\|\|18\|\| |
| ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ | Raag Bilaaval, Fifth Mehl, Fourth House, Du-Padas: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ | What blessed destiny will lead me to meet my God? |
| ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥ | Each and every moment and instant, I continually meditate on the Lord. \|\|1\|\| |

| | |
|---|---|
| ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ | I meditate continually on the Lotus Feet of God. |
| ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥੧॥ ਰਹਾਉ ॥ | What wisdom will lead me to attain my Beloved? ‖1‖Pause‖ |
| ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥ | Please, bless me with such Mercy, O my God, |
| ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥ | that Nanak may never, ever forget You. ‖2‖1‖19‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਚਰਨ ਕਮਲ ਪ੍ਰਭ ਹਿਰਦੈ ਧਿਆਏ ॥ | Within my heart, I meditate on the Lotus Feet of God. |
| ਰੋਗ ਗਏ ਸਗਲੇ ਸੁਖ ਪਾਏ ॥੧॥ | Disease is gone, and I have found total peace. ‖1‖ |
| ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ | The Guru relieved my sufferings, and blessed me with the gift. |
| ਸਫਲ ਜਨਮੁ ਜੀਵਨ ਪਰਵਾਨੁ ॥੧॥ ਰਹਾਉ ॥ | My birth has been rendered fruitful, and my life is approved. ‖1‖Pause‖ |
| ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ | The Ambrosial Bani of God's Word is the Unspoken Speech. |
| ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥ | Says Nanak, the spiritually wise live by meditating on God. ‖2‖2‖20‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ | The Guru, the Perfect True Guru, has blessed me with peace and tranquility. |
| ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥ | Peace and joy have welled up, and the mystical trumpets of the unstruck sound current vibrate. ‖1‖Pause‖ |
| ਤਾਪ ਪਾਪ ਸੰਤਾਪ ਬਿਨਾਸੇ ॥ | Sufferings, sins and afflictions have been dispelled. |
| ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥ | Remembering the Lord in meditation, all sinful mistakes have been erased. ‖1‖ |
| ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥ | Joining together, O beautiful soul-brides, celebrate and make merry. |
| ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥ | Guru Nanak has saved my honor. ‖2‖3‖21‖ |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥ | Intoxicated with the wine of attachment, love of worldly possessions and deceit, and bound in bondage, he is wild and hideous. |
| ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥ | Day by day, his life is winding down; practicing sin and corruption, he is trapped by the noose of Death. \|\|1\|\| |
| ਤੇਰੀ ਸਰਣਿ ਪ੍ਰਭ ਦੀਨ ਦਇਆਲਾ ॥ | I seek Your Sanctuary, O God, Merciful to the meek. |
| ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ ॥੧॥ ਰਹਾਉ ॥ | I have crossed over the terrible, treacherous, enormous world-ocean, with the dust of the Saadh Sangat, the Company of the Holy. \|\|1\|\|Pause\|\| |
| ਪ੍ਰਭ ਸੁਖਦਾਤੇ ਸਮਰਥ ਸੁਆਮੀ ਜੀਉ ਪਿੰਡੁ ਸਭੁ ਤੁਮਰਾ ਮਾਲ ॥ | O God, Giver of peace, All-powerful Lord and Master, my soul, body and all wealth are Yours. |
| ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥੪॥੨੨॥ | Please, break my bonds of doubt, O Transcendent Lord, forever Merciful God of Nanak. \|\|2\|\|4\|\|22\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ ॥ | The Transcendent Lord has brought bliss to all; He has confirmed His Natural Way. |
| ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥ | He has become Merciful to the humble, holy Saints, and all my relatives blossom forth in joy. \|\|1\|\| |
| ਕਾਰਜੁ ਸਤਿਗੁਰਿ ਆਪਿ ਸਵਾਰਿਆ ॥ | The True Guru Himself has resolved my affairs. |
| ੮੦੭ | 807 |
| ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥ | He has blessed Hargobind with long life, and taken care of my comfort, happiness and well-being. \|\|1\|\|Pause\|\| |
| ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥ | The forests, meadows and the three worlds have blossomed forth in greenery; He gives His Support to all beings. |

| | |
|---|---|
| ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥ | Nanak has obtained the fruits of his mind's desires; his desires are totally fulfilled. ‖2‖5‖23‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਜਿਸੁ ਊਪਰਿ ਹੋਵਤ ਦਇਆਲੁ ॥ | One who is blessed by the Lord's Mercy, |
| ਹਰਿ ਸਿਮਰਤ ਕਾਟੈ ਸੋ ਕਾਲੁ ॥੧॥ ਰਹਾਉ ॥ | passes his time in contemplative meditation. ‖1‖Pause‖ |
| ਸਾਧਸੰਗਿ ਭਜੀਐ ਗੋਪਾਲੁ ॥ | In the Saadh Sangat, the Company of the Holy, meditate, and vibrate upon the Lord of the Universe. |
| ਗੁਨ ਗਾਵਤ ਤੂਟੈ ਜਮ ਜਾਲੁ ॥੧॥ | Singing the Glorious Praises of the Lord, the noose of death is cut away. ‖1‖ |
| ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥ | He Himself is the True Guru, and He Himself is the Cherisher. |
| ਨਾਨਕੁ ਜਾਚੈ ਸਾਧ ਰਵਾਲ ॥੨॥੬॥੨੪॥ | Nanak begs for the dust of the feet of the Holy. ‖2‖6‖24‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥ | Irrigate your mind with the Name of the Lord, Har, Har. |
| ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥੧॥ | Night and day, sing the Kirtan of the Lord's Praises. ‖1‖ |
| ਐਸੀ ਪ੍ਰੀਤਿ ਕਰਹੁ ਮਨ ਮੇਰੇ ॥ | Enshrine such love, O my mind, |
| ਆਠ ਪਹਰ ਪ੍ਰਭ ਜਾਨਹੁ ਨੇਰੇ ॥੧॥ ਰਹਾਉ ॥ | that twenty-four hours a day, God will seem near to you. ‖1‖Pause‖ |
| ਕਹੁ ਨਾਨਕ ਜਾ ਕੇ ਨਿਰਮਲ ਭਾਗ ॥ | Says Nanak, one who has such immaculate destiny |
| ਹਰਿ ਚਰਨੀ ਤਾ ਕਾ ਮਨੁ ਲਾਗ ॥੨॥੭॥੨੫॥ | - his mind is attached to the Lord's Feet. ‖2‖7‖25‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥ | The disease is gone; God Himself took it away. |
| ਨੀਦ ਪਈ ਸੁਖ ਸਹਜ ਘਰੁ ਆਇਆ ॥੧॥ ਰਹਾਉ ॥ | I sleep in peace; peaceful poise has come to my home. ‖1‖Pause‖ |

| | |
|---|---|
| ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥ | Eat to your fill, O my Siblings of Destiny. |
| ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥ | Meditate on the Ambrosial Naam, the Name of the Lord, within your heart. \|\|1\|\| |
| ਨਾਨਕ ਗੁਰ ਪੂਰੇ ਸਰਨਾਈ ॥ | Nanak has entered the Sanctuary of the Perfect Guru, |
| ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੨॥੮॥੨੬॥ | who has preserved the honor of His Name. \|\|2\|\|8\|\|26\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ ॥ ਰਹਾਉ ॥ | The True Guru has protected my hearth and home, and made them permanent. \|\|Pause\|\| |
| ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥੧॥ | Whoever slanders these homes, is pre-destined by the Creator Lord to be destroyed. \|\|1\|\| |
| ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥ | Slave Nanak seeks the Sanctuary of God; the Word of His Shabad is unbreakable and infinite. \|\|2\|\|9\|\|27\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥ | The fever and sickness are gone, and the diseases are all dispelled. |
| ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ ਰਹਾਉ ॥ | The Supreme Lord God has forgiven you, so enjoy the happiness of the Saints. \|\|Pause\|\| |
| ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥ | All joys have entered your world, and your mind and body are free of disease. |
| ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ ॥੧॥ | So chant continuously the Glorious Praises of the Lord; this is the only potent medicine. \|\|1\|\| |
| ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥ | So come, and dwell in your home and native land; this is such a blessed and auspicious occasion. |
| ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥੧੦॥੨੮॥ | O Nanak, God is totally pleased with you; your time of separation has come to an end. \|\|2\|\|10\|\|28\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥ | The entanglements of Maya do not go along with anyone. |
| ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥ ਰਹਾਉ ॥ | Even kings and rulers must arise and depart, according to the wisdom of the Saints. \|\|Pause\|\| |
| ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥ | Pride goes before the fall - this is a primal law. |
| ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥੧॥ | Those who practice corruption and sin, are born into countless incarnations, only to die again. \|\|1\|\| |
| ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥ | The Holy Saints chant Words of Truth; they meditate continually on the Lord of the Universe. |
| ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ ॥੨॥੧੧॥੨੯॥ | Meditating, meditating in remembrance, O Nanak, those who are imbued with the color of the Lord's Love are carried across. \|\|2\|\|11\|\|29\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ | The Perfect Guru has blessed me with celestial Samaadhi, bliss and peace. |
| ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥ | God is always my Helper and Companion; I contemplate His Ambrosial Virtues. \|\|Pause\|\| |
| **੮੦੮** | **808** |
| ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ | Triumphant cheers greet me all across the world, and all beings yearn for me. |
| ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥੧॥ | The True Guru and God are totally pleased with me; no obstacle blocks my way. \|\|1\|\| |
| ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥ | One who has the Merciful Lord God on his side - everyone becomes his slave. |
| ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥੨॥੧੨॥੩੦॥ | Forever and ever, O Nanak, glorious greatness rests with the Guru. \|\|2\|\|12\|\|30\|\| |

| | |
|---|---|
| ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ | Raag Bilaaval, Fifth Mehl, Fifth House, Chau-Padas: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥ | This perishable realm and world has been made like a house of sand. |
| ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥ | In no time at all, it is destroyed, like the paper drenched with water. \|\|1\|\| |
| ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ ॥ | Listen to me, people: behold, and consider this within your mind. |
| ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥੧॥ ਰਹਾਉ ॥ | The Siddhas, the seekers, house-holders and Yogis have forsaken their homes and left. \|\|1\|\|Pause\|\| |
| ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ | This world is like a dream in the night. |
| ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥ | All that is seen shall perish. Why are you attached to it, you fool? \|\|2\|\| |
| ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥ | Where are your brothers and friends? Open your eyes and see! |
| ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥੩॥ | Some have gone, and some will go; everyone must take his turn. \|\|3\|\| |
| ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥ | Those who serve the Perfect True Guru, remain ever-stable at the Door of the Lord. |
| ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥੧॥੩੧॥ | Servant Nanak is the Lord's slave; preserve his honor, O Lord, Destroyer of ego. \|\|4\|\|1\|\|31\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥ | The glories of the world, I cast into the fire. |
| ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥ | I chant those words, by which I may meet my Beloved. \|\|1\|\| |
| ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥ | When God becomes Merciful, then He enjoins me to His devotional service. |

ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਓ ॥੧॥ ਰਹਾਉ ॥

My mind clings to worldly desires; meeting with the Guru, I have renounced them. ||1||Pause||

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਓ ॥

I pray with intense devotion, and offer this soul to Him.

ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਓ ॥੨॥

I would sacrifice all other riches, for a moment's union with my Beloved. ||2||

ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਓ ॥

Through the Guru, I am rid of the five villains, as well as emotional love and hate.

ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਓ ॥੩॥

My heart is illumined, and the Lord has become manifest; night and day, I remain awake and aware. ||3||

ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਓ ॥

The blessed soul-bride seeks His Sanctuary; her destiny is recorded on her forehead.

ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਓ ॥੪॥੨॥੩੨॥

Says Nanak, she obtains her Husband Lord; her body and mind are cooled and soothed. ||4||2||32||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥

One is dyed in the color of the Lord's Love, by great good fortune.

ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥

This color is never muddied; no stain ever sticks to it. ||1||

ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥

He finds God, the Giver of peace, with feelings of joy.

ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ ॥

The Celestial Lord blends into his soul, and he can never leave Him. ||1||Pause||

ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥

Old age and death cannot touch him, and he shall not suffer pain again.

ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥

Drinking in the Ambrosial Nectar, he is satisfied; the Guru makes him immortal. ||2||

ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥

He alone knows its taste, who tastes the Priceless Name of the Lord.

| | |
|---|---|
| ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥ | Its value cannot be estimated; what can I say with my mouth? \|\|3\|\| |
| ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥ | Fruitful is the Blessed Vision of Your Darshan, O Supreme Lord God. The Word of Your Bani is the treasure of virtue. |
| **੮੦੯** | **809** |
| ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥ | Please bless me with the dust of the feet of Your slaves; Nanak is a sacrifice. \|\|4\|\|3\|\|33\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥ | Keep me under Your Protection, God; shower me with Your Mercy. |
| ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥ | I do not know how to serve You; I am just a low-life fool. \|\|1\|\| |
| ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ | I take pride in You, O my Darling Beloved. |
| ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥੧॥ ਰਹਾਉ ॥ | I am a sinner, continuously making mistakes; You are the Forgiving Lord. \|\|1\|\|Pause\|\| |
| ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥ | I make mistakes each and every day. You are the Great Giver; |
| ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥ | I am worthless. I associate with Maya, your hand-maiden, and I renounce You, God; such are my actions. \|\|2\|\| |
| ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥ | You bless me with everything, showering me with Mercy; And I am such an ungrateful wretch! |
| ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥ | I am attached to Your gifts, but I do not even think of You, O my Lord and Master. \|\|3\|\| |
| ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥ | There is none other than You, O Lord, Destroyer of fear. |
| ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥੩੪॥ | Says Nanak, I have come to Your Sanctuary, O Merciful Guru; I am so foolish - please, save me! \|\|4\|\|4\|\|34\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥ | Don't blame anyone else; meditate on your God. |
| ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥੧॥ | Serving Him, great peace is obtained; O mind, sing His Praises. \|\|1\|\| |
| ਕਹੀਐ ਕਾਇ ਪਿਆਰੇ ਤੁਝੁ ਬਿਨਾ ॥ | O Beloved, other than You, who else should I ask? |
| ਤੁਮ੍ ਦਇਆਲ ਸੁਆਮੀ ਸਭ ਅਵਗਨ ਹਮਾ ॥੧॥ ਰਹਾਉ ॥ | You are my Merciful Lord and Master; I am filled with all faults. \|\|1\|\|Pause\|\| |
| ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥ | As You keep me, I remain; there is no other way. |
| ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥੨॥ | You are the Support of the unsupported; You Name is my only Support. \|\|2\|\| |
| ਜੋ ਤੁਮ੍ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥ | One who accepts whatever You do as good - that mind is liberated. |
| ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥੩॥ | The entire creation is Yours; all are subject to Your Ways. \|\|3\|\| |
| ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥ | I wash Your Feet and serve You, if it pleases You, O Lord and Master. |
| ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ ॥੪॥੫॥੩੫॥ | Be Merciful, O God of Compassion, that Nanak may sing Your Glorious Praises. \|\|4\|\|5\|\|35\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥ | Death hovers over his head, laughing, but the beast does not understand. |
| ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥ | Entangled in conflict, pleasure and egotism, he does not even think of death. \|\|1\|\| |
| ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥ | So serve your True Guru; why wander around miserable and unfortunate? |

ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥੧॥ ਰਹਾਉ ॥

You gaze upon the transitory, beautiful safflower, but why do you get attached to it? ||1||Pause||

ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥

You commit sins again and again, to gather wealth to spend.

ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥੨॥

But your dust shall mix with dust; you shall arise and depart naked. ||2||

ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥

Those for whom you work, will become your spiteful enemies.

ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥੩॥

In the end, they will run away from you; why do you burn for them in anger? ||3||

ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥

He alone becomes the dust of the Lord's slaves, who has such good karma upon his forehead.

ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ ॥੪॥੬॥੩੬॥

Says Nanak, he is released from bondage, in the Sanctuary of the True Guru. ||4||6||36||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥

The cripple crosses over the mountain, the fool becomes a wise man,

ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥

and the blind man sees the three worlds, by meeting with the True Guru and being purified. ||1||

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥

This is the Glory of the Saadh Sangat, the Company of the Holy; listen, O my friends.

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ ਰਹਾਉ ॥

Filth is washed away, millions of sins are dispelled, and the consciousness becomes immaculate and pure. ||1||Pause||

ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥

Such is devotional worship of the Lord of the Universe, that the ant can overpower the elephant.

ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥

Whoever the Lord makes His own, is blessed with the gift of fearlessness. ||2||

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥

The lion becomes a cat, and the mountain looks like a blade of grass.

| ੮੧੦ | 810 |
|---|---|
| ਸੂਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥ | Those who worked for half a shell, will be judged very wealthy. \|\|3\|\| |
| ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ | What glorious greatness of Yours can I describe, O Lord of infinite excellences? |
| ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥ | Please bless me with Your Mercy, and grant me Your Name; O Nanak, I am lost without the Blessed Vision of Your Darshan. \|\|4\|\|7\|\|37\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥ | He is constantly entangled in pride, conflict, greed and tasty flavors. |
| ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ ॥੧॥ | He is involved in deception, fraud, household affairs and corruption. \|\|1\|\| |
| ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ ॥ | I have seen this with my eyes, by the Grace of the Perfect Guru. |
| ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥੧॥ ਰਹਾਉ ॥ | Power, property, wealth and youth are useless, without the Naam, the Name of the Lord. \|\|1\|\|Pause\|\| |
| ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥ | Beauty, incense, scented oils, beautiful clothes and foods |
| ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥੨॥ | - when they come into contact with the body of the sinner, they stink. \|\|2\|\| |
| ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥ | Wandering, wandering around, the soul is reincarnated as a human, but this body lasts only for an instant. |
| ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥੩॥ | Losing this opportunity, he must wander again through countless incarnations. \|\|3\|\| |
| ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ ॥ | By God's Grace, he meets the Guru; contemplating the Lord, Har, Har, he is wonderstruck. |
| ਸੂਖ ਸਹਜ ਨਾਨਕ ਅਨੰਦ ਤਾ ਕੈ ਪੂਰਨ ਨਾਦ ॥੪॥੮॥੩੮॥ | He is blessed with peace, poise and bliss, O Nanak, through the perfect sound current of the Naad. \|\|4\|\|8\|\|38\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ | The feet of the Saints are the boat, to cross over the world-ocean. |
| ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥ | In the wilderness, the Guru places them on the Path, and reveals the secrets of the Lord's Mystery. \|\|1\|\| |
| ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥ | O Lord, Har Har Har, Har Har Haray, Har Har Har, I love You. |
| ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥ | While standing up, sitting down and sleeping, think of the Lord, Har Har Har. \|\|1\|\|Pause\|\| |
| ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ | The five thieves run away, when one joins the Saadh Sangat, the Company of the Holy. |
| ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥ | His investment is intact, and he earns great profits; his household is blessed with honor. \|\|2\|\| |
| ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ | His position is unmoving and eternal, his anxiety is ended, and he wavers no more. |
| ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥ | His doubts and misgivings are dispelled, and he sees God everywhere. \|\|3\|\| |
| ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ | The Virtues of our Virtuous Lord and Master are so profound; how many of His Glorious Virtues should I speak? |
| ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥ | Nanak has obtained the Ambrosial Nectar of the Lord, Har, Har, in the Company of the Holy. \|\|4\|\|9\|\|39\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ | That life, which has no contact with the Holy, is useless. |
| ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥੧॥ | Joining their congregation, all doubts are dispelled, and I am emancipated. \|\|1\|\| |
| ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥ | That day, when I meet with the Holy - I am a sacrifice to that day. |
| ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥੧॥ ਰਹਾਉ ॥ | Again and again, I sacrifice my body, mind and soul to them. \|\|1\|\|Pause\|\| |

ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ ॥
They have helped me renounce this ego, and implant this humility within myself.

ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥੨॥
This mind has become the dust of all men's feet, and my self-conceit has been dispelled. ||2||

ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ ॥
In an instant, I burnt away the ideas of slander and ill-will towards others.

ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ ॥੩॥
I see close at hand, the Lord of mercy and compassion; He is not far away at all. ||3||

ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ ॥
My body and mind are cooled and soothed, and now, I am liberated from the world.

ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥੪॥੧੦॥੪੦॥
Love, consciousness, the breath of life, wealth and everything, O Nanak, are in the Blessed Vision of the Lord's Darshan. ||4||10||40||

ਬਿਲਾਵਲੁ ਮਹਲਾ ੫ ॥
Bilaaval, Fifth Mehl:

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥
I perform service for Your slave, O Lord, and wipe his feet with my hair.

ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥੧॥
I offer my head to him, and listen to the Glorious Praises of the Lord, the source of bliss. ||1||

ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ ॥
Meeting You, my mind is rejuvenated, so please meet me, O Merciful Lord.

ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ ॥੧॥ ਰਹਾਉ ॥
Night and day, my mind enjoys bliss, contemplating the Lord of Compassion. ||1||Pause||

## ੮੧੧ 811

ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ ॥
God's Holy people are the saviors of the world; I grab hold of the hem of their robes.

ਮੋ ਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ ॥੨॥
Bless me, O God, with the gift of the dust of the feet of the Saints. ||2||

ਉਕਤਿ ਸਿਆਨਪ ਕਛੂ ਨਹੀ ਨਾਹੀ ਕਛੁ ਘਾਲ ॥
I have no skill or wisdom at all, nor any work to my credit.

ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ ॥੩॥

Please, protect me from doubt, fear and emotional attachment, and cut away the noose of Death from my neck. ||3||

ਬਿਨਉ ਕਰਉ ਕਰੁਣਾਪਤੇ ਪਿਤਾ ਪ੍ਰਤਿਪਾਲ ॥

I beg of You, O Lord of Mercy, O my Father, please cherish me!

ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖ ਸਾਲ ॥੪॥੧੧॥੪੧॥

I sing Your Glorious Praises, in the Saadh Sangat, the Company of the Holy, O Lord, Home of peace. ||4||11||41||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥

Whatever You wish, You do. Without You, there is nothing.

ਪਰਤਾਪੁ ਤੁਮ੍ਾਰਾ ਦੇਖਿ ਕੈ ਜਮਦੂਤ ਛਡਿ ਜਾਹਿ ॥੧॥

Gazing upon Your Glory, the Messenger of Death leaves and goes away. ||1||

ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥

By Your Grace, one is emancipated, and egotism is dispelled.

ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥੧॥ ਰਹਾਉ ॥

God is omnipotent, possessing all powers; He is obtained through the Perfect, Divine Guru. ||1||Pause||

ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥

Searching, searching, searching - without the Naam, everything is false.

ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥੨॥

All the comforts of life are found in the Saadh Sangat, the Company of the Holy; God is the Fulfiller of desires. ||2||

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥

Whatever You attach me to, to that I am attached; I have burnt away all my cleverness.

ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ ॥੩॥

You are permeating and pervading everywhere, O my Lord, Merciful to the meek. ||3||

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥

I ask for everything from You, but only the very fortunate ones obtain it.

ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥੪॥੧੨॥੪੨॥

This is Nanak's prayer, O God, I live by singing Your Glorious Praises. ||4||12||42||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥

Dwelling in the Saadh Sangat, the Company of the Holy, all sins are erased.

ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥

One who is attuned to the Love of God, is not cast into the womb of reincarnation. ||1||

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥

Chanting the Name of the Lord of the Universe, the tongue becomes holy.

ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ ॥

The mind and body become immaculate and pure, chanting the Chant of the Guru. ||1||Pause||

ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥

Tasting the subtle essence of the Lord, one is satisfied; receiving this essence, the mind becomes happy.

ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥

The intellect is brightened and illuminated; turning away from the world, the heart-lotus blossoms forth. ||2||

ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥

He is cooled and soothed, peaceful and content; all his thirst is quenched.

ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥

The mind's wandering in the ten directions is stopped, and one dwells in the immaculate place. ||3||

ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥

The Savior Lord saves him, and his doubts are burnt to ashes.

ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥

Nanak is blessed with the treasure of the Naam, the Name of the Lord. He finds peace, gazing upon the Blessed Vision of the Saints' Darshan. ||4||13||43||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥

Carry water for the Lord's slave, wave the fan over him, and grind his corn; then, you shall be happy.

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥

Burn in the fire your power, property and authority. ||1||

ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥

Grasp hold of the feet of the servant of the humble Saints.

| | |
|---|---|
| ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ ॥੧॥ ਰਹਾਉ ॥ | Renounce and abandon the wealthy, the regal overlords and kings. \|\|1\|\|Pause\|\| |
| ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ | The dry bread of the Saints is equal to all treasures. |
| ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥ | The thirty-six tasty dishes of the faithless cynic, are just like poison. \|\|2\|\| |
| ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ | Wearing the old blankets of the humble devotees, one is not naked. |
| ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥ | But by putting on the silk clothes of the faithless cynic, one loses one's honor. \|\|3\|\| |
| ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ | Friendship with the faithless cynic breaks down mid-way. |
| ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥ | But whoever serves the humble servants of the Lord, is emancipated here and hereafter. \|\|4\|\| |
| ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ | Everything comes from You, O Lord; You Yourself created the creation. |
| ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥ | Blessed with the Blessed Vision of the Darshan of the Holy, Nanak sings the Glorious Praises of the Lord. \|\|5\|\|14\|\|44\|\| |

## ੮੧੨ — 812

ਬਿਲਾਵਲੁ ਮਹਲਾ ੫ ॥ — Bilaaval, Fifth Mehl:

| | |
|---|---|
| ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ | With my ears, I listen to the Lord, Har, Har; I sing the Praises of my Lord and Master. |
| ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥ | I place my hands and my head upon the feet of the Saints, and meditate on the Lord's Name. \|\|1\|\| |
| ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥ | Be kind to me, O Merciful God, and bless me with this wealth and success. |
| ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥ | Obtaining the dust of the feet of the Saints, I apply it to my forehead. \|\|1\|\|Pause\|\| |

| | |
|---|---|
| ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥ | I am the lowest of the low, absolutely the lowest; I offer my humble prayer. |
| ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥ | I wash their feet, and renounce my self-conceit; I merge in the Saints' Congregation. \|\|2\|\| |
| ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ | With each and every breath, I never forget the Lord; I never go to another. |
| ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ | Obtaining the Fruitful Vision of the Guru's Darshan, I discard my pride and attachment. \|\|3\|\| |
| ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ | I am embellished with truth, contentment, compassion and Dharmic faith. |
| ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥ | My spiritual marriage is fruitful, O Nanak; I am pleasing to my God. \|\|4\|\|15\|\|45\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ॥ | The words of the Holy are eternal and unchanging; this is apparent to everyone. |
| ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ ॥੧॥ | That humble being, who joins the Saadh Sangat, meets the Sovereign Lord. \|\|1\|\| |
| ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥ | This faith in the Lord of the Universe, and peace, are found by meditating on the Lord. |
| ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ ॥੧॥ ਰਹਾਉ ॥ | Everyone is speaking in various ways, but the Guru has brought the Lord into the home of my self. \|\|1\|\|Pause\|\| |
| ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥ | He preserves the honor of those who seek His Sanctuary; there is no doubt about this at all. |
| ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥੨॥ | In the field of actions and karma, plant the Lord's Name; this opportunity is so difficult to obtain! \|\|2\|\| |
| ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥ | God Himself is the Inner-knower, the Searcher of hearts; He does, and causes everything to be done. |
| ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥੩॥ | He purifies so many sinners; this is the natural way of our Lord and Master. \|\|3\|\| |

| | |
|---|---|
| ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥ | Don't be fooled, O mortal being, by the illusion of Maya. |
| ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥੪॥੧੬॥੪੬॥ | O Nanak, God saves the honor of those of whom He approves. \|\|4\|\|16\|\|46\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥ | He fashioned you from clay, and made your priceless body. |
| ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥੧॥ | He covers the many faults in your mind, and makes you look immaculate and pure. \|\|1\|\| |
| ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥ | So why do you forget God from your mind? He has done so many good things for you. |
| ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥੧॥ ਰਹਾਉ ॥ | One who forsakes God, and blends himself with another, in the end is blended with dust. \|\|1\|\|Pause\|\| |
| ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥ | Meditate, meditate in remembrance with each and every breath - do not delay! |
| ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥੨॥ | Renounce worldly affairs, and merge yourself into God; forsake false loves. \|\|2\|\| |
| ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥ | He is many, and He is One; He takes part in the many plays. This is as He is, and shall be. |
| ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥੩॥ | So serve that Supreme Lord God, and accept the Guru's Teachings. \|\|3\|\| |
| ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥ | God is said to be the highest of the high, the greatest of all, our companion. |
| ਦਾਸ ਦਾਸ ਕੋ ਦਾਸਰਾ ਨਾਨਕ ਕਰਿ ਲੇਹ ॥੪॥੧੭॥੪੭॥ | Please, let Nanak be the slave of the slave of Your slaves. \|\|4\|\|17\|\|47\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਏਕ ਟੇਕ ਗੋਵਿੰਦ ਕੀ ਤਿਆਗੀ ਅਨ ਆਸ ॥ | The Lord of the Universe is my only Support. I have renounced all other hopes. |

| | |
|---|---|
| ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥੧॥ | God is All-powerful, above all; He is the perfect treasure of virtue. \|\|1\|\| |
| ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ | The Naam, the Name of the Lord, is the Support of the humble servant who seeks God's Sanctuary. |
| ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥੧॥ ਰਹਾਉ ॥ | In their minds, the Saints take the Support of the Transcendent Lord. \|\|1\|\|Pause\|\| |
| ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥ | He Himself preserves, and He Himself gives. He Himself cherishes. |
| **੮੧੩** | 813 |
| ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਾਰੈ ॥੨॥ | Merciful to the meek, the treasure of mercy, He remembers and protects us with each and every breath. \|\|2\|\| |
| ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ | Whatever the Creator Lord does is glorious and great. |
| ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥ | The Perfect Guru has instructed me, that peace comes by the Will of our Lord and Master. \|\|3\|\| |
| ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥ | Anxieties, worries and calculations are dismissed; the Lord's humble servant accepts the Hukam of His Command. |
| ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥੪॥੧੮॥੪੮॥ | He does not die, and He does not leave; Nanak is attuned to His Love. \|\|4\|\|18\|\|48\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥ | The great fire is put out and cooled; meeting with the Guru, sins run away. |
| ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥੧॥ | I fell into the deep dark pit; giving me His Hand, He pulled me out. \|\|1\|\| |
| ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ ॥ | He is my friend; I am the dust of His Feet. |
| ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ ॥੧॥ ਰਹਾਉ ॥ | Meeting with Him, I am at peace; He blesses me with the gift of the soul. \|\|1\|\|Pause\|\| |

| | |
|---|---|
| ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ ॥ | I have now received my pre-ordained destiny. |
| ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ ॥੨॥ | Dwelling with the Lord's Holy Saints, my hopes are fulfilled. \|\|2\|\| |
| ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥ | The fear of the three worlds is dispelled, and I have found my place of rest and peace. |
| ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥ | The all-powerful Guru has taken pity upon me, and the Naam has come to dwell in my mind. \|\|3\|\| |
| ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥ | O God, You are the Anchor and Support of Nanak. |
| ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥੪॥੧੯॥੪੯॥ | He is the Doer, the Cause of causes; the All-powerful Lord God is inaccessible and infinite. \|\|4\|\|19\|\|49\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥ | One who forgets God is filthy, poor and low. |
| ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥੧॥ | The fool does not understand the Creator Lord; instead, he thinks that he himself is the doer. \|\|1\|\| |
| ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ॥ | Pain comes, when one forgets Him. Peace comes when one remembers God. |
| ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ ॥੧॥ ਰਹਾਉ ॥ | This is the way the Saints are in bliss - they continually sing the Glorious Praises of the Lord. \|\|1\|\|Pause\|\| |
| ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥ | The high, He makes low, and the low, he elevates in an instant. |
| ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥੨॥ | The value of the glory of our Lord and Master cannot be estimated. \|\|2\|\| |
| ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ ॥ | While he gazes upon beautiful dramas and plays, the day of his departure dawns. |
| ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ ॥੩॥ | The dream becomes the dream, and his actions do not go along with him. \|\|3\|\| |

| | |
|---|---|
| ਕਰਣ ਕਾਰਣ ਸਮਰਥ ਪ੍ਰਭ ਤੇਰੀ ਸਰਣਾਈ ॥ | God is All-powerful, the Cause of causes; I seek Your Sanctuary. |
| ਹਰਿ ਦਿਨਸੁ ਰੈਣਿ ਨਾਨਕੁ ਜਪੈ ਸਦ ਸਦ ਬਲਿ ਜਾਈ ॥੪॥੨੦॥੫੦॥ | Day and night, Nanak meditates on the Lord; forever and ever he is a sacrifice. \|\|4\|\|20\|\|50\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ ॥ | I carry water on my head, and with my hands I wash their feet. |
| ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥੧॥ | Tens of thousands of times, I am a sacrifice to them; gazing upon the Blessed Vision of their Darshan, I live. \|\|1\|\| |
| ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥ | The hopes which I cherish in my mind - my God fulfills them all. |
| ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥੧॥ ਰਹਾਉ ॥ | With my broom, I sweep the homes of the Holy Saints, and wave the fan over them. \|\|1\|\|Pause\|\| |
| ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥ | The Saints chant the Ambrosial Praises of the Lord; I listen, and my mind drinks it in. |
| ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥ | That sublime essence calms and soothes me, and quenches the fire of sin and corruption. \|\|2\|\| |
| ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥ | When the galaxy of Saints worship the Lord in devotion, I join them, singing the Glorious Praises of the Lord. |
| ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥ | I bow in reverence to the humble devotees, and apply the dust of their feet to my face. \|\|3\|\| |
| ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ | Sitting down and standing up, I chant the Naam, the Name of the Lord; this is what I do. |
| ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥੪॥੨੧॥੫੧॥ | This is Nanak's prayer to God, that he may merge in the Lord's Sanctuary. \|\|4\|\|21\|\|51\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥ | He alone crosses over this world-ocean, who sings the Glorious Praises of the Lord. |

ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥

He dwells with the Saadh Sangat, the Company of the Holy; by great good fortune, he finds the Lord. ||1||

## ੮੧੪

## 814

ਸੁਣਿ ਸੁਣਿ ਜੀਵੈ ਦਾਸੁ ਤੁਮ੍ ਬਾਣੀ ਜਨ ਆਖੀ ॥

Your slave lives by hearing, hearing the Word of Your Bani, chanted by Your humble servant.

ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥੧॥ ਰਹਾਉ ॥

The Guru is revealed in all the worlds; He saves the honor of His servant. ||1||Pause||

ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥

God has pulled me out of the ocean of fire, and quenched my burning thirst.

ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥

The Guru has sprinkled the Ambrosial Water of the Naam, the Name of the Lord; He has become my Helper. ||2||

ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥

The pains of birth and death are removed, and I have obtained a resting place of peace.

ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥

The noose of doubt and emotional attachment has been snapped; I have become pleasing to my God. ||3||

ਮਤ ਕੋਈ ਜਾਣ੍ਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥

Let no one think that there is any other at all; everything is in the Hands of God.

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥੪॥੨੨॥੫੨॥

Nanak has found total peace, in the Society of the Saints. ||4||22||52||

### ਬਿਲਾਵਲੁ ਮਹਲਾ ੫ ॥

### Bilaaval, Fifth Mehl:

ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ ॥

My bonds have been snapped; God Himself has become compassionate.

ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ ॥੧॥

The Supreme Lord God is Merciful to the meek; by His Glance of Grace, I am in ecstasy. ||1||

ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥

The Perfect Guru has shown mercy to me, and eradicated my pains and illnesses.

ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥

My mind and body have been cooled and soothed, meditating on God, most worthy of meditation. ||1||Pause||

| | |
|---|---|
| ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥ | The Name of the Lord is the medicine to cure all disease; with it, no disease afflicts me. |
| ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥੨॥ | In the Saadh Sangat, the Company of the Holy, the mind and body are tinged with the Lord's Love, and I do not suffer pain any longer. \|\|2\|\| |
| ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥ | I chant the Name of the Lord, Har, Har, Har, Har, lovingly centering my inner being on Him. |
| ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥ | Sinful mistakes are erased and I am sanctified, in the Sanctuary of the Holy Saints. \|\|3\|\| |
| ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ ॥ | Misfortune is kept far away from those who hear and chant the Praises of the Lord's Name. |
| ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥੨੩॥੫੩॥ | Nanak chants the Mahaa Mantra, the Great Mantra, singing the Glorious Praises of the Lord. \|\|4\|\|23\|\|53\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ | From the Fear of God, devotion wells up, and deep within, there is peace. |
| ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥ | Chanting the Name of the Lord of the Universe, doubt and delusions are dispelled. \|\|1\|\| |
| ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ | One who meets with the Perfect Guru, is blessed with peace. |
| ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥ | So renounce the intellectual cleverness of your mind, and listen to the Teachings. \|\|1\|\|Pause\|\| |
| ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥ | Meditate, meditate, meditate in remembrance on the Primal Lord, the Great Giver. |
| ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥੨॥ | May I never forget that Primal, Infinite Lord from my mind. \|\|2\|\| |
| ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥ | I have enshrined love for the Lotus Feet of the Wondrous Divine Guru. |
| ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥੩॥ | One who is blessed by Your Mercy, God, is committed to Your service. \|\|3\|\| |

| | |
|---|---|
| ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥ | I drink in the Ambrosial Nectar, the treasure of wealth, and my mind and body are in bliss. |
| ਨਾਨਕ ਕਬਹੁ ਨ ਵੀਸਰੈ ਪ੍ਰਭ ਪਰਮਾਨੰਦ ॥੪॥੨੪॥੫੪॥ | Nanak never forgets God, the Lord of supreme bliss. ‖4‖24‖54‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥ | Desire is stilled, and egotism is gone; fear and doubt have run away. |
| ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥੧॥ | I have found stability, and I am in ecstasy; the Guru has blessed me with Dharmic faith. ‖1‖ |
| ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ ॥ | Worshipping the Perfect Guru in adoration, my anguish is eradicated. |
| ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ ॥੧॥ ਰਹਾਉ ॥ | My body and mind are totally cooled and soothed; I have found peace, O my brother. ‖1‖Pause‖ |
| ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥ | I have awakened from sleep, chanting the Name of the Lord; gazing upon Him, I am filled with wonder. |
| ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥੨॥ | Drinking in the Ambrosial Nectar, I am satisfied. How wondrous is its taste! ‖2‖ |
| ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥ | I myself am liberated, and my companions swim across; my family and ancestors are also saved. |
| ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥੩॥ | Service to the Divine Guru is fruitful; it has made me pure in the Court of the Lord. ‖3‖ |
| ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ॥ | I am lowly, without a master, ignorant, worthless and without virtue. |
| ੮੧੫ | 815 |
| ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥੪॥੨੫॥੫੫॥ | Nanak has been blessed with God's Mercy; God has made him His Slave. ‖4‖25‖55‖ |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ ॥ | The Lord is the Hope and Support of His devotees; there is nowhere else for them to go. |
| ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥ | O God, Your Name is my power, realm, relatives and riches. \|\|1\|\| |
| ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥ | God has granted His Mercy, and saved His slaves. |
| ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥੧॥ ਰਹਾਉ ॥ | The slanderers rot in their slander; they are seized by the Messenger of Death. \|\|1\|\|Pause\|\| |
| ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ ॥ | The Saints meditate on the One Lord, and no other. |
| ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ ॥੨॥ | They offer their prayers to the One Lord, who is pervading and permeating all places. \|\|2\|\| |
| ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥ | I have heard this old story, spoken by the devotees, |
| ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥੩॥ | that all the wicked are cut apart into pieces, while His humble servants are blessed with honor. \|\|3\|\| |
| ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥ | Nanak speaks the true words, which are obvious to all. |
| ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ ॥੪॥੨੬॥੫੬॥ | God's servants are under God's Protection; they have absolutely no fear. \|\|4\|\|26\|\|56\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥ | God breaks the bonds which hold us; He holds all power in His hands. |
| ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥੧॥ | No other actions will bring release; save me, O my Lord and Master. \|\|1\|\| |
| ਤਉ ਸਰਣਾਗਤਿ ਮਾਧਵੇ ਪੂਰਨ ਦਇਆਲ ॥ | I have entered Your Sanctuary, O Perfect Lord of Mercy. |
| ਛੂਟਿ ਜਾਇ ਸੰਸਾਰ ਤੇ ਰਾਖੈ ਗੋਪਾਲ ॥੧॥ ਰਹਾਉ ॥ | Those whom You preserve and protect, O Lord of the Universe, are saved from the trap of the world. \|\|1\|\|Pause\|\| |

| | |
|---|---|
| ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥ | Hope, doubt, corruption and emotional attachment - in these, he is engrossed. |
| ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥੨॥ | The false material world abides in his mind, and he does not understand the Supreme Lord God. \|\|2\|\| |
| ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਾਰੇ ॥ | O Perfect Lord of Supreme Light, all beings belong to You. |
| ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥੩॥ | As You keep us, we live, O infinite, inaccessible God. \|\|3\|\| |
| ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥ | Cause of causes, All-powerful Lord God, please bless me with Your Name. |
| ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥੪॥੨੭॥੫੭॥ | Nanak is carried across in the Saadh Sangat, the Company of the Holy, singing the Glorious Praises of the Lord, Har, Har. \|\|4\|\|27\|\|57\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਕਵਨੁ ਕਵਨੁ ਨਹੀ ਪਤਰਿਆ ਤੁਮ੍ਰੀ ਪਰਤੀਤਿ ॥ | Who? Who has not fallen, by placing their hopes in you? |
| ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥ | You are enticed by the great enticer - this is the way to hell! \|\|1\|\| |
| ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ | O vicious mind, no faith can be placed in you; you are totally intoxicated. |
| ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ ਰਹਾਉ ॥ | The donkey's leash is only removed, after the load is placed on his back. \|\|1\|\|Pause\|\| |
| ਜਪ ਤਪ ਸੰਜਮ ਤੁਮ੍ ਖੰਡੇ ਜਮ ਕੇ ਦੁਖ ਡਾਂਡ ॥ | You destroy the value of chanting, intensive meditation and self-discipline; you shall suffer in pain, beaten by the Messenger of Death. |
| ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥੨॥ | You do not meditate, so you shall suffer the pains of reincarnation, you shameless buffoon! \|\|2\|\| |
| ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ | The Lord is your Companion, your Helper, your Best Friend; but you disagree with Him. |
| ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥੩॥ | You are in love with the five thieves; this brings terrible pain. \|\|3\|\| |

| | |
|---|---|
| ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ | Nanak seeks the Sanctuary of the Saints, who have conquered their minds. |
| ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹਾ ॥੪॥੨੮॥੫੮॥ | He gives body, wealth and everything to the slaves of God. \|\|4\|\|28\|\|58\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ | Try to meditate, and contemplate the source of peace, and bliss will come to you. |
| ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧॥ | Chanting, and meditating on the Name of the Lord of the Universe, perfect understanding is achieved. \|\|1\|\| |
| ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥ | Meditating on the Lotus Feet of the Guru, and chanting the Name of the Lord, I live. |
| ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧॥ ਰਹਾਉ ॥ | Worshipping the Supreme Lord God in adoration, my mouth drinks in the Ambrosial Nectar. \|\|1\|\|Pause\|\| |
| ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ | All beings and creatures dwell in peace; the minds of all yearn for the Lord. |
| ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥ | Those who continually remember the Lord, do good deeds for others; they harbor no ill will towards anyone. \|\|2\|\| |
| **੮੧੬** | **816** |
| ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ | Blessed is that place, and blessed are those who dwell there, where they chant the Naam, the Name of the Lord. |
| ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥੩॥ | The Sermon and the Kirtan of the Lord's Praises are sung there very often; there is peace, poise and tranquility. \|\|3\|\| |
| ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥ | In my mind, I never forget the Lord; He is the Master of the masterless. |
| ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥ | Nanak has entered the Sanctuary of God; everything is in His hands. \|\|4\|\|29\|\|59\|\| |

ਬਿਲਾਵਲੁ ਮਹਲਾ ੫ ॥

Bilaaval, Fifth Mehl:

ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ ॥

The One who bound you in the womb and then released you, placed you in the world of joy.

ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ ॥੧॥

Contemplate His Lotus Feet forever, and you shall be cooled and soothed. ||1||

ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ ॥

In life and in death, this Maya is of no use.

ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ ॥੧॥ ਰਹਾਉ ॥

He created this creation, but rare are those who enshrine love for Him. ||1||Pause||

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥

O mortal, the Creator Lord made summer and winter; He saves you from the heat.

ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥੨॥

From the ant, He makes an elephant; He reunites those who have been separated. ||2||

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥

Eggs, wombs, sweat and earth - these are God's workshops of creation.

ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥੩॥

It is fruitful for all to practice contemplation of the Lord. ||3||

ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥

I cannot do anything; O God, I seek the Sanctuary of the Holy.

ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥੪॥੩੦॥੬੦॥

Guru Nanak pulled me up, out of the deep, dark pit, the intoxication of attachment. ||4||30||60||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥

Searching, searching, I wander around searching, in the woods and other places.

ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥੧॥

He is undeceivable, imperishable, inscrutable; such is my Lord God. ||1||

ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥

When shall I behold my God, and delight my soul?

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ ਰਹਾਉ ॥

Even better than being awake, is the dream in which I dwell with God. ||1||Pause||

| | |
|---|---|
| ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥ | Listening to the Shaastras teaching about the four social classes and the four stages of life, I grow thirsty for the Blessed Vision of the Lord. |
| ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥੨॥ | He has no form or outline, and He is not made of the five elements; our Lord and Master is imperishable. \|\|2\|\| |
| ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ ॥ | How rare are those Saints and great Yogis, who describe the beautiful form of the Lord. |
| ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥ | Blessed, blessed are they, whom the Lord meets in His Mercy. \|\|3\|\| |
| ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥ | They know that He is deep within, and outside as well; their doubts are dispelled. |
| ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥ | O Nanak, God meets those, whose karma is perfect. \|\|4\|\|31\|\|61\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ ॥ | All beings and creatures are totally pleased, gazing on God's glorious radiance. |
| ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥੧॥ | The True Guru has paid off my debt; He Himself did it. \|\|1\|\| |
| ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ ॥ | Eating and expending it, it is always available; the Word of the Guru's Shabad is inexhaustible. |
| ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥੧॥ ਰਹਾਉ ॥ | Everything is perfectly arranged; it is never exhausted. \|\|1\|\|Pause\|\| |
| ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥ | In the Saadh Sangat, the Company of the Holy, I worship and adore the Lord, the infinite treasure. |
| ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥ | He does not hesitate to bless me with Dharmic faith, wealth, sexual success and liberation. \|\|2\|\| |
| ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥ | The devotees worship and adore the Lord of the Universe with single-minded love. |
| ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ ॥੩॥ | They gather in the wealth of the Lord's Name, which cannot be estimated. \|\|3\|\| |

| | |
|---|---|
| ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ ॥ | O God, I seek Your Sanctuary, the glorious greatness of God. Nanak: |
| ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥੪॥੩੨॥੬੨॥ | Your end or limitation cannot be found, O Infinite World-Lord. \|\|4\|\|32\|\|62\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥ | Meditate, meditate in remembrance of the Perfect Lord God, and your affairs shall be perfectly resolved. |
| ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥੧॥ ਰਹਾਉ ॥ | In Kartaarpur, the City of the Creator Lord, the Saints dwell with the Creator. \|\|1\|\|Pause\|\| |
| ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥ | No obstacles will block your way, when you offer your prayers to the Guru. |
| ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥ | The Sovereign Lord of the Universe is the Saving Grace, the Protector of the capital of His devotees. \|\|1\|\| |
| **੮੧੭** | **817** |
| ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥ | There is never any deficiency at all; the Lord's treasures are over-flowing. |
| ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨॥ | His Lotus Feet are enshrined within my mind and body; God is inaccessible and infinite. \|\|2\|\| |
| ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥ | All those who work for Him dwell in peace; you can see that they lack nothing. |
| ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥੩॥ | By the Grace of the Saints, I have met God, the Perfect Lord of the Universe. \|\|3\|\| |
| ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥ | Everyone congratulates me, and celebrates my victory; the home of the True Lord is so beautiful! |
| ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥ | Nanak chants the Naam, the Name of the Lord, the treasure of peace; I have found the Perfect Guru. \|\|4\|\|33\|\|63\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥ | Worship and adore the Lord, Har, Har, Har, and you shall be free of disease. |
| ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥੧॥ ਰਹਾਉ ॥ | This is the Lord's healing rod, which eradicates all disease. \|\|1\|\|Pause\|\| |
| ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥ | Meditating on the Lord, through the Perfect Guru, he constantly enjoys pleasure. |
| ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥੧॥ | I am devoted to the Saadh Sangat, the Company of the Holy; I have been united with my Lord. \|\|1\|\| |
| ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥ | Contemplating Him, peace is obtained, and separation is ended. |
| ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥੨॥੩੪॥੬੪॥ | Nanak seeks the Sanctuary of God, the All-powerful Creator, the Cause of causes. \|\|2\|\|34\|\|64\|\| |
| ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫ | Raag Bilaaval, Fifth Mehl, Du-Padas, Fifth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥ | I have given up all other efforts, and have taken the medicine of the Naam, the Name of the Lord. |
| ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥੧॥ | Fevers, sins and all diseases are eradicated, and my mind is cooled and soothed. \|\|1\|\| |
| ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ॥ | Worshipping the Perfect Guru in adoration, all pains are dispelled. |
| ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥੧॥ ਰਹਾਉ ॥ | The Savior Lord has saved me; He has blessed me with His Kind Mercy. \|\|1\|\|Pause\|\| |
| ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ ॥ | Grabbing hold of my arm, God has pulled me up and out; He has made me His own. |
| ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ ॥੨॥੧॥੬੫॥ | Meditating, meditating in remembrance, my mind and body are at peace; Nanak has become fearless. \|\|2\|\|1\|\|65\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥ | Placing His Hand upon my forehead, God has given me the gift of His Name. |
| ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥੧॥ | One who performs fruitful service for the Supreme Lord God, never suffers any loss. \|\|1\|\| |
| ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥ | God Himself saves the honor of His devotees. |
| ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ ਰਹਾਉ ॥ | Whatever God's Holy servants wish for, He grants to them. \|\|1\|\|Pause\|\| |
| ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥ | God's humble servants seek the Sanctuary of His Lotus Feet; they are God's very breath of life. |
| ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ ॥੨॥੨॥੬੬॥ | O Nanak, they automatically, intuitively meet God; their light merges into the Light. \|\|2\|\|2\|\|66\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥ | God Himself has given me the Support of His Lotus Feet. |
| ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥੧॥ | God's humble servants seek His Sanctuary; they are respected and famous forever. \|\|1\|\| |
| ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ ॥ | God is the unparalleled Savior and Protector; service to Him is immaculate and pure. |
| ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ ॥੧॥ ਰਹਾਉ ॥ | The Divine Guru has built the City of Ramdaspur, the royal domain of the Lord. \|\|1\|\|Pause\|\| |
| ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ ॥ | Forever and ever, meditate on the Lord, and no obstacles will obstruct you. |
| ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ ॥੨॥੩॥੬੭॥ | O Nanak, praising the Naam, the Name of the Lord, the fear of enemies runs away. \|\|2\|\|3\|\|67\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ | Worship and adore God in your mind and body; join the Company of the Holy. |

| | |
|---|---|
| ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥ | Chanting the Glorious Praises of the Lord of the Universe, the Messenger of Death runs far away. \|\|1\|\| |
| ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥ | That humble being who chants the Lord's Name, remains always awake and aware, night and day. |
| **੮੧੮** | **818** |
| ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ ਰਹਾਉ ॥ | He is not affected by charms and spells, nor is he harmed by the evil eye. \|\|1\|\|Pause\|\| |
| ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥ | Sexual desire, anger, the intoxication of egotism and emotional attachment are dispelled, by loving devotion. |
| ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥੪॥੬੮॥ | One who enters the Lord's Sanctuary, O Nanak, remains merged in ecstasy in the subtle essence of the Lord's Love. \|\|2\|\|4\|\|68\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ ॥ | The living creatures and their ways are in God's power. Whatever He says, they do. |
| ਭਏ ਪ੍ਰਸੰਨ ਗੋਪਾਲ ਰਾਇ ਭਉ ਕਿਛੁ ਨਹੀ ਕਰਨਾ ॥੧॥ | When the Sovereign Lord of the Universe is pleased, there is nothing at all to fear. \|\|1\|\| |
| ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥ | Pain shall never afflict you, if you remember the Supreme Lord God. |
| ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥੧॥ ਰਹਾਉ ॥ | The Messenger of Death does not even approach the beloved Sikhs of the Guru. \|\|1\|\|Pause\|\| |
| ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥ | The All-powerful Lord is the Cause of causes; there is no other than Him. |
| ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥੨॥੫॥੬੯॥ | Nanak has entered the Sanctuary of God; the True Lord has given strength to the mind. \|\|2\|\|5\|\|69\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਰੀ ਘਾਲ ॥

I am worthless; I have no virtues at all. I cannot understand Your actions.

ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥

You alone know Your state and extent. My soul, body and property are all Yours. ||1||

ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥

You are the Inner-knower, the Searcher of hearts, the Primal Lord and Master; You know even what is unspoken.

ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥੨॥੫॥੧੨੧॥

My body and mind are cooled and soothed, O Nanak, by God's Glance of Grace. ||2||5||121||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਰਾਖੁ ਸਦਾ ਪ੍ਰਭ ਅਪਨੈ ਸਾਥ ॥

Keep me with You forever, O God.

ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ ॥੧॥ ਰਹਾਉ ॥

You are my Beloved, the Enticer of my mind; without You, my life is totally useless. ||1||Pause||

| | |
|---|---|
| ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ ॥ | In an instant, You transform the beggar into a king; O my God, You are the Master of the masterless. |
| ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ ॥੧॥ | You save Your humble servants from the burning fire; You make them Your own, and with Your Hand, You protect them. ‖1‖ |
| ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥ | I have found peace and cool tranquility, and my mind is satisfied; meditating in remembrance on the Lord, all struggles are ended. |
| ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥ | Service to the Lord, O Nanak, is the treasure of treasures; all other clever tricks are useless. ‖2‖6‖122‖ |
| **੮੨੯** | **829** |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥ | Never forget Your servant, O Lord. |
| ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥੧॥ ਰਹਾਉ ॥ | Hug me close in Your embrace, O God, my Lord and Master; consider my primal love for You, O Lord of the Universe. ‖1‖Pause‖ |
| ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥ | It is Your Natural Way, God, to purify sinners; please do not keep my errors in Your Heart. |
| ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥ | You are my life, my breath of life, O Lord, my wealth and peace; be merciful to me, and burn away the curtain of egotism. ‖1‖ |
| ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ ॥ | Without water, how can the fish survive? Without milk, how can the baby survive? |
| ਜਨ ਨਾਨਕ ਪਿਆਸ ਚਰਨ ਕਮਲਨ੍ ਕੀ ਪੇਖਿ ਦਰਸੁ ਸੁਆਮੀ ਸੁਖ ਸਾਰੋ ॥੨॥੭॥੧੨੩॥ | Servant Nanak thirsts for the Lord's Lotus Feet; gazing upon the Blessed Vision of his Lord and Master's Darshan, he finds the essence of peace. ‖2‖7‖123‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਆਗੈ ਪਾਛੈ ਕੁਸਲੁ ਭਇਆ ॥ | Here, and hereafter, there is happiness. |
| ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥੧॥ ਰਹਾਉ ॥ | The Perfect Guru has perfectly, totally saved me; the Supreme Lord God has been kind to me. ‖1‖Pause‖ |

ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥

The Lord, my Beloved, is pervading and permeating my mind and body; all my pains and sufferings are dispelled.

ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ ॥੧॥

In celestial peace, tranquility and bliss, I sing the Glorious Praises of the Lord; my enemies and adversaries have been totally destroyed. ||1||

ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ ॥

God has not considered my merits and demerits; in His Mercy, He has made me His own.

ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ ॥੨॥੮॥੧੨੪॥

Unweighable is the greatness of the immovable and imperishable Lord; Nanak proclaims the victory of the Lord. ||2||8||124||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਬਿਨੁ ਭੈ ਭਗਤੀ ਤਰਨੁ ਕੈਸੇ ॥

Without the Fear of God, and devotional worship, how can anyone cross over the world-ocean?

ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥੧॥ ਰਹਾਉ ॥

Be kind to me, O Saving Grace of sinners; preserve my faith in You, O my Lord and Master. ||1||Pause||

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥

The mortal does not remember the Lord in meditation; he wanders around intoxicated by egotism; he is engrossed in corruption like a dog.

ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥੧॥

Utterly cheated, his life is slipping away; committing sins, he is sinking away. ||1||

ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥

I have come to Your Sanctuary, Destroyer of pain; O Primal Immaculate Lord, may I dwell upon You in the Saadh Sangat, the Company of the Holy.

ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥੨॥੯॥੧੨੫॥

O Lord of beautiful hair, Destroyer of pain, Eradicator of sins, Nanak lives, gazing upon the Blessed Vision of Your Darshan. ||2||9||125||

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯

Raag Bilaaval, Fifth Mehl, Du-Padas, Ninth House:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਆਪਹਿ ਮੇਲਿ ਲਏ ॥

He Himself merges us with Himself.

ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥

When I came to Your Sanctuary, my sins vanished. ||1||Pause||

ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥

Renouncing egotistical pride and other anxieties, I have sought the Sanctuary of the Holy Saints.

ਜਪਿ ਜਪਿ ਨਾਮੁ ਤੁਮ੍ਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥

Chanting, meditating on Your Name, O my Beloved, disease is eradicated from my body. ||1||

ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥

Even utterly foolish, ignorant and thoughtless persons have been saved by the Kind Lord.

ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥੨॥੧॥੧੨੬॥

Says Nanak, I have met the Perfect Guru; my comings and goings have ended. ||2||1||126||

ਬਿਲਾਵਲੁ ਮਹਲਾ ੫ ॥

Bilaaval, Fifth Mehl:

ਜੀਵਉ ਨਾਮੁ ਸੁਨੀ ॥

Hearing Your Name, I live.

ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ ਰਹਾਉ ॥

When the Perfect Guru became pleased with me, then my hopes were fulfilled. ||1||Pause||

ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥

Pain is gone, and my mind is comforted; the music of bliss fascinates me.

ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧॥

The yearning to meet my Beloved God has welled up within me. I cannot live without Him, even for an instant. ||1||

**੮੩੦**

830

ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥

You have saved so many devotees, so many humble servants; so many silent sages contemplate You.

ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥

The support of the blind, the wealth of the poor; Nanak has found God, of endless virtues. ||2||2||127||

ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ

Raag Bilaaval, Fifth Mehl, Thirteenth House, Partaal:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥

O Enticing Lord, I cannot sleep; I sigh. I am adorned with necklaces, gowns, ornaments and make-up.

ਉਡੀਨੀ ਉਡੀਨੀ ਉਡੀਨੀ ॥

I am sad, sad and depressed.

| | |
|---|---|
| ਕਬ ਘਰਿ ਆਵੈ ਰੀ ॥੧॥ ਰਹਾਉ ॥ | When will You come home? ‖1‖Pause‖ |
| ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ | I seek the Sanctuary of the happy soul-brides; I place my head upon their feet. |
| ਲਾਲਨੁ ਮੋਹਿ ਮਿਲਾਵਹੁ ॥ | Unite me with my Beloved. |
| ਕਬ ਘਰਿ ਆਵੈ ਰੀ ॥੧॥ | When will He come to my home? ‖1‖ |
| ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥ | Listen, my companions: tell me how to meet Him. Eradicate all egotism, and then you shall find your Beloved Lord within the home of your heart. |
| ਤਬ ਰਸ ਮੰਗਲ ਗੁਨ ਗਾਵਹੁ ॥ | Then, in delight, you shall sing the songs of joy and praise. |
| ਆਨਦ ਰੂਪ ਧਿਆਵਹੁ ॥ | Meditate on the Lord, the embodiment of bliss. |
| ਨਾਨਕੁ ਦੁਆਰੈ ਆਇਓ ॥ | O Nanak, I came to the Lord's Door, |
| ਤਉ ਮੈ ਲਾਲਨੁ ਪਾਇਓ ਰੀ ॥੨॥ | and then, I found my Beloved. ‖2‖ |
| ਮੋਹਨ ਰੂਪੁ ਦਿਖਾਵੈ ॥ | The Enticing Lord has revealed His form to me, |
| ਅਬ ਮੋਹਿ ਨੀਦ ਸੁਹਾਵੈ ॥ | and now, sleep seems sweet to me. |
| ਸਭ ਮੇਰੀ ਤਿਖਾ ਬੁਝਾਨੀ ॥ | My thirst is totally quenched, |
| ਅਬ ਮੈ ਸਹਜਿ ਸਮਾਨੀ ॥ | and now, I am absorbed in celestial bliss. |
| ਮੀਠੀ ਪਿਰਹਿ ਕਹਾਨੀ ॥ | How sweet is the story of my Husband Lord. |
| ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥੧॥੧੨੮॥ | I have found my Beloved, Enticing Lord. ‖Second Pause‖1‖128‖ |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥ | My ego is gone; I have obtained the Blessed Vision of the Lord's Darshan. |
| ਰਾਚਹੁ ਨਾਥ ਹੀ ਸਹਾਈ ਸੰਤਨਾ ॥ | I am absorbed in my Lord and Master, the help and support of the Saints. |
| ਅਬ ਚਰਨ ਗਹੇ ॥੧॥ ਰਹਾਉ ॥ | Now, I hold tight to His Feet. ‖1‖Pause‖ |
| ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ ॥ | My mind longs for Him, and does not love any other. I am totally absorbed, in love with His Lotus Feet, like the bumble bee attached to the honey of the lotus flower. |
| ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ ॥੧॥ | I do not desire any other taste; I seek only the One Lord. ‖1‖ |

| | |
|---|---|
| ਅਨ ਤੇ ਟੂਟੀਐ ਰਿਖ ਤੇ ਛੂਟੀਐ ॥ | I have broken away from the others, and I have been released from the Messenger of Death. |
| ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥ | O mind, drink in the subtle essence of the Lord; join the Saadh Sangat, the Company of the Holy, and turn away from the world. |
| ਅਨ ਨਾਹੀ ਨਾਹੀ ਰੇ ॥ | There is no other, none other than the Lord. |
| ਨਾਨਕ ਪ੍ਰੀਤਿ ਚਰਨ ਚਰਨ ਹੇ ॥੨॥੨॥੧੨੯॥ | O Nanak, love the Feet, the Feet of the Lord. \|\|2\|\|2\|\|129\|\| |
| ਰਾਗੁ ਬਿਲਾਵਲੁ ਮਹਲਾ ੯ ਦੁਪਦੇ | Raag Bilaaval, Ninth Mehl, Du-Padas: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਦੁਖ ਹਰਤਾ ਹਰਿ ਨਾਮੁ ਪਛਾਨੋ ॥ | The Name of the Lord is the Dispeller of sorrow - realize this. |
| ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥ | Remembering Him in meditation, even Ajaamal the robber and Ganikaa the prostitute were liberated; let your soul know this. \|\|1\|\|Pause\|\| |
| ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥ | The elephant's fear was taken away in an instant, as soon as he chanted the Lord's Name. |
| ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥੧॥ | Listening to Naarad's teachings, the child Dhroo was absorbed in deep meditation. \|\|1\|\| |
| ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥ | He obtained the immovable, eternal state of fearlessness, and all the world was amazed. |
| ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥੨॥੧॥ | Says Nanak, the Lord is the Saving Grace and the Protector of His devotees; believe it - He is close to you. \|\|2\|\|1\|\| |
| ਬਿਲਾਵਲੁ ਮਹਲਾ ੯ ॥ | Bilaaval, Ninth Mehl: |
| ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ | Without the Name of the Lord, you shall only find pain. |
| ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥ | Without devotional worship, doubt is not dispelled; the Guru has revealed this secret. \|\|1\|\|Pause\|\| |
| ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥ | Of what use are sacred shrines of pilgrimage, if one does not enter the Sanctuary of the Lord? |

| ੮੩੧ | 831 |
|---|---|
| ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥ | Know that Yoga and sacrificial feasts are fruitless, if one forgets the Praises of God. \|\|1\|\| |
| ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ | One who lays aside both pride and attachment, sings the Glorious Praises of the Lord of the Universe. |
| ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥ | Says Nanak, the mortal who does this is said to be 'jivan mukta' - liberated while yet alive. \|\|2\|\|2\|\| |
| ਬਿਲਾਵਲੁ ਮਹਲਾ ੯ ॥ | Bilaaval, Ninth Mehl: |
| ਜਾ ਮੈ ਭਜਨੁ ਰਾਮ ਕੋ ਨਾਹੀ ॥ | There is no meditation on the Lord within him. |
| ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥ | That man wastes his life uselessly - keep this in mind. \|\|1\|\|Pause\|\| |
| ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥ | He bathes at sacred shrines of pilgrimage, and adheres to fasts, but he has no control over his mind. |
| ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥੧॥ | Know that such religion is useless to him. I speak the Truth for his sake. \|\|1\|\| |
| ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥ | It's like a stone, kept immersed in water; still, the water does not penetrate it. |
| ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥ | So, understand it: that mortal being who lacks devotional worship is just like that. \|\|2\|\| |
| ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥ | In this Dark Age of Kali Yuga, liberation comes from the Naam. The Guru has revealed this secret. |
| ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥ | Says Nanak, he alone is a great man, who sings the Praises of God. \|\|3\|\|3\|\| |
| ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦ | Bilaaval, Ashtapadees, First Mehl, Tenth House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਨਿਕਟਿ ਵਸੈ ਦੇਖੈ ਸਭੁ ਸੋਈ ॥ | He dwells close at hand, and sees all, |

| | |
|---|---|
| ਗੁਰਮੁਖਿ ਵਿਰਲਾ ਬੂਝੈ ਕੋਈ ॥ | but how rare is the Gurmukh who understands this. |
| ਵਿਣੁ ਭੈ ਪਇਐ ਭਗਤਿ ਨ ਹੋਈ ॥ | Without the Fear of God, there is no devotional worship. |
| ਸਬਦਿ ਰਤੇ ਸਦਾ ਸੁਖੁ ਹੋਈ ॥੧॥ | Imbued with the Word of the Shabad, eternal peace is attained. \|\|1\|\| |
| ਐਸਾ ਗਿਆਨੁ ਪਦਾਰਥੁ ਨਾਮੁ ॥ | Such is the spiritual wisdom, the treasure of the Naam; |
| ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ | obtaining it, the Gurmukhs enjoy the subtle essence of this nectar. \|\|1\|\|Pause\|\| |
| ਗਿਆਨੁ ਗਿਆਨੁ ਕਥੈ ਸਭੁ ਕੋਈ ॥ | Everyone talks about spiritual wisdom and spiritual knowledge. |
| ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ | Talking, talking, they argue, and suffer. |
| ਕਥਿ ਕਹਣੈ ਤੇ ਰਹੈ ਨ ਕੋਈ ॥ | No one can stop talking and discussing it. |
| ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ | Without being imbued with the subtle essence, there is no liberation. \|\|2\|\| |
| ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ | Spiritual wisdom and meditation all come from the Guru. |
| ਸਾਚੀ ਰਹਤ ਸਾਚਾ ਮਨਿ ਸੋਈ ॥ | Through the lifestyle of Truth, the True Lord comes to dwell in the mind. |
| ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ | The self-willed manmukh talks about it, but does not practice it. |
| ਨਾਵਹੁ ਭੂਲੇ ਥਾਉ ਨ ਕੋਈ ॥੩॥ | Forgetting the Name, he finds no place of rest. \|\|3\|\| |
| ਮਨੁ ਮਾਇਆ ਬੰਧਿਓ ਸਰ ਜਾਲਿ ॥ | Maya has caught the mind in the trap of the whirlpool. |
| ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ | Each and every heart is trapped by this bait of poison and sin. |
| ਜੋ ਆਂਜੈ ਸੋ ਦੀਸੈ ਕਾਲਿ ॥ | See that whoever has come, is subject to death. |
| ਕਾਰਜੁ ਸੀਧੋ ਰਿਦੈ ਸਮ੍ਾਲਿ ॥੪॥ | Your affairs shall be adjusted, if you contemplate the Lord in your heart. \|\|4\|\| |
| ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ | He alone is a spiritual teacher, who lovingly focuses his consciousness on the Word of the Shabad. |
| ਮਨਮੁਖਿ ਹਉਮੈ ਪਤਿ ਗਵਾਈ ॥ | The self-willed, egotistical manmukh loses his honor. |
| ਆਪੇ ਕਰਤੈ ਭਗਤਿ ਕਰਾਈ ॥ | The Creator Lord Himself inspires us to His devotional worship. |

| | |
|---|---|
| ਗੁਰਮੁਖਿ ਆਪੇ ਦੇ ਵਡਿਆਈ ॥੫॥ | He Himself blesses the Gurmukh with glorious greatness. ‖5‖ |
| ਰੈਣਿ ਅੰਧਾਰੀ ਨਿਰਮਲ ਜੋਤਿ ॥ | The life-night is dark, while the Divine Light is immaculate. |
| ਨਾਮ ਬਿਨਾ ਝੂਠੇ ਕੁਚਲ ਕਛੋਤਿ ॥ | Those who lack the Naam, the Name of the Lord, are false, filthy and untouchable. |
| ਬੇਦੁ ਪੁਕਾਰੈ ਭਗਤਿ ਸਰੋਤਿ ॥ | The Vedas preach sermons of devotional worship. |
| ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ | Listening, hearing and believing, one beholds the Divine Light. ‖6‖ |
| ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ | The Shaastras and Simritees implant the Naam within. |
| ਗੁਰਮੁਖਿ ਸਾਂਤਿ ਊਤਮ ਕਰਾਮੰ ॥ | The Gurmukh lives in peace and tranquility, doing deeds of sublime purity. |
| ਮਨਮੁਖਿ ਜੋਨੀ ਦੂਖ ਸਹਾਮੰ ॥ | The self-willed manmukh suffers the pains of reincarnation. |
| ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ | His bonds are broken, enshrining the Name of the One Lord. ‖7‖ |
| ਮੰਨੇ ਨਾਮੁ ਸਚੀ ਪਤਿ ਪੂਜਾ ॥ | Believing in the Naam, one obtains true honor and adoration. |
| ਕਿਸੁ ਵੇਖਾ ਨਾਹੀ ਕੋ ਦੂਜਾ ॥ | Who should I see? There is none other than the Lord. |
| ਦੇਖਿ ਕਹਉ ਭਾਵੈ ਮਨਿ ਸੋਇ ॥ | I see, and I say, that He alone is pleasing to my mind. |
| ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥ | Says Nanak, there is no other at all. ‖8‖1‖ |

## ੮੩੨ — 832

| | |
|---|---|
| ਬਿਲਾਵਲੁ ਮਹਲਾ ੧ ॥ | Bilaaval, First Mehl: |
| ਮਨ ਕਾ ਕਹਿਆ ਮਨਸਾ ਕਰੈ ॥ | The human acts according to the wishes of the mind. |
| ਇਹੁ ਮਨੁ ਪੁੰਨੁ ਪਾਪੁ ਉਚਰੈ ॥ | This mind feeds on virtue and vice. |
| ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ | Intoxicated with the wine of Maya, satisfaction never comes. |
| ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ | Satisfaction and liberation come, only to one whose mind is pleasing to the True Lord. ‖1‖ |
| ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ | Gazing upon his body, wealth, wife and all his possessions, he is proud. |
| ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥ | But without the Name of the Lord, nothing shall go along with him. ‖1‖Pause‖ |

| | |
|---|---|
| ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ | He enjoys tastes, pleasures and joys in his mind. |
| ਧਨੁ ਲੋਕਾਂ ਤਨੁ ਭਸਮੈ ਢੇਰੀ ॥ | But his wealth will pass on to other people, and his body will be reduced to ashes. |
| ਖਾਕੂ ਖਾਕੁ ਰਲੈ ਸਭੁ ਫੈਲੁ ॥ | The entire expanse, like dust, shall mix with dust. |
| ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ | Without the Word of the Shabad, his filth is not removed. \|\|2\|\| |
| ਗੀਤ ਰਾਗ ਘਨ ਤਾਲ ਸਿ ਕੂਰੇ ॥ | The various songs, tunes and rhythms are false. |
| ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ | Trapped by the three qualities, people come and go, far from the Lord. |
| ਦੂਜੀ ਦੁਰਮਤਿ ਦਰਦੁ ਨ ਜਾਇ ॥ | In duality, the pain of their evil-mindedness does not leave them. |
| ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ | But the Gurmukh is emancipated by taking the medicine, and singing the Glorious Praises of the Lord. \|\|3\|\| |
| ਧੋਤੀ ਊਜਲ ਤਿਲਕੁ ਗਲਿ ਮਾਲਾ ॥ | He may wear a clean loin-cloth, apply the ceremonial mark to his forehead, and wear a mala around his neck; |
| ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ | but if there is anger within him, he is merely reading his part, like an actor in a play. |
| ਨਾਮੁ ਵਿਸਾਰਿ ਮਾਇਆ ਮਦੁ ਪੀਆ ॥ | Forgetting the Naam, the Name of the Lord, he drinks in the wine of Maya. |
| ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ | Without devotional worship to the Guru, there is no peace. \|\|4\|\| |
| ਸੂਕਰ ਸੁਆਨ ਗਰਧਭ ਮੰਜਾਰਾ ॥ | The human is a pig, a dog, a donkey, a cat, |
| ਪਸੂ ਮਲੇਛ ਨੀਚ ਚੰਡਾਲਾ ॥ | a beast, a filthy, lowly wretch, an outcast, |
| ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥ | if he turns his face away from the Guru. He shall wander in reincarnation. |
| ਬੰਧਨਿ ਬਾਧਿਆ ਆਈਐ ਜਾਈਐ ॥੫॥ | Bound in bondage, he comes and goes. \|\|5\|\| |
| ਗੁਰ ਸੇਵਾ ਤੇ ਲਹੈ ਪਦਾਰਥੁ ॥ | Serving the Guru, the treasure is found. |
| ਹਿਰਦੈ ਨਾਮੁ ਸਦਾ ਕਿਰਤਾਰਥੁ ॥ | With the Naam in the heart, one always prospers. |
| ਸਾਚੀ ਦਰਗਹ ਪੂਛ ਨ ਹੋਇ ॥ | And in the Court of the True Lord, you shall not be called to account. |

| | |
|---|---|
| ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ | One who obeys the Hukam of the Lord's Command, is approved at the Lord's Door. \|\|6\|\| |
| ਸਤਿਗੁਰ ਮਿਲੈ ਤ ਤਿਸ ਕਉ ਜਾਣੈ ॥ | Meeting the True Guru, one knows the Lord. |
| ਰਹੈ ਰਜਾਈ ਹੁਕਮੁ ਪਛਾਣੈ ॥ | Understanding the Hukam of His Command, one acts according to His Will. |
| ਹੁਕਮੁ ਪਛਾਣਿ ਸਚੈ ਦਰਿ ਵਾਸੁ ॥ | Understanding the Hukam of His Command, he dwells in the Court of the True Lord. |
| ਕਾਲ ਬਿਕਾਲ ਸਬਦਿ ਭਏ ਨਾਸੁ ॥੭॥ | Through the Shabad, death and birth are ended. \|\|7\|\| |
| ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ | He remains detached, knowing that everything belongs to God. |
| ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ | He dedicates his body and mind unto the One who owns them. |
| ਨਾ ਓਹੁ ਆਵੈ ਨਾ ਓਹੁ ਜਾਇ ॥ | He does not come, and he does not go. |
| ਨਾਨਕ ਸਾਚੇ ਸਾਚਿ ਸਮਾਇ ॥੮॥੨॥ | O Nanak, absorbed in Truth, he merges in the True Lord. \|\|8\|\|2\|\| |
| ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦ | Bilaaval, Third Mehl, Ashtapadees, Tenth House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਜਗੁ ਕਊਆ ਮੁਖਿ ਚੁੰਚ ਗਿਆਨੁ ॥ | The world is like a crow; with its beak, it croaks spiritual wisdom. |
| ਅੰਤਰਿ ਲੋਭੁ ਝੂਠੁ ਅਭਿਮਾਨੁ ॥ | But deep within there is greed, falsehood and pride. |
| ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ | Without the Name of the Lord, your thin outer covering shall wear off, you fool. \|\|1\|\| |
| ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥ | Serving the True Guru, the Naam shall dwell in your conscious mind. |
| ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥ | Meeting with the Guru, the Name of the Lord comes to mind. Without the Name, other loves are false. \|\|1\|\|Pause\|\| |
| ਗੁਰਿ ਕਹਿਆ ਸਾ ਕਾਰ ਕਮਾਵਹੁ ॥ | So do that work, which the Guru tells you to do. |
| ਸਬਦੁ ਚੀਨਿ੍ ਸਹਜ ਘਰਿ ਆਵਹੁ ॥ | Contemplating the Word of the Shabad, you shall come to the home of celestial bliss. |

| | |
|---|---|
| ਸਾਚੈ ਨਾਇ ਵਡਾਈ ਪਾਵਹੁ ॥੨॥ | Through the True Name, you shall obtain glorious greatness. \|\|2\|\| |
| ਆਪਿ ਨ ਬੂਝੈ ਲੋਕ ਬੁਝਾਵੈ ॥ | One who does not understand his own self, but still tries to instruct others, |
| ਮਨ ਕਾ ਅੰਧਾ ਅੰਧੁ ਕਮਾਵੈ ॥ | is mentally blind, and acts in blindness. |
| ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ | How can he ever find a home and a place of rest, in the Mansion of the Lord's Presence? \|\|3\|\| |
| ਹਰਿ ਜੀਉ ਸੇਵੀਐ ਅੰਤਰਜਾਮੀ ॥ | Serve the Dear Lord, the Inner-knower, the Searcher of hearts; |
| ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥ | deep within each and every heart, His Light is shining forth. |
| ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥ | How can anyone hide anything from Him? \|\|4\|\| |
| **੮੩੩** | 833 |
| ਸਾਚਾ ਨਾਮੁ ਸਾਚੈ ਸਬਦਿ ਜਾਨੈ ॥ | The True Name is known through the True Word of the Shabad. |
| ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ | The Lord Himself meets that one who eradicates egotistical pride. |
| ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥ | The Gurmukh chants the Naam, forever and ever. \|\|5\|\| |
| ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ | Serving the True Guru, duality and evil-mindedness are taken away. |
| ਅਉਗਣ ਕਾਟਿ ਪਾਪਾ ਮਤਿ ਖਾਈ ॥ | Guilty mistakes are erased, and the sinful intellect is cleansed. |
| ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ | One's body sparkles like gold, and one's light merges into the Light. \|\|6\|\| |
| ਸਤਿਗੁਰਿ ਮਿਲਿਐ ਵਡੀ ਵਡਿਆਈ ॥ | Meeting with the True Guru, one is blessed with glorious greatness. |
| ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ | Pain is taken away, and the Naam comes to dwell within the heart. |
| ਨਾਮਿ ਰਤੇ ਸਦਾ ਸੁਖੁ ਪਾਈ ॥੭॥ | Imbued with the Naam, one finds eternal peace. \|\|7\|\| |

| | |
|---|---|
| ਗੁਰਮਤਿ ਮਾਨਿਆ ਕਰਣੀ ਸਾਰੁ ॥ | Obeying the Guru's instructions, one's actions are purified. |
| ਗੁਰਮਤਿ ਮਾਨਿਆ ਮੋਖ ਦੁਆਰੁ ॥ | Obeying the Guru's Instructions, one finds the state of salvation. |
| ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥ | O Nanak, those who follow the Guru's Teachings are saved, along with their families. \|\|8\|\|1\|\|3\|\| |
| ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧ | Bilaaval, Fourth Mehl, Ashtapadees, Eleventh House: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥ | One who eliminates his self-centeredness, and eradicates his ego, night and day sings the songs of the Lord's Love. |
| ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥੧॥ | The Gurmukh is inspired, his body is golden, and his light merges into the Light of the Fearless Lord. \|\|1\|\| |
| ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥ | I take the Support of the Name of the Lord, Har, Har. |
| ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ ਰਹਾਉ ॥ | I cannot live, for a moment, even for an instant, without the Name of the Lord; the Gurmukh reads the Sermon of the Lord, Har, Har. \|\|1\|\|Pause\|\| |
| ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥ | In the one house of the body, there are ten gates; night and day, the five thieves break in. |
| ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥ | They steal the entire wealth of one's Dharmic faith, but the blind, self-willed manmukh does not know it. \|\|2\|\| |
| ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥ | The fortress of the body is overflowing with gold and jewels; when it is awakened by spiritual wisdom, one enshrines love for the essence of reality. |
| ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥ | The thieves and robbers hide out in the body; through the Word of the Guru's Shabad, they are arrested and locked up. \|\|3\|\| |

| | |
|---|---|
| ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥ | The Name of the Lord, Har, Har, is the boat, and the Word of the Guru's Shabad is the boatman, to carry us across. |
| ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥ | The Messenger of Death, the tax collector, does not even come close, and no thieves or robbers can plunder you. \|\|4\|\| |
| ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥ | I continuously sing the Glorious Praises of the Lord, day and night; singing the Lord's Praises, I cannot find His limits. |
| ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ ॥੫॥ | The mind of the Gurmukh returns to its own home; it meets the Lord of the Universe, to the beat of the celestial drum. \|\|5\|\| |
| ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥ | Gazing upon the Blessed Vision of His Darshan with my eyes, my mind is satisfied; with my ears, I listen to the Guru's Bani, and the Word of His Shabad. |
| ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥ | Listening, listening, my soul is softened, delighted by His subtle essence, chanting the Name of the Lord of the Universe. \|\|6\|\| |
| ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥ | In the grip of the three qualities, they are engrossed in love and attachment to Maya; only as Gurmukh do they find the absolute quality, absorption in bliss. |
| ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥ | With a single, impartial eye, look upon all alike, and see God pervading all. \|\|7\|\| |
| ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥ | The Light of the Lord's Name permeates all; the Gurmukh knows the unknowable. |
| ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥ | O Nanak, the Lord has become merciful to the meek; through loving adoration, he merges in the Lord's Name. \|\|8\|\|1\|\|4\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ | Meditate on the cool water of the Name of the Lord, Har, Har. Perfume yourself with the fragrant scent of the Lord, the sandalwood tree. |

| ੮੩੪ | 834 |
|---|---|
| ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥ | Joining the Society of the Saints, I have obtained the supreme status. I am just a castor-oil tree, made fragrant by their association. ‖1‖ |
| ਜਪਿ ਜਗੰਨਾਥ ਜਗਦੀਸ ਗੁਸਈਆ ॥ | Meditate on the Lord of the Universe, the Master of the world, the Lord of creation. |
| ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥੧॥ ਰਹਾਉ ॥ | Those humble beings who seek the Lord's Sanctuary are saved, like Prahlaad; they are emancipated and merge with the Lord. ‖1‖Pause‖ |
| ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ | Of all plants, the sandalwood tree is the most sublime. Everything near the sandalwood tree becomes fragrant like sandalwood. |
| ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥ | The stubborn, false faithless cynics are dried up; their egotistical pride separates them far from the Lord. ‖2‖ |
| ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥ | Only the Creator Lord Himself knows the state and condition of everyone; the Lord Himself makes all the arrangements. |
| ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥ | One who meets the True Guru is transformed into gold. Whatever is pre-ordained, is not erased by erasing. ‖3‖ |
| ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥ | The treasure of jewels is found in the ocean of the Guru's Teachings. The treasure of devotional worship is opened to me. |
| ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥ | Focused on the Guru's Feet, faith wells up within me; chanting the Glorious Praises of the Lord, I hunger for more. ‖4‖ |
| ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ | I am totally detached, continually, continuously meditating on the Lord; chanting the Glorious Praises of the Lord, I express my love for Him. |
| ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥ | Time and time again, each and every moment and instant, I express it. I cannot find the Lord's limits; He is the farthest of the far. ‖5‖ |

| | |
|---|---|
| ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ | The Shaastras, the Vedas and the Puraanas advise righteous actions, and the performance of the six religious rituals. |
| ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥ | The hypocritical, self-willed manmukhs are ruined by doubt; in the waves of greed, their boat is heavily loaded, and it sinks. \|\|6\|\| |
| ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ | So chant the Naam, the Name of the Lord, and through the Naam, find emancipation. The Simritees and Shaastras recommend the Naam. |
| ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥ | Eradicating egotism, one becomes pure. The Gurmukh is inspired, and obtains the supreme status. \|\|7\|\| |
| ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ | This world, with its colors and forms, is all Yours, O Lord; as You attach us, so do we do our deeds. |
| ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥੨॥੫॥ | O Nanak, we are the instruments upon which He plays; as He wills, so is the path we take. \|\|8\|\|2\|\|5\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥ | The Gurmukh meditates on the Inaccessible, Unfathomable Lord. I am a sacrifice, a sacrifice to the True Guru, the True Primal Being. |
| ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥ | He has brought the Lord’s Name to dwell upon my breath of life; meeting with the True Guru, I am absorbed into the Lord’s Name. \|\|1\|\| |
| ਜਨ ਕੀ ਟੇਕ ਹਰਿ ਨਾਮੁ ਟਿਕਈਆ ॥ | The Name of the Lord is the only Support of His humble servants. |
| ਸਤਿਗੁਰ ਕੀ ਧਰ ਲਾਗਾ ਜਾਵਾ ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ ਰਹਾਉ ॥ | I shall live under the protection of the True Guru. By Guru’s Grace, I shall attain the Court of the Lord. \|\|1\|\|Pause\|\| |
| ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥ | This body is the field of karma; the Gurmukhs plow and work it, and harvest the essence. |

| | |
|---|---|
| ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥ | The priceless jewel of the Naam becomes manifest, and it pours into their vessels of love. \|\|2\|\| |
| ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥ | Become the slave of the slave of the slave, of that humble being who has become the devotee of the Lord. |
| ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥ | I dedicate my mind and intellect, and place them in offering before my Guru; by Guru's Grace, I speak the Unspoken. \|\|3\|\| |
| ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥ | The self-willed manmukhs are engrossed in attachment to Maya; their minds are thirsty, burning with desire. |
| ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥ | Following the Guru's Teachings, I have obtained the Ambrosial Water of the Naam, and the fire has been put out. The Word of the Guru's Shabad has put it out. \|\|4\|\| |
| ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥ | This mind dances before the True Guru. The unstruck sound current of the Shabad resounds, vibrating the celestial melody. |

## ੮੩੫ 835

| | |
|---|---|
| ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥ | I praise the Lord, day and night, moving my feet to the beat of the drum. \|\|5\|\| |
| ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥ | Imbued with the Lord's Love, my mind sings His Praise, joyfully chanting the Shabad, the source of nectar and bliss. |
| ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥ | The stream of immaculate purity flows through the home of the self within; one who drinks it in, finds peace. \|\|6\|\| |
| ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥ | The stubborn-minded, egotistical, proud-minded person performs rituals, but these are like sand castles built by children. |
| ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥ | When the waves of the ocean come in, they crumble and dissolve in an instant. \|\|7\|\| |

ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥

The Lord is the pool, and the Lord Himself is the ocean; this world is all a play which He has staged.

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥੩॥੬॥

As the waves of water merge into the water again, O Nanak, so does He merge into Himself. ||8||3||6||

ਬਿਲਾਵਲੁ ਮਹਲਾ ੪ ॥

Bilaaval, Fourth Mehl:

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥

My mind wears the ear-rings of the True Guru's acquaintance; I apply the ashes of the Word of the Guru's Shabad to my body.

ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ ॥੧॥

My body has become immortal, in the Saadh Sangat, the Company of the Holy. Both birth and death have come to an end for me. ||1||

ਮੇਰੇ ਮਨ ਸਾਧਸੰਗਤਿ ਮਿਲਿ ਰਹੀਆ ॥

O my mind, remain united with the Saadh Sangat.

ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥੧॥ ਰਹਾਉ ॥

Be merciful to me, O Lord; each and every instant, let me wash the Feet of the Holy. ||1||Pause||

ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥

Forsaking family life, he wanders in the forest, but his mind does not remain at rest, even for an instant.

ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥੨॥

The wandering mind returns home, only when it seeks the Sanctuary of the Lord's Holy people. ||2||

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥

The Sannyaasi renounces his daughters and sons, but his mind still conjures up all sorts of hopes and desires.

ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥

With these hopes and desires, he still does not understand, that only through the Word of the Guru's Shabad does one become free of desires, and find peace. ||3||

ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥

When detachment from the world wells up within, he become a naked hermit, but still, his mind roams, wanders and rambles in the ten directions.

| | |
|---|---|
| ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥ | He wanders around, but his desires are not satisfied; joining the Saadh Sangat, the Company of the Holy, he finds the house of kindness and compassion. \|\|4\|\| |
| ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥ | The Siddhas learn many Yogic postures, but their minds still yearn for riches, miraculous powers and energy. |
| ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥ | Satisfaction, contentment and tranquility do not come to their minds; but meeting the Holy Saints, they are satisfied, and through the Name of the Lord, spiritual perfection is attained. \|\|5\|\| |
| ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥ | Life is born from the egg, from the womb, from sweat and from the earth; God created the beings and creatures of all colors and forms. |
| ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥ | One who seeks the Sanctuary of the Holy is saved, whether he is a Kh'shaatriya, a Brahmin, a Soodra, a Vaishya or the most untouchable of the untouchables. \|\|6\|\| |
| ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥ | Naam Dayv, Jai Dayv, Kabeer, Trilochan and Ravi Daas the low-caste leather-worker, |
| ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥੭॥ | blessed Dhanna and Sain; all those who joined the humble Saadh Sangat, met the Merciful Lord. \|\|7\|\| |
| ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ ॥ | The Lord protects the honor of His humble servants; He is the Lover of His devotees - He makes them His own. |
| ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥ | Nanak has entered the Sanctuary of the Lord, the Life of the world, who has showered His Mercy upon him, and saved him. \|\|8\|\|\|\|4\|\|7\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ | The thirst for God has welled up deep within me; hearing the Word of the Guru's Teachings, my mind is pierced by His arrow. |

| ੮੩੬ | 836 |
|---|---|
| ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ | The pain of my mind is known only to my own mind; who can know the pain of another? ‖1‖ |
| ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ | The Lord, the Guru, the Enticer, has enticed my mind. |
| ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ ॥ | I am stunned and amazed, gazing upon my Guru; I have entered the realm of wonder and bliss. ‖1‖Pause‖ |
| ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ | I wander around, exploring all lands and foreign countries; within my mind, I have such a great longing to see my God. |
| ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥ | I sacrifice my mind and body to the Guru, who has shown me the Way, the Path to my Lord God. ‖2‖ |
| ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ | If only someone would bring me news of God; He seems so sweet to my heart, mind and body. |
| ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥ | I would cut off my head and place it under the feet of that one who leads me to meet and unite with my Lord God. ‖3‖ |
| ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ | Let us go, O my companions, and understand our God; with the spell of virtue, let us obtain our Lord God. |
| ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥ | He is called the Lover of His devotees; let us follow in the footsteps of those who seek God's Sanctuary. ‖4‖ |
| ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ | If the soul-bride adorns herself with compassion and forgiveness, God is pleased, and her mind is illumined with the lamp of the Guru's wisdom. |
| ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥ | With happiness and ecstasy, my God enjoys her; I offer each and every bit of my soul to Him. ‖5‖ |

| | |
|---|---|
| ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ | I have made the Name of the Lord, Har, Har, my necklace; my mind tinged with devotion is the intricate ornament of crowning glory. |
| ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ | I have spread out my bed of faith in the Lord, Har, Har. I cannot abandon Him - my mind is filled with such a great love for Him. \|\|6\|\| |
| ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ | If God says one thing, and the soul-bride does something else, then all her decorations are useless and false. |
| ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ | She may adorn herself to meet her Husband Lord, but still, only the virtuous soul-bride meets God, and the other's face is spat upon. \|\|7\|\| |
| ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ | I am Your hand-maiden, O Inaccessible Lord of the Universe; what can I do by myself? I am under Your power. |
| ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥ | Be merciful, Lord, to the meek, and save them; Nanak has entered the Sanctuary of the Lord, and the Guru. \|\|8\|\|5\|\|8\|\| |
| ਬਿਲਾਵਲੁ ਮਹਲਾ ੪ ॥ | Bilaaval, Fourth Mehl: |
| ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥ | My mind and body are filled with love for my Inaccessible Lord and Master. Each and every instant, I am filled with immense faith and devotion. |
| ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥੧॥ | Gazing upon the Guru, my mind's faith is fulfilled, like the song-bird, which cries and cries, until the rain-drop falls into its mouth. \|\|1\|\| |
| ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥ | Join with me, join with me, O my companions, and teach me the Sermon of the Lord. |
| ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥੧॥ ਰਹਾਉ ॥ | The True Guru has mercifully united me with God. Cutting off my head, and chopping it into pieces, I offer it to Him. \|\|1\|\|Pause\|\| |
| ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ | Each and every hair on my head, and my mind and body, suffer the pains of separation; without seeing my God, I cannot sleep. |

| | |
|---|---|
| ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੨॥ | The doctors and healers look at me, and are perplexed. Within my heart, mind and body, I feel the pain of divine love. \|\|2\|\| |
| ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥ | I cannot live for a moment, for even an instant, without my Beloved, like the opium addict who cannot live without opium. |
| ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥ | Those who thirst for God, do not love any other. Without the Lord, there is no other at all. \|\|3\|\| |
| ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥ | If only someone would come and unite me with God; I am devoted, dedicated, a sacrifice to him. |
| ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥੪॥ | After being separated from the Lord for countless incarnations, I am re-united with Him, entering the Sanctuary of the True, True, True Guru. \|\|4\|\| |
| **੮੩੭** | **837** |
| ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥ | There is one bed for the soul-bride, and the same bed for God, her Lord and Master. The self-willed manmukh does not obtain the Mansion of the Lord's Presence; she wanders around, in limbo. |
| ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥ | Uttering, "Guru, Guru", she seeks His Sanctuary; so God comes to meet her, without a moment's delay. \|\|5\|\| |
| ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥ | One may perform many rituals, but the mind is filled with hypocrisy, evil deeds and greed. |
| ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥ | When a son is born in the house of a prostitute, who can tell the name of his father? \|\|6\|\| |
| ਪੂਰਬ ਜਨਮਿ ਭਗਤਿ ਕਰਿ ਆਏ ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥ | Because of devotional worship in my past incarnations, I have been born into this life. The Guru has inspired me to worship the Lord, Har, Har, Har, Har. |

| | |
|---|---|
| ਭਗਤਿ ਭਗਤਿ ਕਰਤੇ ਹਰਿ ਪਾਇਆ ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥੭॥ | Worshipping, worshipping Him with devotion, I found the Lord, and then I merged into the Name of the Lord, Har, Har, Har, Har. ‖7‖ |
| ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ ॥ | God Himself came and ground the henna leaves into powder, and applied it to my body. |
| ਜਿਨ ਕਉ ਠਾਕੁਰਿ ਕਿਰਪਾ ਧਾਰੀ ਬਾਹ ਪਕਰਿ ਨਾਨਕ ਕਢਿ ਲਈਆ ॥੮॥੬॥੨॥੧॥੬॥੯॥ | Our Lord and Master showers His Mercy upon us, and grasps hold of our arms; O Nanak, He lifts us up and saves us. ‖8‖6‖9‖2‖1‖6‖9‖ |
| ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨ | Raag Bilaaval, Fifth Mehl, Ashtapadees, Twelfth House: |
| ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥ | I cannot express the Praises of my God; I cannot express His Praises. |
| ਤਜਿ ਆਨ ਸਰਣਿ ਗਹੀ ॥੧॥ ਰਹਾਉ ॥ | I have abandoned all others, seeking His Sanctuary. ‖1‖Pause‖ |
| ਪ੍ਰਭ ਚਰਨ ਕਮਲ ਅਪਾਰ ॥ | God's Lotus Feet are Infinite. |
| ਹਉ ਜਾਉ ਸਦ ਬਲਿਹਾਰ ॥ | I am forever a sacrifice to Them. |
| ਮਨਿ ਪ੍ਰੀਤਿ ਲਾਗੀ ਤਾਹਿ ॥ | My mind is in love with Them. |
| ਤਜਿ ਆਨ ਕਤਹਿ ਨ ਜਾਹਿ ॥੧॥ | If I were to abandon Them, there is nowhere else I could go. ‖1‖ |
| ਹਰਿ ਨਾਮ ਰਸਨਾ ਕਹਨ ॥ | I chant the Lord's Name with my tongue. |
| ਮਲ ਪਾਪ ਕਲਮਲ ਦਹਨ ॥ | The filth of my sins and evil mistakes is burnt off. |
| ਚੜਿ ਨਾਵ ਸੰਤ ਉਧਾਰਿ ॥ | Climbing aboard the Boat of the Saints, I am emancipated. |
| ਭੈ ਤਰੇ ਸਾਗਰ ਪਾਰਿ ॥੨॥ | I have been carried across the terrifying world-ocean. ‖2‖ |
| ਮਨਿ ਡੋਰਿ ਪ੍ਰੇਮ ਪਰੀਤਿ ॥ | My mind is tied to the Lord with the string of love and devotion. |
| ਇਹ ਸੰਤ ਨਿਰਮਲ ਰੀਤਿ ॥ | This is the Immaculate Way of the Saints. |
| ਤਜਿ ਗਏ ਪਾਪ ਬਿਕਾਰ ॥ | They forsake sin and corruption. |
| ਹਰਿ ਮਿਲੇ ਪ੍ਰਭ ਨਿਰੰਕਾਰ ॥੩॥ | They meet the Formless Lord God. ‖3‖ |

| | |
|---|---|
| ਪ੍ਰਭ ਪੇਖੀਐ ਬਿਸਮਾਦ ॥ | Gazing upon God, I am wonderstruck. |
| ਚਖਿ ਅਨਦ ਪੂਰਨ ਸਾਦ ॥ | I taste the Perfect Flavor of Bliss. |
| ਨਹ ਡੋਲੀਐ ਇਤ ਊਤ ॥ | I do not waver or wander here or there. |
| ਪ੍ਰਭ ਬਸੇ ਹਰਿ ਹਰਿ ਚੀਤ ॥੪॥ | The Lord God, Har, Har, dwells within my consciousness. \|\|4\|\| |
| ਤਿਨ੍ ਨਾਹਿ ਨਰਕ ਨਿਵਾਸੁ ॥ ਨਿਤ ਸਿਮਰਿ ਪ੍ਰਭ ਗੁਣਤਾਸੁ ॥ | Those who constantly remember God, the treasure of virtue, will never go to hell. |
| ਤੇ ਜਮੁ ਨ ਪੇਖਹਿ ਨੈਨ ॥ ਸੁਨਿ ਮੋਹੇ ਅਨਹਤ ਬੈਨ ॥੫॥ | Those who listen, fascinated, to the Unstruck Sound-Current of the Word, will never have to see the Messenger of Death with their eyes. \|\|5\|\| |
| ਹਰਿ ਸਰਣਿ ਸੂਰ ਗੁਪਾਲ ॥ | I seek the Sanctuary of the Lord, the Heroic Lord of the World. |
| ਪ੍ਰਭ ਭਗਤ ਵਸਿ ਦਇਆਲ ॥ | The Merciful Lord God is under the power of His devotees. |
| ਹਰਿ ਨਿਗਮ ਲਹਹਿ ਨ ਭੇਵ ॥ | The Vedas do not know the Mystery of the Lord. |
| ਨਿਤ ਕਰਹਿ ਮੁਨਿ ਜਨ ਸੇਵ ॥੬॥ | The silent sages constantly serve Him. \|\|6\|\| |
| ਦੁਖ ਦੀਨ ਦਰਦ ਨਿਵਾਰ ॥ | He is the Destroyer of the pains and sorrows of the poor. |
| ਜਾ ਕੀ ਮਹਾ ਬਿਖੜੀ ਕਾਰ ॥ | It is so very difficult to serve Him. |
| ਤਾ ਕੀ ਮਿਤਿ ਨ ਜਾਨੈ ਕੋਇ ॥ | No one knows His limits. |
| ਜਲਿ ਥਲਿ ਮਹੀਅਲਿ ਸੋਇ ॥੭॥ | He is pervading the water, the land and the sky. \|\|7\|\| |
| ਕਰਿ ਬੰਦਨਾ ਲਖ ਬਾਰ ॥ | Hundreds of thousands of times, I humbly bow to Him. |
| ਥਕਿ ਪਰਿਓ ਪ੍ਰਭ ਦਰਬਾਰ ॥ | I have grown weary, and I have collapsed at God's Door. |
| ਪ੍ਰਭ ਕਰਹੁ ਸਾਧੂ ਧੂਰਿ ॥ | O God, make me the dust of the feet of the Holy. |
| ਨਾਨਕ ਮਨਸਾ ਪੂਰਿ ॥੮॥੧॥ | Please fulfill this, Nanak's wish. \|\|8\|\|1\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਪ੍ਰਭ ਜਨਮ ਮਰਨ ਨਿਵਾਰਿ ॥ | God, please release me from birth and death. |
| ਹਾਰਿ ਪਰਿਓ ਦੁਆਰਿ ॥ | I have grown weary, and collapsed at Your door. |
| ਗਹਿ ਚਰਨ ਸਾਧੂ ਸੰਗ ॥ | I grasp Your Feet, in the Saadh Sangat, the Company of the Holy. |
| ਮਨ ਮਿਸਟ ਹਰਿ ਹਰਿ ਰੰਗ ॥ | The Love of the Lord, Har, Har, is sweet to my mind. |

| ੮੩੮ | 838 |
|---|---|
| ਕਰਿ ਦਇਆ ਲੇਹੁ ਲੜਿ ਲਾਇ ॥ | Be Merciful, and attach me to the hem of Your robe. |
| ਨਾਨਕਾ ਨਾਮੁ ਧਿਆਇ ॥੧॥ | Nanak meditates on the Naam, the Name of the Lord. \|\|1\|\| |
| ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥ | O Merciful Master of the meek, You are my Lord and Master, O Merciful Master of the meek. |
| ਜਾਚਉ ਸੰਤ ਰਵਾਲ ॥੧॥ ਰਹਾਉ ॥ | I yearn for the dust of the feet of the Saints. \|\|1\|\|Pause\|\| |
| ਸੰਸਾਰੁ ਬਿਖਿਆ ਕੂਪ ॥ | The world is a pit of poison, |
| ਤਮ ਅਗਿਆਨ ਮੋਹਤ ਘੂਪ ॥ | filled with the utter darkness of ignorance and emotional attachment. |
| ਗਹਿ ਭੁਜਾ ਪ੍ਰਭ ਜੀ ਲੇਹੁ ॥ | Please take my hand, and save me, Dear God. |
| ਹਰਿ ਨਾਮੁ ਅਪੁਨਾ ਦੇਹੁ ॥ | Please bless me with Your Name, Lord. |
| ਪ੍ਰਭ ਤੁਝ ਬਿਨਾ ਨਹੀ ਠਾਉ ॥ | Without You, God, I have no place at all. |
| ਨਾਨਕਾ ਬਲਿ ਬਲਿ ਜਾਉ ॥੨॥ | Nanak is a sacrifice, a sacrifice to You. \|\|2\|\| |
| ਲੋਭਿ ਮੋਹਿ ਬਾਧੀ ਦੇਹ ॥ | The human body is in the grip of greed and attachment. |
| ਬਿਨੁ ਭਜਨ ਹੋਵਤ ਖੇਹ ॥ | Without meditating and vibrating upon the Lord, it is reduced to ashes. |
| ਜਮਦੂਤ ਮਹਾ ਭਇਆਨ ॥ | The Messenger of Death is dreadful and horrible. |
| ਚਿਤ ਗੁਪਤ ਕਰਮਹਿ ਜਾਨ ॥ | The recording scribes of the conscious and the unconscious, Chitr and Gupt, know all actions and karma. |
| ਦਿਨੁ ਰੈਨਿ ਸਾਖਿ ਸੁਨਾਇ ॥ | Day and night, they bear witness. |
| ਨਾਨਕਾ ਹਰਿ ਸਰਨਾਇ ॥੩॥ | Nanak seeks the Sanctuary of the Lord. \|\|3\|\| |
| ਭੈ ਭੰਜਨਾ ਮੁਰਾਰਿ ॥ | O Lord, Destroyer of fear and egotism, |
| ਕਰਿ ਦਇਆ ਪਤਿਤ ਉਧਾਰਿ ॥ | be merciful, and save the sinners. |
| ਮੇਰੇ ਦੋਖ ਗਨੇ ਨ ਜਾਹਿ ॥ | My sins cannot even be counted. |
| ਹਰਿ ਬਿਨਾ ਕਤਹਿ ਸਮਾਹਿ ॥ | Without the Lord, who can hide them? |
| ਗਹਿ ਓਟ ਚਿਤਵੀ ਨਾਥ ॥ | I thought of Your Support, and seized it, O my Lord and Master. |
| ਨਾਨਕਾ ਦੇ ਰਖੁ ਹਾਥ ॥੪॥ | Please, give Nanak Your hand and save him, Lord! \|\|4\|\| |
| ਹਰਿ ਗੁਣ ਨਿਧੇ ਗੋਪਾਲ ॥ | The Lord, the treasure of virtue, the Lord of the world, |
| ਸਰਬ ਘਟ ਪ੍ਰਤਿਪਾਲ ॥ | cherishes and sustains every heart. |

| | |
|---|---|
| ਮਨਿ ਪ੍ਰੀਤਿ ਦਰਸਨ ਪਿਆਸ ॥ | My mind is thirsty for Your Love, and the Blessed Vision of Your Darshan. |
| ਗੋਬਿੰਦ ਪੂਰਨ ਆਸ ॥ | O Lord of the Universe, please fulfill my hopes. |
| ਇਕ ਨਿਮਖ ਰਹਨੁ ਨ ਜਾਇ ॥ | I cannot survive, even for an instant. |
| ਵਡ ਭਾਗਿ ਨਾਨਕ ਪਾਇ ॥੫॥ | By great good fortune, Nanak has found the Lord. \|\|5\|\| |
| ਪ੍ਰਭ ਤੁਝ ਬਿਨਾ ਨਹੀ ਹੋਰ ॥ | Without You, God, there is no other at all. |
| ਮਨਿ ਪ੍ਰੀਤਿ ਚੰਦ ਚਕੋਰ ॥ | My mind loves You, as the partridge loves the moon, |
| ਜਿਉ ਮੀਨ ਜਲ ਸਿਉ ਹੇਤੁ ॥ | as the fish loves the water, |
| ਅਲਿ ਕਮਲ ਭਿੰਨੁ ਨ ਭੇਤੁ ॥ | as the bee and the lotus cannot be separated. |
| ਜਿਉ ਚਕਵੀ ਸੂਰਜ ਆਸ ॥ | As the chakvi bird longs for the sun, |
| ਨਾਨਕ ਚਰਨ ਪਿਆਸ ॥੬॥ | so does Nanak thirst for the Lord's feet. \|\|6\|\| |
| ਜਿਉ ਤਰੁਨਿ ਭਰਤ ਪਰਾਨ ॥ | As the young bride places the hopes of her life in her husband, |
| ਜਿਉ ਲੋਭੀਐ ਧਨੁ ਦਾਨੁ ॥ | as the greedy person looks upon the gift of wealth, |
| ਜਿਉ ਦੂਧ ਜਲਹਿ ਸੰਜੋਗੁ ॥ | as milk is joined to water, |
| ਜਿਉ ਮਹਾ ਖੁਧਿਆਰਥ ਭੋਗੁ ॥ | as food is to the very hungry man, |
| ਜਿਉ ਮਾਤ ਪੂਤਹਿ ਹੇਤੁ ॥ | and as the mother loves her son, |
| ਹਰਿ ਸਿਮਰਿ ਨਾਨਕ ਨੇਤ ॥੭॥ | so does Nanak constantly remember the Lord in meditation. \|\|7\|\| |
| ਜਿਉ ਦੀਪ ਪਤਨ ਪਤੰਗ ॥ | As the moth falls into the lamp, |
| ਜਿਉ ਚੋਰੁ ਹਿਰਤ ਨਿਸੰਗ ॥ | as the thief steals without hesitation, |
| ਮੈਗਲਹਿ ਕਾਮੈ ਬੰਧੁ ॥ | as the elephant is trapped by its sexual urges, |
| ਜਿਉ ਗ੍ਰਸਤ ਬਿਖਈ ਧੰਧੁ ॥ | as the sinner is caught in his sins, |
| ਜਿਉ ਜੂਆਰ ਬਿਸਨੁ ਨ ਜਾਇ ॥ | as the gambler's addiction does not leave him, |
| ਹਰਿ ਨਾਨਕ ਇਹੁ ਮਨੁ ਲਾਇ ॥੮॥ | so is this mind of Nanak's attached to the Lord. \|\|8\|\| |
| ਕੁਰੰਕ ਨਾਦੈ ਨੇਹੁ ॥ | As the deer loves the sound of the bell, |
| ਚਾਤ੍ਰਿਕੁ ਚਾਹਤ ਮੇਹੁ ॥ | and as the song-bird longs for the rain, |
| ਜਨ ਜੀਵਨਾ ਸਤਸੰਗਿ ॥ | the Lord's humble servant lives in the Society of the Saints, |
| ਗੋਬਿਦੁ ਭਜਨਾ ਰੰਗਿ ॥ | lovingly meditating and vibrating upon the Lord of the Universe. |

| | |
|---|---|
| ਰਸਨਾ ਬਖਾਨੈ ਨਾਮੁ ॥ | My tongue chants the Naam, the Name of the Lord. |
| ਨਾਨਕ ਦਰਸਨ ਦਾਨੁ ॥੯॥ | Please bless Nanak with the gift of the Blessed Vision of Your Darshan. \|\|9\|\| |
| ਗੁਨ ਗਾਇ ਸੁਨਿ ਲਿਖਿ ਦੇਇ ॥ | One who sings the Glorious Praises of the Lord, and hears them, and writes them, |
| ਸੋ ਸਰਬ ਫਲ ਹਰਿ ਲੇਇ ॥ | receives all fruits and rewards from the Lord. |
| ਕੁਲ ਸਮੂਹ ਕਰਤ ਉਧਾਰੁ ॥ | He saves all his ancestors and generations, |
| ਸੰਸਾਰੁ ਉਤਰਸਿ ਪਾਰਿ ॥ | and crosses over the world-ocean. |
| ਹਰਿ ਚਰਨ ਬੋਹਿਥ ਤਾਹਿ ॥ | The Lord's Feet are the boat to carry him across. |
| ਮਿਲਿ ਸਾਧਸੰਗਿ ਜਸੁ ਗਾਹਿ ॥ | Joining the Saadh Sangat, the Company of the Holy, he sings the Praises of the Lord. |
| ਹਰਿ ਪੈਜ ਰਖੈ ਮੁਰਾਰਿ ॥ | The Lord protects his honor. |
| ਹਰਿ ਨਾਨਕ ਸਰਨਿ ਦੁਆਰਿ ॥੧੦॥੨॥ | Nanak seeks the Sanctuary of the Lord's door. \|\|10\|\|2\|\| |
| ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ | Bilaaval, First Mehl, T'hitee ~ The Lunar Days, Tenth House, To The Drum-Beat Jat: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God.<br>By The Grace Of The True Guru: |
| ਏਕਮ ਏਕੰਕਾਰੁ ਨਿਰਾਲਾ ॥ | The First Day: The One Universal Creator is unique, |
| ਅਮਰੁ ਅਜੋਨੀ ਜਾਤਿ ਨ ਜਾਲਾ ॥ | immortal, unborn, beyond social class or involvement. |
| ਅਗਮ ਅਗੋਚਰੁ ਰੂਪੁ ਨ ਰੇਖਿਆ ॥ | He is inaccessible and unfathomable, with no form or feature. |
| ਖੋਜਤ ਖੋਜਤ ਘਟਿ ਘਟਿ ਦੇਖਿਆ ॥ | Searching, searching, I have seen Him in each and every heart. |
| **੮੩੯** | **839** |
| ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ | I am a sacrifice to one who sees, and inspires others to see Him. |
| ਗੁਰ ਪਰਸਾਦਿ ਪਰਮ ਪਦੁ ਪਾਈ ॥੧॥ | By Guru's Grace, I have obtained the supreme status. \|\|1\|\| |
| ਕਿਆ ਜਪੁ ਜਾਪਉ ਬਿਨੁ ਜਗਦੀਸੈ ॥ | Whose Name should I chant, and meditate on, except the Lord of the Universe? |

ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ ਰਹਾਉ ॥
Through the Word of the Guru's Shabad, the Mansion of the Lord's Presence is revealed within the home of one's own heart. ||1||Pause||

ਦੂਜੈ ਭਾਇ ਲਗੇ ਪਛੁਤਾਣੇ ॥
The Second Day: Those who are in love with another, come to regret and repent.

ਜਮ ਦਰਿ ਬਾਧੇ ਆਵਣ ਜਾਣੇ ॥
They are tied up at Death's door, and continue coming and going.

ਕਿਆ ਲੈ ਆਵਹਿ ਕਿਆ ਲੇ ਜਾਹਿ ॥
What have they brought, and what will they take with them when they go?

ਸਿਰਿ ਜਮਕਾਲੁ ਸਿ ਚੋਟਾ ਖਾਹਿ ॥
The Messenger of Death looms over their heads, and they endure his beating.

ਬਿਨੁ ਗੁਰ ਸਬਦ ਨ ਛੂਟਸਿ ਕੋਇ ॥
Without the Word of the Guru's Shabad, no one finds release.

ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥
Practicing hypocrisy, no one finds liberation. ||2||

ਆਪੇ ਸਚੁ ਕੀਆ ਕਰ ਜੋੜਿ ॥
The True Lord Himself created the universe, joining the elements together.

ਅੰਡਜ ਫੋੜਿ ਜੋੜਿ ਵਿਛੋੜਿ ॥
Breaking the cosmic egg, He united, and separated.

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥
He made the earth and the sky into places to live.

ਰਾਤਿ ਦਿਨੰਤੁ ਕੀਏ ਭਉ ਭਾਉ ॥
He created day and night, fear and love.

ਜਿਨਿ ਕੀਏ ਕਰਿ ਵੇਖਣਹਾਰਾ ॥
The One who created the Creation, also watches over it.

ਅਵਰੁ ਨ ਦੂਜਾ ਸਿਰਜਣਹਾਰਾ ॥੩॥
There is no other Creator Lord. ||3||

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥
The Third Day: He created Brahma, Vishnu and Shiva,

ਦੇਵੀ ਦੇਵ ਉਪਾਏ ਵੇਸਾ ॥
the gods, goddesses and various manifestations.

ਜੋਤੀ ਜਾਤੀ ਗਣਤ ਨ ਆਵੈ ॥
The lights and forms cannot be counted.

ਜਿਨਿ ਸਾਜੀ ਸੋ ਕੀਮਤਿ ਪਾਵੈ ॥
The One who fashioned them, knows their value.

ਕੀਮਤਿ ਪਾਇ ਰਹਿਆ ਭਰਪੂਰਿ ॥
He evaluates them, and totally pervades them.

ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥
Who is close, and who is far away? ||4||

ਚਉਥਿ ਉਪਾਏ ਚਾਰੇ ਬੇਦਾ ॥
The Fourth Day: He created the four Vedas,

ਖਾਣੀ ਚਾਰੇ ਬਾਣੀ ਭੇਦਾ ॥
the four sources of creation, and distinct forms of speech.

ਅਸਟ ਦਸਾ ਖਟੁ ਤੀਨਿ ਉਪਾਏ ॥
He created the eighteen Puraanas, the six Shaastras and the three qualities.

| | |
|---|---|
| ਸੋ ਬੂਝੈ ਜਿਸੁ ਆਪਿ ਬੁਝਾਏ ॥ | He alone understands, whom the Lord causes to understand. |
| ਤੀਨਿ ਸਮਾਵੈ ਚਉਥੈ ਵਾਸਾ ॥ | One who overcomes the three qualities, dwells in the fourth state. |
| ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥ | Prays Nanak, I am his slave. \|\|5\|\| |
| ਪੰਚਮੀ ਪੰਚ ਭੂਤ ਬੇਤਾਲਾ ॥ | The Fifth Day: The five elements are demons. |
| ਆਪਿ ਅਗੋਚਰੁ ਪੁਰਖੁ ਨਿਰਾਲਾ ॥ | The Lord Himself is unfathomable and detached. |
| ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ | Some are gripped by doubt, hunger, emotional attachment and desire. |
| ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ | Some taste the sublime essence of the Shabad, and are satisfied. |
| ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ | Some are imbued with the Lord's Love, while some die, and are reduced to dust. |
| ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥੬॥ | Some attain the Court and the Mansion of the True Lord, and behold Him, ever-present. \|\|6\|\| |
| ਝੂਠੇ ਕਉ ਨਾਹੀ ਪਤਿ ਨਾਉ ॥ | The false one has no honor or fame; |
| ਕਬਹੁ ਨ ਸੂਚਾ ਕਾਲਾ ਕਾਉ ॥ | like the black crow, he never becomes pure. |
| ਪਿੰਜਰਿ ਪੰਖੀ ਬੰਧਿਆ ਕੋਇ ॥ | He is like the bird, imprisoned in a cage; |
| ਛੇਰੀਂ ਭਰਮੈ ਮੁਕਤਿ ਨ ਹੋਇ ॥ | he paces back and forth behind the bars, but he is not released. |
| ਤਉ ਛੂਟੈ ਜਾ ਖਸਮੁ ਛਡਾਏ ॥ | He alone is emancipated, whom the Lord and Master emancipates. |
| ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥ | He follows the Guru's Teachings, and enshrines devotional worship. \|\|7\|\| |
| ਖਸਟੀ ਖਟੁ ਦਰਸਨ ਪ੍ਰਭ ਸਾਜੇ ॥ | The Sixth Day: God organized the six systems of Yoga. |
| ਅਨਹਦ ਸਬਦੁ ਨਿਰਾਲਾ ਵਾਜੇ ॥ | The unstruck sound current of the Shabad vibrates of itself. |
| ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ | If God wills it so, then one is summoned to the Mansion of His Presence. |
| ਸਬਦੇ ਭੇਦੇ ਤਉ ਪਤਿ ਪਾਵੈ ॥ | One who is pierced through by the Shabad, obtains honor. |
| ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ | Those who wear religious robes burn, and are ruined. |
| ਸਾਚੈ ਸਾਚੇ ਸਾਚਿ ਸਮਾਵਹਿ ॥੮॥ | Through Truth, the truthful ones merge into the True Lord. \|\|8\|\| |

| | |
|---|---|
| ਸਪਤਮੀ ਸਤੁ ਸੰਤੋਖੁ ਸਰੀਰਿ ॥ | The Seventh Day: When the body is imbued with Truth and contentment, |
| ਸਾਤ ਸਮੁੰਦ ਭਰੇ ਨਿਰਮਲ ਨੀਰਿ ॥ | the seven seas within are filled with the Immaculate Water. |
| ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ | Bathing in good conduct, and contemplating the True Lord within the heart, |
| ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ | one obtains the Word of the Guru's Shabad, and carries everyone across. |
| ਮਨਿ ਸਾਚਾ ਮੁਖਿ ਸਾਚਉ ਭਾਇ ॥ | With the True Lord in the mind, and the True Lord lovingly on one's lips, |
| ਸਚੁ ਨੀਸਾਣੈ ਠਾਕ ਨ ਪਾਇ ॥੯॥ | one is blessed with the banner of Truth, and meets with no obstructions. \|\|9\|\| |
| ਅਸਟਮੀ ਅਸਟ ਸਿਧਿ ਬੁਧਿ ਸਾਧੈ ॥ | The Eighth Day: The eight miraculous powers come when one subdues his own mind, |
| ਸਚੁ ਨਿਹਕੇਵਲੁ ਕਰਮਿ ਅਰਾਧੈ ॥ | and contemplates the True Lord through pure actions. |
| ਪਉਣ ਪਾਣੀ ਅਗਨੀ ਬਿਸਰਾਉ ॥ | Forget the three qualities of wind, water and fire, |
| ਤਹੀ ਨਿਰੰਜਨੁ ਸਾਚੋ ਨਾਉ ॥ | and concentrate on the pure True Name. |
| ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ | That human who remains lovingly focused on the Lord, |
| ਪ੍ਣਵਤਿ ਨਾਨਕੁ ਕਾਲੁ ਨ ਖਾਇ ॥੧੦॥ | prays Nanak, shall not be consumed by death. \|\|10\|\| |
| ਨਾਉ ਨਉਮੀ ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ਮਹਾ ਬਲਵੰਡਾ ॥ | The Ninth Day: The Name is the supreme almighty Master of the nine masters of Yoga, the nine realms of the earth, and each and every heart. |
| **੮੪੦** | 840 |
| ਆਈ ਪੂਤਾ ਇਹੁ ਜਗੁ ਸਾਰਾ ॥ | This whole world is the child of Maya. |
| ਪ੍ਰਭ ਆਦੇਸੁ ਆਦਿ ਰਖਵਾਰਾ ॥ | I bow in submission to God, my Protector from the very beginning of time. |
| ਆਦਿ ਜੁਗਾਦੀ ਹੈ ਭੀ ਹੋਗੁ ॥ | He was in the beginning, He has been throughout the ages, He is now, and He shall always be. |
| ਓਹੁ ਅਪਰੰਪਰੁ ਕਰਣੈ ਜੋਗੁ ॥੧੧॥ | He is unlimited, and capable of doing everything. \|\|11\|\| |
| ਦਸਮੀ ਨਾਮੁ ਦਾਨੁ ਇਸਨਾਨੁ ॥ | The Tenth Day: Meditate on the Naam, give to charity, and purify yourself. |

| | |
|---|---|
| ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ | Night and day, bathe in spiritual wisdom and the Glorious Virtues of the True Lord. |
| ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ | Truth cannot be polluted; doubt and fear run away from it. |
| ਬਿਲਮੁ ਨ ਤੂਟਸਿ ਕਾਚੈ ਤਾਗੈ ॥ | The flimsy thread breaks in an instant. |
| ਜਿਉ ਤਾਗਾ ਜਗੁ ਏਵੈ ਜਾਣਹੁ ॥ | Know that the world is just like this thread. |
| ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥ | Your consciousness shall become steady and stable, enjoying the Love of the True Lord. \|\|12\|\| |
| ਏਕਾਦਸੀ ਇਕੁ ਰਿਦੈ ਵਸਾਵੈ ॥ | The Eleventh Day: Enshrine the One Lord within your heart. |
| ਹਿੰਸਾ ਮਮਤਾ ਮੋਹੁ ਚੁਕਾਵੈ ॥ | Eradicate cruelty, egotism and emotional attachment. |
| ਫਲੁ ਪਾਵੈ ਬ੍ਰਤੁ ਆਤਮ ਚੀਨੈ ॥ | Earn the fruitful rewards, by observing the fast of knowing your own self. |
| ਪਾਖੰਡਿ ਰਾਚਿ ਤਤੁ ਨਹੀ ਬੀਨੈ ॥ | One who is engrossed in hypocrisy, does not see the true essence. |
| ਨਿਰਮਲੁ ਨਿਰਾਹਾਰੁ ਨਿਹਕੇਵਲੁ ॥ | The Lord is immaculate, self-sustaining and unattached. |
| ਸੂਚੈ ਸਾਚੇ ਨਾ ਲਾਗੈ ਮਲੁ ॥੧੩॥ | The Pure, True Lord cannot be polluted. \|\|13\|\| |
| ਜਹ ਦੇਖਉ ਤਹ ਏਕੋ ਏਕਾ ॥ | Wherever I look, I see the One Lord there. |
| ਹੋਰਿ ਜੀਅ ਉਪਾਏ ਵੇਕੋ ਵੇਕਾ ॥ | He created the other beings, of many and various kinds. |
| ਫਲੋਹਾਰ ਕੀਏ ਫਲੁ ਜਾਇ ॥ | Eating only fruits, one loses the fruits of life. |
| ਰਸ ਕਸ ਖਾਏ ਸਾਦੁ ਗਵਾਇ ॥ | Eating only delicacies of various sorts, one loses the true taste. |
| ਕੂੜੈ ਲਾਲਚਿ ਲਪਟੈ ਲਪਟਾਇ ॥ | In fraud and greed, people are engrossed and entangled. |
| ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥ | The Gurmukh is emancipated, practicing Truth. \|\|14\|\| |
| ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ | The Twelfth Day: One whose mind is not attached to the twelve signs, |
| ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ | remains awake day and night, and never sleeps. |
| ਜਾਗਤੁ ਜਾਗਿ ਰਹੈ ਲਿਵ ਲਾਇ ॥ | He remains awake and aware, lovingly centered on the Lord. |
| ਗੁਰ ਪਰਚੈ ਤਿਸੁ ਕਾਲੁ ਨ ਖਾਇ ॥ | With faith in the Guru, he is not consumed by death. |
| ਅਤੀਤ ਭਏ ਮਾਰੇ ਬੈਰਾਈ ॥ | Those who become detached, and conquer the five enemies |
| ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥ | - prays Nanak, they are lovingly absorbed in the Lord. \|\|15\|\| |

| | |
|---|---|
| ਦੁਆਦਸੀ ਦਇਆ ਦਾਨੁ ਕਰਿ ਜਾਣੈ ॥ | The Twelfth Day: Know, and practice, compassion and charity. |
| ਬਾਹਰਿ ਜਾਤੋ ਭੀਤਰਿ ਆਣੈ ॥ | Bring your out-going mind back home. |
| ਬਰਤੀ ਬਰਤ ਰਹੈ ਨਿਹਕਾਮ ॥ | Observe the fast of remaining free of desire. |
| ਅਜਪਾ ਜਾਪੁ ਜਪੈ ਮੁਖਿ ਨਾਮ ॥ | Chant the unchanted Chant of the Naam with your mouth. |
| ਤੀਨਿ ਭਵਣ ਮਹਿ ਏਕੋ ਜਾਣੈ ॥ | Know that the One Lord is contained in the three worlds. |
| ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ | Purity and self-discipline are all contained in knowing the Truth. \|\|16\|\| |
| ਤੇਰਸਿ ਤਰਵਰ ਸਮੁਦ ਕਨਾਰੈ ॥ | The Thirteenth Day: He is like a tree on the sea-shore. |
| ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ | But his roots can become immortal, if his mind is attuned to the Lord's Love. |
| ਡਰ ਡਰਿ ਮਰੈ ਨ ਬੂਡੈ ਕੋਇ ॥ | Then, he will not die of fear or anxiety, and he will never drown. |
| ਨਿਡਰੁ ਬੂਡਿ ਮਰੈ ਪਤਿ ਖੋਇ ॥ | Without the Fear of God, he drowns and dies, and loses his honor. |
| ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ | With the Fear of God in his heart, and his heart in the Fear of God, he knows God. |
| ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ | He sits on the throne, and becomes pleasing to the Mind of the True Lord. \|\|17\|\| |
| ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ | The Fourteenth Day: One who enters into the fourth state, |
| ਰਾਜਸ ਤਾਮਸ ਸਤ ਕਾਲ ਸਮਾਵੈ ॥ | overcomes time, and the three qualities of raajas, taamas and satva. |
| ਸਸੀਅਰ ਕੈ ਘਰਿ ਸੂਰੁ ਸਮਾਵੈ ॥ | Then the sun enters into the house of the moon, |
| ਜੋਗ ਜੁਗਤਿ ਕੀ ਕੀਮਤਿ ਪਾਵੈ ॥ | and one knows the value of the technology of Yoga. |
| ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥ | He remains lovingly focused on God, who is permeating the fourteen worlds, the nether regions of the underworld, the galaxies and solar systems. \|\|18\|\| |
| ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ | Amaavas - The Night of the New Moon: The moon is hidden in the sky. |
| ਬੂਝਹੁ ਗਿਆਨੀ ਸਬਦੁ ਬੀਚਾਰਿ ॥ | O wise one, understand and contemplate the Word of the Shabad. |
| ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ | The moon in the sky illuminates the three worlds. |

| | |
|---|---|
| ਕਰਿ ਕਰਿ ਵੇਖੈ ਕਰਤਾ ਸੋਈ ॥ | Creating the creation, the Creator beholds it. |
| ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ | One who sees, through the Guru, merges into Him. |
| ਮਨਮੁਖਿ ਭੂਲੇ ਆਵਹਿ ਜਾਹਿ ॥੧੯॥ | The self-willed manmukhs are deluded, coming and going in reincarnation. \|\|19\|\| |
| ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ | One who establishes his home within his own heart, obtains the most beautiful, permanent place. |
| ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ | One comes to understand his own self, when he finds the True Guru. |
| ਜਹ ਆਸਾ ਤਹ ਬਿਨਸਿ ਬਿਨਾਸਾ ॥ | Wherever there is hope, there is destruction and desolation. |
| ਫੂਟੈ ਖਪਰੁ ਦੁਬਿਧਾ ਮਨਸਾ ॥ | The bowl of duality and selfishness breaks. |
| ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥ | Prays Nanak, I am the slave of that one, who remains detached amidst the traps of attachment. \|\|20\|\|1\|\| |

## ੮੪੧ — 841

| | |
|---|---|
| ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦ | Bilaaval, Third Mehl, The Seven Days, Tenth House: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ | Sunday: He, the Lord, is the Primal Being. |
| ਆਪੇ ਵਰਤੈ ਅਵਰੁ ਨ ਕੋਈ ॥ | He Himself is the Pervading Lord; there is no other at all. |
| ਓਤਿ ਪੋਤਿ ਜਗੁ ਰਹਿਆ ਪਰੋਈ ॥ | Through and through, He is woven into the fabric of the world. |
| ਆਪੇ ਕਰਤਾ ਕਰੈ ਸੁ ਹੋਈ ॥ | Whatever the Creator Himself does, that alone happens. |
| ਨਾਮਿ ਰਤੇ ਸਦਾ ਸੁਖੁ ਹੋਈ ॥ | Imbued with the Naam, the Name of the Lord, one is forever in peace. |
| ਗੁਰਮੁਖਿ ਵਿਰਲਾ ਬੂਝੈ ਕੋਈ ॥੧॥ | But how rare is the one, who, as Gurmukh, understands this. \|\|1\|\| |
| ਹਿਰਦੈ ਜਪਨੀ ਜਪਉ ਗੁਣਤਾਸਾ ॥ | Within my heart, I chant the Chant of the Lord, the treasure of virtue. |
| ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥ ਰਹਾਉ ॥ | The Lord, my Lord and Master, is inaccessible, unfathomable and unlimited. Grasping the feet of the Lord's humble servants, I meditate on Him, and become the slave of His slaves. \|\|1\|\|Pause\|\| |

| | |
|---|---|
| ਸੋਮਵਾਰਿ ਸਚਿ ਰਹਿਆ ਸਮਾਇ ॥ | Monday: The True Lord is permeating and pervading. |
| ਤਿਸ ਕੀ ਕੀਮਤਿ ਕਹੀ ਨ ਜਾਇ ॥ | His value cannot be described. |
| ਆਖਿ ਆਖਿ ਰਹੇ ਸਭਿ ਲਿਵ ਲਾਇ ॥ | Talking and speaking about Him, all keep themselves lovingly focused on Him. |
| ਜਿਸੁ ਦੇਵੈ ਤਿਸੁ ਪਲੈ ਪਾਇ ॥ | Devotion falls into the laps of those whom He so blesses. |
| ਅਗਮ ਅਗੋਚਰੁ ਲਖਿਆ ਨ ਜਾਇ ॥ | He is inaccessible and unfathomable; He cannot be seen. |
| ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥ | Through the Word of the Guru's Shabad, the Lord is seen to be permeating and pervading everywhere. ‖2‖ |
| ਮੰਗਲਿ ਮਾਇਆ ਮੋਹੁ ਉਪਾਇਆ ॥ | Tuesday: The Lord created love and attachment to Maya. |
| ਆਪੇ ਸਿਰਿ ਸਿਰਿ ਧੰਧੈ ਲਾਇਆ ॥ | He Himself has enjoined each and every being to their tasks. |
| ਆਪਿ ਬੁਝਾਏ ਸੋਈ ਬੂਝੈ ॥ | He alone understands, whom the Lord causes to understand. |
| ਗੁਰ ਕੈ ਸਬਦਿ ਦਰੁ ਘਰੁ ਸੂਝੈ ॥ | Through the Word of the Guru's Shabad, one understands his heart and home. |
| ਪ੍ਰੇਮ ਭਗਤਿ ਕਰੇ ਲਿਵ ਲਾਇ ॥ | He worships the Lord in loving devotion. |
| ਹਉਮੈ ਮਮਤਾ ਸਬਦਿ ਜਲਾਇ ॥੩॥ | His egotism and self-conceit are burnt away by the Shabad. ‖3‖ |
| ਬੁਧਵਾਰਿ ਆਪੇ ਬੁਧਿ ਸਾਰੁ ॥ | Wednesday: He Himself bestows sublime understanding. |
| ਗੁਰਮੁਖਿ ਕਰਣੀ ਸਬਦੁ ਵੀਚਾਰੁ ॥ | The Gurmukh does good deeds, and contemplates the Word of the Shabad. |
| ਨਾਮਿ ਰਤੇ ਮਨੁ ਨਿਰਮਲੁ ਹੋਇ ॥ | Imbued with the Naam, the Name of the Lord, the mind becomes pure and immaculate. |
| ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ | He sings the Glorious Praises of the Lord, and washes off the filth of egotism. |
| ਦਰਿ ਸਚੈ ਸਦ ਸੋਭਾ ਪਾਏ ॥ | In the Court of the True Lord, he obtains lasting glory. |
| ਨਾਮਿ ਰਤੇ ਗੁਰ ਸਬਦਿ ਸੁਹਾਏ ॥੪॥ | Imbued with the Naam, he is embellished with the Word of the Guru's Shabad. ‖4‖ |
| ਲਾਹਾ ਨਾਮੁ ਪਾਏ ਗੁਰ ਦੁਆਰਿ ॥ | The profit of the Naam is obtained through the Door of the Guru. |
| ਆਪੇ ਦੇਵੈ ਦੇਵਣਹਾਰੁ ॥ | The Great Giver Himself gives it. |
| ਜੋ ਦੇਵੈ ਤਿਸ ਕਉ ਬਲਿ ਜਾਈਐ ॥ | I am a sacrifice to the One who gives it. |
| ਗੁਰ ਪਰਸਾਦੀ ਆਪੁ ਗਵਾਈਐ ॥ | By Guru's Grace, self-conceit is eradicated. |

| | |
|---|---|
| ਨਾਨਕ ਨਾਮੁ ਰਖਹੁ ਉਰ ਧਾਰਿ ॥ | O Nanak, enshrine the Naam within your heart. |
| ਦੇਵਣਹਾਰੇ ਕਉ ਜੈਕਾਰੁ ॥੫॥ | I celebrate the victory of the Lord, the Great Giver. ‖5‖ |
| ਵੀਰਵਾਰਿ ਵੀਰ ਭਰਮਿ ਭੁਲਾਏ ॥ | Thursday: The fifty-two warriors were deluded by doubt. |
| ਪ੍ਰੇਤ ਭੂਤ ਸਭਿ ਦੂਜੈ ਲਾਏ ॥ | All the goblins and demons are attached to duality. |
| ਆਪਿ ਉਪਾਏ ਕਰਿ ਵੇਖੈ ਵੇਕਾ ॥ | God Himself created them, and sees each one distinct. |
| ਸਭਨਾ ਕਰਤੇ ਤੇਰੀ ਟੇਕਾ ॥ | O Creator Lord, You are the Support of all. |
| ਜੀਅ ਜੰਤ ਤੇਰੀ ਸਰਣਾਈ ॥ | The beings and creatures are under Your protection. |
| ਸੋ ਮਿਲੈ ਜਿਸੁ ਲੈਹਿ ਮਿਲਾਈ ॥੬॥ | He alone meets You, whom You Yourself meet. ‖6‖ |
| ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ | Friday: God is permeating and pervading everywhere. |
| ਆਪਿ ਉਪਾਇ ਸਭ ਕੀਮਤਿ ਪਾਈ ॥ | He Himself created all, and appraises the value of all. |
| ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ | One who becomes Gurmukh, contemplates the Lord. |
| ਸਚੁ ਸੰਜਮੁ ਕਰਣੀ ਹੈ ਕਾਰ ॥ | He practices truth and self-restraint. |
| ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥ | Without genuine understanding, all fasts, religious rituals and daily worship services lead only to the love of duality. ‖7‖ |
| ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ | Saturday: Contemplating good omens and the Shaastras, |
| ਹਉਮੈ ਮੇਰਾ ਭਰਮੈ ਸੰਸਾਰੁ ॥ | in egotism and self-conceit, the world wanders in delusion. |
| ਮਨਮੁਖੁ ਅੰਧਾ ਦੂਜੈ ਭਾਇ ॥ | The blind, self-willed manmukh is engrossed in the love of duality. |
| ਜਮ ਦਰਿ ਬਾਧਾ ਚੋਟਾ ਖਾਇ ॥ | Bound and gagged at death's door, he is beaten and punished. |
| ਗੁਰ ਪਰਸਾਦੀ ਸਦਾ ਸੁਖੁ ਪਾਏ ॥ | By Guru's Grace, one finds lasting peace. |
| ਸਚੁ ਕਰਣੀ ਸਾਚਿ ਲਿਵ ਲਾਏ ॥੮॥ | He practices Truth, and lovingly focuses on the Truth. ‖8‖ |
| ਸਤਿਗੁਰੁ ਸੇਵਹਿ ਸੇ ਵਡਭਾਗੀ ॥ | Those who serve the True Guru are very fortunate. |
| ਹਉਮੈ ਮਾਰਿ ਸਚਿ ਲਿਵ ਲਾਗੀ ॥ | Conquering their ego, they embrace love for the True Lord. |
| ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ | They are automatically imbued with Your Love, O Lord. |

| ੮੪੨ | 842 |
|---|---|
| ਤੂ ਸੁਖਦਾਤਾ ਲੈਹਿ ਮਿਲਾਇ ॥ | You are the Giver of peace; You merge them into Yourself. |
| ਏਕਸ ਤੇ ਦੂਜਾ ਨਾਹੀ ਕੋਇ ॥ | Everything comes from the One and only Lord; there is no other at all. |
| ਗੁਰਮੁਖਿ ਬੂਝੈ ਸੋਝੀ ਹੋਇ ॥੯॥ | The Gurmukh realizes this, and understands. \|\|9\|\| |
| ਪੰਦ੍ਰਹ ਥਿਤੀ ਤੈ ਸਤ ਵਾਰ ॥ | The fifteen lunar days, the seven days of the week, |
| ਮਾਹਾ ਰੁਤੀ ਆਵਹਿ ਵਾਰ ਵਾਰ ॥ | the months, seasons, days and nights, come over and over again; |
| ਦਿਨਸੁ ਰੈਣਿ ਤਿਵੈ ਸੰਸਾਰੁ ॥ | so the world goes on. |
| ਆਵਾ ਗਉਣੁ ਕੀਆ ਕਰਤਾਰਿ ॥ | Coming and going were created by the Creator Lord. |
| ਨਿਹਚਲੁ ਸਾਚੁ ਰਹਿਆ ਕਲ ਧਾਰਿ ॥ | The True Lord remains steady and stable, by His almighty power. |
| ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥ | O Nanak, how rare is that Gurmukh who understands, and contemplates the Naam, the Name of the Lord. \|\|10\|\|1\|\| |
| ਬਿਲਾਵਲੁ ਮਹਲਾ ੩ ॥ | Bilaaval, Third Mehl: |
| ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥ | The Primal Lord Himself formed the Universe. |
| ਜੀਅ ਜੰਤ ਮਾਇਆ ਮੋਹਿ ਪਾਜੇ ॥ | The beings and creatures are engrossed in emotional attachment to Maya. |
| ਦੂਜੈ ਭਾਇ ਪਰਪੰਚਿ ਲਾਗੇ ॥ | In the love of duality, they are attached to the illusory material world. |
| ਆਵਹਿ ਜਾਵਹਿ ਮਰਹਿ ਅਭਾਗੇ ॥ | The unfortunate ones die, and continue to come and go. |
| ਸਤਿਗੁਰਿ ਭੇਟਿਐ ਸੋਝੀ ਪਾਇ ॥ | Meeting with the True Guru, understanding is obtained. |
| ਪਰਪੰਚੁ ਚੂਕੈ ਸਚਿ ਸਮਾਇ ॥੧॥ | Then, the illusion of the material world is shattered, and one merges in Truth. \|\|1\|\| |
| ਜਾ ਕੈ ਮਸਤਕਿ ਲਿਖਿਆ ਲੇਖੁ ॥ | One who has such pre-ordained destiny inscribed upon his forehead |
| ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ ਰਹਾਉ ॥ | - the One God abides within his mind. \|\|1\|\|Pause\|\| |
| ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ | He created the Universe, and He Himself beholds all. |
| ਕੋਇ ਨ ਮੇਟੈ ਤੇਰੈ ਲੇਖੈ ॥ | No one can erase Your record, Lord. |
| ਸਿਧ ਸਾਧਿਕ ਜੇ ਕੋ ਕਹੈ ਕਹਾਏ ॥ | If someone calls himself a Siddha or a seeker, |

| | |
|---|---|
| ਭਰਮੇ ਭੂਲਾ ਆਵੈ ਜਾਏ ॥ | he is deluded by doubt, and will continue coming and going. |
| ਸਤਿਗੁਰੁ ਸੇਵੈ ਸੋ ਜਨੁ ਬੂਝੈ ॥ | That humble being alone understands, who serves the True Guru. |
| ਹਉਮੈ ਮਾਰੇ ਤਾ ਦਰੁ ਸੂਝੈ ॥੨॥ | Conquering his ego, he finds the Lord's Door. ‖2‖ |
| ਏਕਸੁ ਤੇ ਸਭੁ ਦੂਜਾ ਹੂਆ ॥ | From the One Lord, all others were formed. |
| ਏਕੋ ਵਰਤੈ ਅਵਰੁ ਨ ਬੀਆ ॥ | The One Lord is pervading everywhere; there is no other at all. |
| ਦੂਜੇ ਤੇ ਜੇ ਏਕੋ ਜਾਣੈ ॥ | Renouncing duality, one comes to know the One Lord. |
| ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ | Through the Word of the Guru's Shabad, one knows the Lord's Door, and His Banner. |
| ਸਤਿਗੁਰੁ ਭੇਟੇ ਤਾ ਏਕੋ ਪਾਏ ॥ | Meeting the True Guru, one finds the One Lord. |
| ਵਿਚਹੁ ਦੂਜਾ ਠਾਕਿ ਰਹਾਏ ॥੩॥ | Duality is subdued within. ‖3‖ |
| ਜਿਸ ਦਾ ਸਾਹਿਬੁ ਡਾਢਾ ਹੋਇ ॥ | One who belongs to the All-powerful Lord and Master |
| ਤਿਸ ਨੋ ਮਾਰਿ ਨ ਸਾਕੈ ਕੋਇ ॥ | no one can destroy him. |
| ਸਾਹਿਬ ਕੀ ਸੇਵਕੁ ਰਹੈ ਸਰਣਾਈ ॥ | The Lord's servant remains under His protection; |
| ਆਪੇ ਬਖਸੇ ਦੇ ਵਡਿਆਈ ॥ | The Lord Himself forgives him, and blesses him with glorious greatness. |
| ਤਿਸ ਤੇ ਊਪਰਿ ਨਾਹੀ ਕੋਇ ॥ | There is none higher than Him. |
| ਕਉਣੁ ਡਰੈ ਡਰੁ ਕਿਸ ਕਾ ਹੋਇ ॥੪॥ | Why should he be afraid? What should he ever fear? ‖4‖ |
| ਗੁਰਮਤੀ ਸਾਂਤਿ ਵਸੈ ਸਰੀਰ ॥ | Through the Guru's Teachings, peace and tranquility abide within the body. |
| ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥ | Remember the Word of the Shabad, and you shall never suffer pain. |
| ਆਵੈ ਨ ਜਾਇ ਨਾ ਦੁਖੁ ਪਾਏ ॥ | You shall not have to come or go, or suffer in sorrow. |
| ਨਾਮੇ ਰਾਤੇ ਸਹਜਿ ਸਮਾਏ ॥ | Imbued with the Naam, the Name of the Lord, you shall merge in celestial peace. |
| ਨਾਨਕ ਗੁਰਮੁਖਿ ਵੇਖੈ ਹਦੂਰਿ ॥ | O Nanak, the Gurmukh beholds Him ever-present, close at hand. |
| ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥ | My God is always fully pervading everywhere. ‖5‖ |
| ਇਕਿ ਸੇਵਕ ਇਕਿ ਭਰਮਿ ਭੁਲਾਏ ॥ | Some are selfless servants, while others wander, deluded by doubt. |

| | |
|---|---|
| ਆਪੇ ਕਰੇ ਹਰਿ ਆਪਿ ਕਰਾਏ ॥ | The Lord Himself does, and causes everything to be done. |
| ਏਕੋ ਵਰਤੈ ਅਵਰੁ ਨ ਕੋਇ ॥ | The One Lord is all-pervading; there is no other at all. |
| ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ | The mortal might complain, if there were any other. |
| ਸਤਿਗੁਰੁ ਸੇਵੇ ਕਰਣੀ ਸਾਰੀ ॥ | Serve the True Guru; this is the most excellent action. |
| ਦਰਿ ਸਾਚੈ ਸਾਚੇ ਵੀਚਾਰੀ ॥੬॥ | In the Court of the True Lord, you shall be judged true. \|\|6\|\| |
| ਥਿਤੀ ਵਾਰ ਸਭਿ ਸਬਦਿ ਸੁਹਾਏ ॥ | All the lunar days, and the days of the week are beautiful, when one contemplates the Shabad. |
| ਸਤਿਗੁਰੁ ਸੇਵੇ ਤਾ ਫਲੁ ਪਾਏ ॥ | If one serves the True Guru, he obtains the fruits of his rewards. |
| ਥਿਤੀ ਵਾਰ ਸਭਿ ਆਵਹਿ ਜਾਹਿ ॥ | The omens and days all come and go. |
| ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ | But the Word of the Guru's Shabad is eternal and unchanging. Through it, one merges in the True Lord. |
| ਥਿਤੀ ਵਾਰ ਤਾ ਜਾ ਸਚਿ ਰਾਤੇ ॥ | The days are auspicious, when one is imbued with Truth. |
| ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥ | Without the Name, all the false ones wander deluded. \|\|7\|\| |
| ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥ | The self-willed manmukhs die, and dead, they fall into the most evil state. |
| ਏਕੁ ਨ ਚੇਤਹਿ ਦੂਜੈ ਲੋਭਾਹਿ ॥ | They do not remember the One Lord; they are deluded by duality. |
| ਅਚੇਤ ਪਿੰਡੀ ਅਗਿਆਨ ਅੰਧਾਰੁ ॥ | The human body is unconscious, ignorant and blind. |
| ਬਿਨੁ ਸਬਦੈ ਕਿਉ ਪਾਏ ਪਾਰੁ ॥ | Without the Word of the Shabad, how can anyone cross over? |
| ਆਪਿ ਉਪਾਏ ਉਪਾਵਣਹਾਰੁ ॥ | The Creator Himself creates. |
| ਆਪੇ ਕੀਤੋਨੁ ਗੁਰ ਵੀਚਾਰੁ ॥੮॥ | He Himself contemplates the Guru's Word. \|\|8\|\| |
| ਬਹੁਤੇ ਭੇਖ ਕਰਹਿ ਭੇਖਧਾਰੀ ॥ | The religious fanatics wear all sorts of religious robes. |
| ਭਵਿ ਭਵਿ ਭਰਮਹਿ ਕਾਚੀ ਸਾਰੀ ॥ | They roll around and wander around, like the false dice on the board. |
| ਐਥੈ ਸੁਖੁ ਨ ਆਗੈ ਹੋਇ ॥ | They find no peace, here or hereafter. |
| **੮੪੩** | **843** |
| ਮਨਮੁਖ ਮੁਏ ਅਪਣਾ ਜਨਮੁ ਖੋਇ ॥ | The self-willed manmukhs waste away their lives, and die. |
| ਸਤਿਗੁਰੁ ਸੇਵੇ ਭਰਮੁ ਚੁਕਾਏ ॥ | Serving the True Guru, doubt is driven away. |

| | |
|---|---|
| ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ | Deep within the home of the heart, one finds the Mansion of the True Lord's Presence. ‖9‖ |
| ਆਪੇ ਪੂਰਾ ਕਰੇ ਸੁ ਹੋਇ ॥ | Whatever the Perfect Lord does, that alone happens. |
| ਏਹਿ ਥਿਤੀ ਵਾਰ ਦੂਜਾ ਦੋਇ ॥ | Concern with these omens and days leads only to duality. |
| ਸਤਿਗੁਰ ਬਾਝਹੁ ਅੰਧੁ ਗੁਬਾਰੁ ॥ | Without the True Guru, there is only pitch darkness. |
| ਥਿਤੀ ਵਾਰ ਸੇਵਹਿ ਮੁਗਧ ਗਵਾਰ ॥ | Only idiots and fools worry about these omens and days. |
| ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ | O Nanak, the Gurmukh obtains understanding and realization; |
| ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥ | he remains forever merged in the Name of the One Lord. ‖10‖2‖ |
| ਬਿਲਾਵਲੁ ਮਹਲਾ ੧ ਛੰਤ ਦਖਣੀ | Bilaaval, First Mehl, Chhant, Dakhnee: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੁੰਧ ਨਵੇਲੜੀਆ ਗੋਇਲਿ ਆਈ ਰਾਮ ॥ | The young, innocent soul-bride has come to the pasture lands of the world. |
| ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ ॥ | Laying aside her pitcher of worldly concern, she lovingly attunes herself to her Lord. |
| ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥ | She remains lovingly absorbed in the pasture of the Lord, automatically embellished with the Word of the Shabad. |
| ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥ | With her palms pressed together, she prays to the Guru, to unite her with her True Beloved Lord. |
| ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ ॥ | Seeing His bride's loving devotion, the Beloved Lord eradicates unfulfilled sexual desire and unresolved anger. |
| ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ॥੧॥ | O Nanak, the young, innocent bride is so beautiful; seeing her Husband Lord, she is comforted. ‖1‖ |
| ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ॥ | Truthfully, O young soul-bride, your youth keeps you innocent. |
| ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ ॥ | Do not come and go anywhere; stay with your Husband Lord. |
| ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ ॥ | I will stay with my Husband Lord; I am His hand-maiden. Devotional worship to the Lord is pleasing to me. |

| | |
|---|---|
| ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ ॥ | I know the unknowable, and speak the unspoken; I sing the Glorious Praises of the Celestial Lord God. |
| ਰਾਮ ਨਾਮ ਰਸਾਲ ਰਸੀਆ ਰਵੈ ਸਾਚਿ ਪਿਆਰੀਆ ॥ | She who chants and savors the taste of the Lord's Name is loved by the True Lord. |
| ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ ॥੨॥ | The Guru grants her the gift of the Shabad; O Nanak, she contemplates and reflects upon it. \|\|2\|\| |
| ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ॥ | She who is fascinated by the Supreme Lord, sleeps with her Husband Lord. |
| ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ ॥ | She walks in harmony with the Guru's Will, attuned to the Lord. |
| ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ ॥ | The soul-bride is attuned to the Truth, and sleeps with the Lord, along with her companions and sister soul-brides. |
| ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥ | Loving the One Lord, with one-pointed mind, the Naam dwells within; I am united with the True Guru. |
| ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥ | Day and night, with each and every breath, I do not forget the Immaculate Lord, for a moment, even for an instant. |
| ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥੩॥ | So light the lamp of the Shabad, O Nanak, and burn away your fear. \|\|3\|\| |
| ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥ | O soul-bride, the Lord's Light pervades all the three worlds. |
| ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥ | He is pervading each and every heart, the Invisible and Infinite Lord. |
| ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥ | He is Invisible and Infinite, Infinite and True; subduing his self-conceit, one meets Him. |
| ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ ॥ | So burn away your egotistical pride, attachment and greed, with the Word of the Shabad; wash away your filth. |
| ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ ॥ | When you go to the Lord's Door, you shall receive the Blessed Vision of His Darshan; by His Will, the Savior will carry you across and save you. |
| ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥੪॥੧॥ | Tasting the Ambrosial Nectar of the Lord's Name, the soul-bride is satisfied; O Nanak, she enshrines Him in her heart. \|\|4\|\|1\|\| |

| | |
|---|---|
| ਬਿਲਾਵਲੁ ਮਹਲਾ ੧ ॥ | Bilaaval, First Mehl: |
| ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ | My mind is filled with such a great joy; I have blossomed forth in Truth. |
| ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ | I am enticed by the love of my Husband Lord, the Eternal, Imperishable Lord God. |
| ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ | The Lord is everlasting, the Master of masters. Whatever He wills, happens. |
| ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ | O Great Giver, You are always kind and compassionate. You infuse life into all living beings. |
| **੮੪੪** | **844** |
| ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ | I have no other spiritual wisdom, meditation or worship; the Name of the Lord alone dwells deep within me. |
| ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥ | I know nothing about religious robes, pilgrimages or stubborn fanaticism; O Nanak, I hold tight to the Truth. \|\|1\|\| |
| ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ | The night is beautiful, drenched with dew, and the day is delightful, |
| ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ | when her Husband Lord wakes the sleeping soul-bride, in the home of the self. |
| ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ | The young bride has awakened to the Word of the Shabad; she is pleasing to her Husband Lord. |
| ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ | So renounce falsehood, fraud, love of duality and working for people. |
| ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ | The Name of the Lord is my necklace, and I am anointed with the True Shabad. |
| ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥ | With his palms pressed together, Nanak begs for the gift of the True Name; please, bless me with Your Grace, through the pleasure of Your Will. \|\|2\|\| |
| ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ | Awake, O bride of splendored eyes, and chant the Word of the Guru's Bani. |
| ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ | Listen, and place your faith in the Unspoken Speech of the Lord. |

| | |
|---|---|
| ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ | The Unspoken Speech, the state of Nirvaanaa - how rare is the Gurmukh who understands this. |
| ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ | Merging in the Word of the Shabad, self-conceit is eradicated, and the three worlds are revealed to her understanding. |
| ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ | Remaining detached, with infinity infusing, the true mind cherishes the virtues of the Lord. |
| ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥ | He is fully pervading and permeating all places; Nanak has enshrined Him within his heart. \|\|3\|\| |
| ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ | The Lord is calling you to the Mansion of His Presence; O soul-bride, He is the Lover of His devotees. |
| ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ | Following the Guru's Teachings, your mind shall be delighted, and your body shall be fulfilled. |
| ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ | Conquer and subdue your mind, and love the Word of the Shabad; reform yourself, and realize the Lord of the three worlds. |
| ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ | Her mind shall not waver or wander anywhere else, when she comes to know her Husband Lord. |
| ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ | You are my only Support, You are my Lord and Master. You are my strength and anchor. |
| ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥ | She is forever truthful and pure, O Nanak; through the Word of the Guru's Shabad, conflicts are resolved. \|\|4\|\|2\|\| |
| ਛੰਤ ਬਿਲਾਵਲੁ ਮਹਲਾ ੪ ਮੰਗਲ | Chhant, Bilaaval, Fourth Mehl, Mangal ~ The Song Of Joy: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥ | My Lord God has come to my bed, and my mind is merged with the Lord. |
| ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥ | As it pleases the Guru, I have found the Lord God, and I revel and delight in His Love. |
| ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥ | Very fortunate are those happy soul-brides, who have the jewel of the Naam upon their foreheads. |
| ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥੧॥ | The Lord, the Lord God, is Nanak's Husband Lord, pleasing to his mind. \|\|1\|\| |

| | |
|---|---|
| ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥ | The Lord is the honor of the dishonored. The Lord, the Lord God is Himself by Himself. |
| ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥ | The Gurmukh eradicates self-conceit, and constantly chants the Name of the Lord. |
| ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥ | My Lord God does whatever He pleases; the Lord imbues mortal beings with the color of His Love. |
| ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥ | Servant Nanak is easily merged into the Celestial Lord. He is satisfied with the sublime essence of the Lord. \|\|2\|\| |
| ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥ | The Lord is found only through this human incarnation. This is the time to contemplate the Lord. |
| ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ ॥ | As Gurmukhs, the happy soul-brides meet Him, and their love for Him is abundant. |
| ਜਿਨ ਮਾਣਸ ਜਨਮਿ ਨ ਪਾਇਆ ਤਿਨ੍ ਭਾਗੁ ਮੰਦੇਰਾ ਰਾਮ ॥ | Those who have not attained human incarnation, are cursed by evil destiny. |
| ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥੩॥ | O Lord, God, Har, Har, Har, Har, save Nanak; he is Your humble servant. \|\|3\|\| |
| ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥ | The Guru has implanted within me the Name of the Inaccessible Lord God; my mind and body are drenched with the Lord's Love. |

## ੮੪੫ — 845

| | |
|---|---|
| ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥ | The Name of the Lord is the Lover of His devotees; the Gurmukhs attain the Lord. |
| ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥ | Without the Name of the Lord, they cannot even live, like the fish without water. |
| ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥ | Finding the Lord, my life has become fruitful; O Nanak, the Lord God has fulfilled me. \|\|4\|\|1\|\|3\|\| |
| ਬਿਲਾਵਲੁ ਮਹਲਾ ੪ ਸਲੋਕੁ ॥ | Bilaaval, Fourth Mehl, Shalok: |
| ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ ॥ | Seek out the Lord God, your only true Friend. He shall dwell in your mind, by great good fortune. |
| ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ ॥੧॥ | The True Guru shall reveal Him to you; O Nanak, lovingly focus yourself on the Lord. \|\|1\|\| |

| ਛੰਤ ॥ | Chhant: |
|---|---|
| ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ | The soul-bride has come to ravish and enjoy her Lord God, after eradicating the poison of egotism. |
| ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ | Following the Guru's Teachings, she has eliminated her self-conceit; she is lovingly attuned to her Lord, Har, Har. |
| ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ | Her heart-lotus deep within has blossomed forth, and through the Guru, spiritual wisdom has been awakened within her. |
| ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥ | Servant Nanak has found the Lord God, by perfect, great good fortune. ‖1‖ |
| ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ | The Lord, the Lord God, is pleasing to her mind; the Lord's Name resounds within her. |
| ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥ | Through the Perfect Guru, God is obtained; she is lovingly focused on the Lord, Har, Har. |
| ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥ | The darkness of ignorance is dispelled, and the Divine Light radiantly shines forth. |
| ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥ | The Naam, the Name of the Lord, is Nanak's only Support; he merges into the Lord's Name. ‖2‖ |
| ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥ | The soul-bride is ravished and enjoyed by her Beloved Lord God, when the Lord God is pleased with her. |
| ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥ | My eyes are drawn to His Love, like the cat to the mouse. |
| ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥ | The Perfect Guru has united me with the Lord; I am satisfied by the subtle essence of the Lord. |
| ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥ | Servant Nanak blossoms forth in the Naam, the Name of the Lord; he is lovingly attuned to the Lord, Har, Har. ‖3‖ |
| ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥ | I am a fool and an idiot, but the Lord showered me with His Mercy, and united me with Himself. |
| ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥ | Blessed, blessed is the most wonderful Guru, who has conquered egotism. |
| ਜਿਨ੍ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥ | Very fortunate, of blessed destiny are those, who enshrine the Lord, Har, Har, in their hearts. |

| | |
|---|---|
| ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥੨॥੪॥ | O servant Nanak, praise the Naam, and be a sacrifice to the Naam. \|\|4\|\|2\|\|4\|\| |
| ਬਿਲਾਵਲੁ ਮਹਲਾ ੫ ਛੰਤ | Bilaaval, Fifth Mehl, Chhant: |
| ੧ਓ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ | The time of rejoicing has come; I sing of my Lord God. |
| ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ | I have heard of my Imperishable Husband Lord, and happiness fills my mind. |
| ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ | My mind is in love with Him; when shall I realize my great good fortune, and meet with my Perfect Husband? |
| ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ | If only I could meet the Lord of the Universe, and be automatically absorbed into Him; tell me how, O my companions! |
| ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ | Day and night, I stand and serve my God; how can I attain Him? |
| ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥੧॥ | Prays Nanak, have mercy on me, and attach me to the hem of Your robe, O Lord. \|\|1\|\| |
| ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ | Joy has come! I have purchased the jewel of the Lord. |
| ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ | Searching, the seeker has found the Lord with the Saints. |
| ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ | I have met the Beloved Saints, and they have blessed me with their kindness; I contemplate the Unspoken Speech of the Lord. |
| ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ | With my consciousness centered, and my mind one-pointed, I meditate on my Lord and Master, with love and affection. |
| ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ | With my palms pressed together, I pray unto God, to bless me with the profit of the Lord's Praise. |
| ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨॥ | Prays Nanak, I am Your slave. My God is inaccessible and unfathomable. \|\|2\|\| |

| ੮੪੬ | 846 |
|---|---|
| ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ | The date for my wedding is set, and cannot be changed; my union with the Lord is perfect. |
| ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ | I am totally at peace, and my separation from Him has ended. |
| ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ | The Saints meet and come together, and meditate on God; they form a wondrous wedding party. |
| ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ | Gathering together, they arrive with poise and grace, and love fills the minds of the bride's family. |
| ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ | Her light blends with His Light, through and through, and everyone enjoys the Nectar of the Lord's Name. |
| ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥੩॥ | Prays Nanak, the Saints have totally united me with God, the All-powerful Cause of causes. \|\|3\|\| |
| ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ | Beautiful is my home, and beauteous is the earth. |
| ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ | God has entered the home of my heart; I touch the Guru's feet. |
| ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ | Grasping the Guru's feet, I awake in peace and poise. All my desires are fulfilled. |
| ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ | My hopes are fulfilled, through the dust of the feet of the Saints. After such a long separation, I have met my Husband Lord. |
| ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ | Night and day, the sounds of ecstasy resound and resonate; I have forsaken my stubborn-minded intellect. |
| ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥ | Prays Nanak, I seek the Sanctuary of my Lord and Master; in the Society of the Saints, I am lovingly attuned to Him. \|\|4\|\|1\|\| |
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ | By blessed destiny, I have found my Husband Lord. |
| ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥ | The unstruck sound current vibrates and resounds in the Court of the Lord. |

ਆਨੰਦ ਅਨਦਿਨੁ ਵਜਹਿ ਵਾਜੇ
ਦਿਨਸੁ ਰੈਣਿ ਉਮਾਹਾ ॥

Night and day, the sounds of ecstasy resound and resonate; day and night, I am enraptured.

ਤਹ ਰੋਗ ਸੋਗ ਨ ਦੂਖੁ ਬਿਆਪੈ
ਜਨਮ ਮਰਣੁ ਨ ਤਾਹਾ ॥

Disease, sorrow and suffering do not afflict anyone there; there is no birth or death there.

ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ
ਭਗਤਿ ਭਰੇ ਭੰਡਾਰਾ ॥

There are treasures overflowing there - wealth, miraculous powers, ambrosial nectar and devotional worship.

ਬਿਨਵੰਤਿ ਨਾਨਕ ਬਲਿਹਾਰਿ ਵੰਞਾ
ਪਾਰਬ੍ਰਹਮ ਪ੍ਰਾਨ ਅਧਾਰਾ ॥੧॥

Prays Nanak, I am a sacrifice, devoted to the Supreme Lord God, the Support of the breath of life. ||1||

ਸੁਣਿ ਸਖੀਅ ਸਹੇਲੜੀਹੋ ਮਿਲਿ
ਮੰਗਲੁ ਗਾਵਹ ਰਾਮ ॥

Listen, O my companions, and sister soul-brides, let's join together and sing the songs of joy.

ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ
ਕਉ ਰਾਵਹ ਰਾਮ ॥

Loving our God with mind and body, let's ravish and enjoy Him.

ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ
ਨਿਮਖ ਪਲਕ ਨ ਤਿਆਗੀਐ ॥

Lovingly enjoying Him, we become pleasing to Him; let's not reject Him, for a moment, even for an instant.

ਗਹਿ ਕੰਠਿ ਲਾਈਐ ਨਹ ਲਜਾਈਐ
ਚਰਨ ਰਜ ਮਨੁ ਪਾਗੀਐ ॥

Let's hug Him close in our embrace, and not feel shy; let's bathe our minds in the dust of His feet.

ਭਗਤਿ ਠਗਉਰੀ ਪਾਇ ਮੋਹਹ
ਅਨਤ ਕਤਹੂ ਨ ਧਾਵਹ ॥

With the intoxicating drug of devotional worship, let's entice Him, and not wander anywhere else.

ਬਿਨਵੰਤਿ ਨਾਨਕ ਮਿਲਿ ਸੰਗਿ
ਸਾਜਨ ਅਮਰ ਪਦਵੀ ਪਾਵਹ ॥੨॥

Prays Nanak, meeting with our True Friend, we attain the immortal status. ||2||

ਬਿਸਮਨ ਬਿਸਮ ਭਈ ਪੇਖਿ ਗੁਣ
ਅਬਿਨਾਸੀ ਰਾਮ ॥

I am wonder-struck and amazed, gazing upon the Glories of my Imperishable Lord.

ਕਰੁ ਗਹਿ ਭੁਜਾ ਗਹੀ ਕਟਿ ਜਮ ਕੀ
ਫਾਸੀ ਰਾਮ ॥

He took my hand, and held my arm, and cut away the noose of Death.

ਗਹਿ ਭੁਜਾ ਲੀਨ੍ੀ ਦਾਸਿ ਕੀਨ੍ੀ
ਅੰਕੁਰਿ ਉਦੋਤੁ ਜਣਾਇਆ ॥

Holding me by the arm, He made me His slave; the branch has sprouted in abundance.

ਮਲਨ ਮੋਹ ਬਿਕਾਰ ਨਾਠੇ ਦਿਵਸ
ਨਿਰਮਲ ਆਇਆ ॥

Pollution, attachment and corruption have run away; the immaculate day has dawned.

ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ
ਦੁਰਮਤਿ ਨਾਸੀ ॥

Casting His Glance of Grace, the Lord loves me with His Mind; my immense evil-mindedness is dispelled.

ਬਿਨਵੰਤਿ ਨਾਨਕ ਭਈ ਨਿਰਮਲ
ਪ੍ਰਭ ਮਿਲੇ ਅਬਿਨਾਸੀ ॥੩॥

Prays Nanak, I have become immaculate and pure; I have met the Imperishable Lord God. ||3||

| | |
|---|---|
| ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ | The rays of light merge with the sun, and water merges with water. |
| ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ | One's light blends with the Light, and one becomes totally perfect. |
| ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ | I see God, hear God, and speak of the One and only God. |
| ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ | The soul is the Creator of the expanse of creation. Without God, I know no other at all. |
| ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ | He Himself is the Creator, and He Himself is the Enjoyer. He created the Creation. |
| ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥ | Prays Nanak, they alone know this, who drink in the subtle essence of the Lord. ‖4‖2‖ |

## ੮੪੭ / 847

| | |
|---|---|
| ਬਿਲਾਵਲੁ ਮਹਲਾ ੫ ਛੰਤ | Bilaaval, Fifth Mehl, Chhant: |
| ੧ੴ ਸਤਿਗੁਰ ਪ੍ਰਸਾਦਿ ॥ | One Universal Creator God. By The Grace Of The True Guru: |
| ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥ | Come, O my sisters, come, O my companions, and let us remain under the Lord's control. Let's sing the Songs of Bliss of our Husband Lord. |
| ਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥ | Renounce your pride, O my companions, renounce your egotistical pride, O my sisters, so that you may become pleasing to your Beloved. |
| ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥ | Renounce pride, emotional attachment, corruption and duality, and serve the One Immaculate Lord. |
| ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥ | Hold tight to the Sanctuary of the Feet of the Merciful Lord, your Beloved, the Destroyer of all sins. |
| ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥ | Be the slave of His slaves, forsake sorrow and sadness, and do not bother with other devices. |
| ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥੧॥ | Prays Nanak, O Lord, please bless me with Your Mercy, that I may sing Your songs of bliss. ‖1‖ |
| ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥ | The Ambrosial Naam, the Name of my Beloved, is like a cane to a blind man. |

| | |
|---|---|
| ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ ॥ | Maya seduces in so many ways, like a beautiful enticing woman. |
| ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥ | This enticer is so incredibly beautiful and clever; she entices with countless suggestive gestures. |
| ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ ॥ | Maya is stubborn and persistent; she seems so sweet to the mind, and then it does not chant the Naam. |
| ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ ॥ | At home, in the forest, on the banks of sacred rivers, fasting, worshipping, on the roads and on the shore, she is spying. |
| ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ ॥੨॥ | Prays Nanak, please bless me with Your Kindness, Lord; I am blind, and Your Name is my cane. \|\|2\|\| |
| ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ ॥ | I am helpless and masterless; You, O my Beloved, are my Lord and Master. As it pleases You, so do You protect me. |
| ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥ | I have no wisdom or cleverness; what face should I put on to please You? |
| ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥ | I am not clever, skillful or wise; I am worthless, without any virtue at all. |
| ਨਹ ਰੂਪ ਧੂਪ ਨ ਨੈਣ ਬੰਕੇ ਜਹ ਭਾਵੈ ਤਹ ਰਖੁ ਤੁਹੀ ॥ | I have no beauty or pleasing smell, no beautiful eyes. As it pleases You, please preserve me, O Lord. |
| ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ ॥ | His victory is celebrated by all; how can I know the state of the Lord of Mercy? |
| ਨਾਨਕੁ ਪਇਅੰਪੈ ਸੇਵ ਸੇਵਕੁ ਜਿਉ ਜਾਨਹੁ ਤਿਉ ਮੋਹਿ ਰਖਹੁ ॥੩॥ | Prays Nanak, I am the servant of Your servants; as it pleases You, please preserve me. \|\|3\|\| |
| ਮੋਹਿ ਮਛੁਲੀ ਤੁਮ ਨੀਰ ਤੁਝ ਬਿਨੁ ਕਿਉ ਸਰੈ ॥ | I am the fish, and You are the water; without You, what can I do? |
| ਮੋਹਿ ਚਾਤ੍ਰਿਕ ਤੁਮ੍ਹ ਬੂੰਦ ਤ੍ਰਿਪਤਉ ਮੁਖਿ ਪਰੈ ॥ | I am the rainbird, and You are the rain-drop; when it falls into my mouth, I am satisfied. |
| ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ ॥ | When it falls into my mouth, my thirst is quenched; You are the Lord of my soul, my heart, my breath of life. |
| ਲਾਡਿਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ ॥ | Touch me, and caress me, O Lord, You are in all; let me meet You, so that I may be emancipated. |
| ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ ॥ | In my consciousness I remember You, and the darkness is dispelled, like the chakvi duck, which longs to see the dawn. |

ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ ਮਛੁਲੀ ਨੀਰੁ ਨ ਵੀਸਰੈ ॥੪॥

Prays Nanak, O my Beloved, please unite me with Yourself; the fish never forgets the water. ||4||

ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥

Blessed, blessed is my destiny; my Husband Lord has come into my home.

ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥

The gate of my mansion is so beautiful, and all my gardens are so green and alive.

ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ ॥

My peace-giving Lord and Master has rejuvenated me, and blessed me with great joy, bliss and love.

ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ ॥

My Young Husband Lord is eternally young, and His body is forever youthful; what tongue can I use to chant His Glorious Praises?

ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ॥

My bed is beautiful; gazing upon Him, I am fascinated, and all my doubts and pains are dispelled.

ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ ॥੫॥੧॥੩॥

Prays Nanak, my hopes are fulfilled; my Lord and Master is unlimited. ||5||1||3||

ਬਿਲਾਵਲੁ ਮਹਲਾ ੫ ਛੰਤ ਮੰਗਲ

Bilaaval, Fifth Mehl, Chhant, Mangal ~ The Song Of Joy:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਸਲੋਕੁ ॥

Shalok:

ਸੁੰਦਰ ਸਾਂਤਿ ਦਇਆਲ ਪ੍ਰਭ ਸਰਬ ਸੁਖਾ ਨਿਧਿ ਪੀਉ ॥

God is beautiful, tranquil and merciful; He is the treasure of absolute peace, my Husband Lord.

**੮੪੮**

848

ਸੁਖ ਸਾਗਰ ਪ੍ਰਭ ਭੇਟਿਐ ਨਾਨਕ ਸੁਖੀ ਹੋਤ ਇਹੁ ਜੀਉ ॥੧॥

Meeting with God, the Ocean of Peace, O Nanak, this soul becomes happy. ||1||

ਛੰਤ ॥

Chhant:

ਸੁਖ ਸਾਗਰ ਪ੍ਰਭੁ ਪਾਈਐ ਜਬ ਹੋਵੈ ਭਾਗੋ ਰਾਮ ॥

One finds God, the Ocean of Peace, when destiny is activated.

ਮਾਨਨਿ ਮਾਨੁ ਵਞਾਈਐ ਹਰਿ ਚਰਣੀ ਲਾਗੋ ਰਾਮ ॥

Abandoning the distinctions of honor and dishonor, grasp the Feet of the Lord.

| | |
|---|---|
| ਛੋਡਿ ਸਿਆਨਪ ਚਾਤੁਰੀ ਦੁਰਮਤਿ ਬੁਧਿ ਤਿਆਗੋ ਰਾਮ ॥ | Renounce cleverness and trickery, and forsake your evil-minded intellect. |
| ਨਾਨਕ ਪਉ ਸਰਣਾਈ ਰਾਮ ਰਾਇ ਥਿਰੁ ਹੋਇ ਸੁਹਾਗੋ ਰਾਮ ॥੧॥ | O Nanak, seek the Sanctuary of the Sovereign Lord, Your King, and your marriage will be permanent and stable. \|\|1\|\| |
| ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ ॥ | Why forsake God, and attach yourself to another? Without the Lord, you cannot even live. |
| ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ ॥ | The ignorant fool does not feel any shame; the evil man wanders around deluded. |
| ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ ॥ | God is the Purifier of sinners; if he forsakes God, tell me, where he can find a place of rest? |
| ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ ਪਦੁ ਪਾਈਐ ਰਾਮ ॥੨॥ | O Nanak, by loving devotional worship of the Merciful Lord, he attains the state of eternal life. \|\|2\|\| |
| ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ | May that vicious tongue that does not chant the Name of the Great Lord of the World, be burnt. |
| ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ ॥ | One who does not serve God, the Lover of His devotees, shall have his body eaten by crows. |
| ਭ੍ਰਮਿ ਮੋਹੀ ਦੂਖ ਨ ਜਾਣਹੀ ਕੋਟਿ ਜੋਨੀ ਬਸਨਾ ਰਾਮ ॥ | Enticed by doubt, he does not understand the pain it brings; he wanders through millions of incarnations. |
| ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ ॥੩॥ | O Nanak, if you desire anything other than the Lord, you shall be consumed, like a maggot in manure. \|\|3\|\| |
| ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ ॥ | Embrace love for the Lord God, and in detachment, unite with Him. |
| ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ ॥ | Give up your sandalwood oil, expensive clothes, perfumes, tasty flavors and the poison of egotism. |
| ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ ॥ | Do not waver this way or that, but remain wakeful in the service of the Lord. |
| ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ ਅਟਲ ਸੁਹਾਗਨਿ ਰਾਮ ॥੪॥੧॥੪॥ | O Nanak, she who has obtained her God, is a happy soul-bride forever. \|\|4\|\|1\|\|4\|\| |

| | |
|---|---|
| ਬਿਲਾਵਲੁ ਮਹਲਾ ੫ ॥ | Bilaaval, Fifth Mehl: |
| ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ ॥ | Seek the Lord, O fortunate ones, and join the Saadh Sangat, the Company of the Holy. |
| ਗੁਨ ਗੋਵਿਦ ਸਦ ਗਾਈਅਹਿ ਪਾਰਬ੍ਰਹਮ ਕੈ ਰੰਗੇ ਰਾਮ ॥ | Sing the Glorious Praises of the Lord of the Universe forever, imbued with the Love of the Supreme Lord God. |
| ਸੋ ਪ੍ਰਭੁ ਸਦ ਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ ॥ | Serving God forever, you shall obtain the fruitful rewards you desire. |
| ਨਾਨਕ ਪ੍ਰਭ ਸਰਣਾਗਤੀ ਜਪਿ ਅਨਤ ਤਰੰਗੇ ਰਾਮ ॥੧॥ | O Nanak, seek the Sanctuary of God; meditate on the Lord, and ride the many waves of the mind. ‖1‖ |
| ਇਕੁ ਤਿਲੁ ਪ੍ਰਭੂ ਨ ਵੀਸਰੈ ਜਿਨਿ ਸਭੁ ਕਿਛੁ ਦੀਨਾ ਰਾਮ ॥ | I shall not forget God, even for an instant; He has blessed me with everything. |
| ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ ॥ | By great good fortune, I have met Him; as Gurmukh, I contemplate my Husband Lord. |
| ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ ॥ | Holding me by the arm, He has lifted me up and pulled me out of the darkness, and made me His own. |
| ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ ॥੨॥ | Chanting the Naam, the Name of the Lord, Nanak lives; his mind and heart are cooled and soothed. ‖2‖ |
| ਕਿਆ ਗੁਣ ਤੇਰੇ ਕਹਿ ਸਕਉ ਪ੍ਰਭ ਅੰਤਰਜਾਮੀ ਰਾਮ ॥ | What virtues of Yours can I speak, O God, O Searcher of hearts? |
| ਸਿਮਰਿ ਸਿਮਰਿ ਨਾਰਾਇਣੈ ਭਏ ਪਾਰਗਰਾਮੀ ਰਾਮ ॥ | Meditating, meditating in remembrance on the Lord, I have crossed over to the other shore. |
| ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ ॥ | Singing the Glorious Praises of the Lord of the Universe, all my desires are fulfilled. |
| ਨਾਨਕ ਉਧਰੇ ਜਪਿ ਹਰੇ ਸਭਹੂ ਕਾ ਸੁਆਮੀ ਰਾਮ ॥੩॥ | Nanak is saved, meditating on the Lord, the Lord and Master of all. ‖3‖ |
| ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ ॥ | Sublime are those eyes, which are drenched with the Love of the Lord. |
| ਪ੍ਰਭ ਪੇਖਤ ਇਛਾ ਪੁੰਨੀਆ ਮਿਲਿ ਸਾਜਨ ਜੀ ਕੇ ਰਾਮ ॥ | Gazing upon God, my desires are fulfilled; I have met the Lord, the Friend of my soul. |
| ਅੰਮ੍ਰਿਤ ਰਸੁ ਹਰਿ ਪਾਇਆ ਬਿਖਿਆ ਰਸ ਫੀਕੇ ਰਾਮ ॥ | I have obtained the Ambrosial Nectar of the Lord's Love, and now the taste of corruption is insipid and tasteless to me. |

ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ ॥੪॥੨॥੫॥੯॥

O Nanak, as water mingles with water, my light has merged into the Light. ||4||2||5||9||

## ੮੪੯

## 849

ਬਿਲਾਵਲੁ ਕੀ ਵਾਰ ਮਹਲਾ ੪

ੴ ਸਤਿਗੁਰ ਪ੍ਰਸਾਦਿ ॥

Vaar Of Bilaaval, Fourth Mehl:

One Universal Creator God.
By The Grace Of The True Guru:

ਸਲੋਕ ਮਃ ੪ ॥

Shalok, Fourth Mehl:

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥

I sing of the sublime Lord, the Lord God, in the melody of Raag Bilaaval.

ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥

Hearing the Guru's Teachings, I obey them; this is the pre-ordained destiny written upon my forehead.

ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ ॥

All day and night, I chant the Glorious Praises of the Lord, Har, Har, Har; within my heart, I am lovingly attuned to Him.

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥

My body and mind are totally rejuvenated, and the garden of my mind has blossomed forth in lush abundance.

ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ ॥

The darkness of ignorance has been dispelled, with the light of the lamp of the Guru's wisdom. Servant Nanak lives by beholding the Lord.

ਜਨੁ ਨਾਨਕੁ ਜੀਵੈ ਦੇਖਿ ਹਰਿ ਇਕ ਨਿਮਖ ਘੜੀ ਮੁਖਿ ਲਾਗੁ ॥੧॥

Let me behold Your face, for a moment, even an instant! ||1||

ਮਃ ੩ ॥

Third Mehl:

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ ॥

Be happy and sing in Bilaaval, when the Naam, the Name of the Lord, is in your mouth.

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

The melody and music, and the Word of the Shabad are beautiful, when one focuses his meditation on the celestial Lord.

ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥

So leave behind the melody and music, and serve the Lord; then, you shall obtain honor in the Court of the Lord.

ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ ਚੂਕੈ ਮਨਿ ਅਭਿਮਾਨੁ ॥੨॥

O Nanak, as Gurmukh, contemplate God, and rid your mind of egotistical pride. ||2||

| | |
|---|---|
| ਪਉੜੀ ॥ | Pauree: |
| ਤੂ ਹਰਿ ਪ੍ਰਭੁ ਆਪਿ ਅਗੰਮੁ ਹੈ ਸਭਿ ਤੁਧੁ ਉਪਾਇਆ ॥ | O Lord God, You Yourself are inaccessible; You formed everything. |
| ਤੂ ਆਪੇ ਆਪਿ ਵਰਤਦਾ ਸਭੁ ਜਗਤੁ ਸਬਾਇਆ ॥ | You Yourself are totally permeating and pervading the entire universe. |
| ਤੁਧੁ ਆਪੇ ਤਾੜੀ ਲਾਈਐ ਆਪੇ ਗੁਣ ਗਾਇਆ ॥ | You Yourself are absorbed in the state of deep meditation; You Yourself sing Your Glorious Praises. |
| ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ ਅੰਤਿ ਲਏ ਛਡਾਇਆ ॥ | Meditate on the Lord, O devotees, day and night; He shall deliver you in the end. |
| ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿ ਨਾਮਿ ਸਮਾਇਆ ॥੧॥ | Those who serve the Lord, find peace; they are absorbed in the Name of the Lord. \|\|1\|\| |
| ਸਲੋਕ ਮਃ ੩ ॥ | Shalok, Third Mehl: |
| ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥ | In the love of duality, the happiness of Bilaaval does not come; the self-willed manmukh finds no place of rest. |
| ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥ | Through hypocrisy, devotional worship does not come, and the Supreme Lord God is not found. |
| ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ ॥ | By stubborn-mindedly performing religious rituals, no one obtains the approval of the Lord. |
| ਨਾਨਕ ਗੁਰਮੁਖਿ ਆਪੁ ਬੀਚਾਰੀਐ ਵਿਚਹੁ ਆਪੁ ਗਵਾਇ ॥ | O Nanak, the Gurmukh understands himself, and eradicates self-conceit from within. |
| ਆਪੇ ਆਪਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਵਸਿਆ ਮਨਿ ਆਇ ॥ | He Himself is the Supreme Lord God; the Supreme Lord God comes to dwell in his mind. |
| ਜੰਮਣੁ ਮਰਣਾ ਕਟਿਆ ਜੋਤੀ ਜੋਤਿ ਮਿਲਾਇ ॥੧॥ | Birth and death are erased, and his light blends with the Light. \|\|1\|\| |
| ਮਃ ੩ ॥ | Third Mehl: |
| ਬਿਲਾਵਲੁ ਕਰਿਹੁ ਤੁਮ੍ਹ ਪਿਆਰਿਹੋ ਏਕਸੁ ਸਿਉ ਲਿਵ ਲਾਇ ॥ | Be happy in Bilaaval, O my beloveds, and embrace love for the One Lord. |
| ਜਨਮ ਮਰਣ ਦੁਖੁ ਕਟੀਐ ਸਚੇ ਰਹੈ ਸਮਾਇ ॥ | The pains of birth and death shall be eradicated, and you shall remain absorbed in the True Lord. |

ਸਦਾ ਬਿਲਾਵਲੁ ਅਨੰਦੁ ਹੈ ਜੇ ਚਲਹਿ ਸਤਿਗੁਰ ਭਾਇ ॥

You shall be blissful forever in Bilaaval, if you walk in harmony with the Will of the True Guru.

ਸਤਸੰਗਤੀ ਬਹਿ ਭਾਉ ਕਰਿ ਸਦਾ ਹਰਿ ਕੇ ਗੁਣ ਗਾਇ ॥

Sitting in the Saints' Congregation, sing with love the Glorious Praises of the Lord forever.

ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ ॥੨॥

O Nanak, beautiful are those humble beings, who, as Gurmukh, are united in the Lord's Union. ||2||

ਪਉੜੀ ॥

Pauree:

ਸਭਨਾ ਜੀਆ ਵਿਚਿ ਹਰਿ ਆਪਿ ਸੋ ਭਗਤਾ ਕਾ ਮਿਤੁ ਹਰਿ ॥

The Lord Himself is within all beings. The Lord is the friend of His devotees.

ਸਭੁ ਕੋਈ ਹਰਿ ਕੈ ਵਸਿ ਭਗਤਾ ਕੈ ਅਨੰਦੁ ਘਰਿ ॥

Everyone is under the Lord's control; in the home of the devotees there is bliss.

ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ ॥

The Lord is the friend and companion of His devotees; all His humble servants stretch out and sleep in peace.

ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ ॥

The Lord is the Lord and Master of all; O humble devotee, remember Him.

ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ ॥੨॥

No one can equal You, Lord. Those who try, struggle and die in frustration. ||2||

## ੮੫੦

## 850

ਸਲੋਕ ਮਃ ੩ ॥

Shalok, Third Mehl:

ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ ॥

He alone knows God, and he alone is a Brahmin, who walks in harmony with the Will of the True Guru.

ਜਿਨ ਕੈ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ ॥

One whose heart is filled with the Lord, is freed of egotism and disease.

ਗੁਣ ਰਵਹਿ ਗੁਣ ਸੰਗ੍ਰਹਹਿ ਜੋਤੀ ਜੋਤਿ ਮਿਲਾਇ ॥

He chants the Lord's Praises, gathers virtue, and his light merges into the Light.

ਇਸੁ ਜੁਗ ਮਹਿ ਵਿਰਲੇ ਬ੍ਰਾਹਮਣ ਬ੍ਰਹਮੁ ਬਿੰਦਹਿ ਚਿਤੁ ਲਾਇ ॥

How rare are those Brahmins who, in this age, come to know God, by lovingly focusing their consciousness on Him.

ਨਾਨਕ ਜਿਨ੍ਹ ਕਉ ਨਦਰਿ ਕਰੇ ਹਰਿ ਸਚਾ ਸੇ ਨਾਮਿ ਰਹੇ ਲਿਵ ਲਾਇ ॥੧॥

O Nanak, those who are blessed by the Lord's Glance of Grace, remain lovingly attuned to the Name of the True Lord. ||1||

| | |
|---|---|
| ਮਃ ੩ ॥ | Third Mehl: |
| ਸਤਿਗੁਰ ਕੀ ਸੇਵ ਨ ਕੀਤੀਆ ਸਬਦਿ ਨ ਲਗੋ ਭਾਉ ॥ | One who does not serve the True Guru, and who does not love the Word of the Shabad, |
| ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ ॥ | earns the very painful disease of egotism; he is so very selfish. |
| ਮਨਹਠਿ ਕਰਮ ਕਮਾਵਣੇ ਫਿਰਿ ਫਿਰਿ ਜੋਨੀ ਪਾਇ ॥ | Acting stubborn-mindedly, he is reincarnated over and over again. |
| ਗੁਰਮੁਖਿ ਜਨਮੁ ਸਫਲੁ ਹੈ ਜਿਸ ਨੋ ਆਪੇ ਲਏ ਮਿਲਾਇ ॥ | The birth of the Gurmukh is fruitful and auspicious. The Lord unites him with Himself. |
| ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ ॥੨॥ | O Nanak, when the Merciful Lord grants His Mercy, one obtains the wealth of the Naam, the Name of the Lord. ‖2‖ |
| ਪਉੜੀ ॥ | Pauree: |
| ਸਭ ਵਡਿਆਈਆ ਹਰਿ ਨਾਮ ਵਿਚਿ ਹਰਿ ਗੁਰਮੁਖਿ ਧਿਆਈਐ ॥ | All glorious greatness is in the Name of the Lord; as Gurmukh, meditate on the Lord. |
| ਜਿ ਵਸਤੁ ਮੰਗੀਐ ਸਾਈ ਪਾਈਐ ਜੇ ਨਾਮਿ ਚਿਤੁ ਲਾਈਐ ॥ | One obtains all that he asks for, if he keeps his consciousness focused on the Lord. |
| ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ ਤਾ ਸਰਬ ਸੁਖੁ ਪਾਈਐ ॥ | If he tells the secrets of his soul to the True Guru, then he finds absolute peace. |
| ਗੁਰੁ ਪੂਰਾ ਹਰਿ ਉਪਦੇਸੁ ਦੇਇ ਸਭ ਭੁਖ ਲਹਿ ਜਾਈਐ ॥ | When the Perfect Guru bestows the Lord's Teachings, then all hunger departs. |
| ਜਿਸੁ ਪੂਰਬਿ ਹੋਵੈ ਲਿਖਿਆ ਸੋ ਹਰਿ ਗੁਣ ਗਾਈਐ ॥੩॥ | One who is blessed with such pre-ordained destiny, sings the Glorious Praises of the Lord. ‖3‖ |
| ਸਲੋਕ ਮਃ ੩ ॥ | Shalok, Third Mehl: |
| ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ ॥ | No one goes away empty-handed from the True Guru; He unites me in Union with my God. |
| ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ ॥ | Fruitful is the Blessed Vision of the Darshan of the True Guru; through it, one obtains whatever fruitful rewards he desires. |
| ਗੁਰ ਕਾ ਸਬਦੁ ਅੰਮ੍ਰਿਤੁ ਹੈ ਸਭ ਤ੍ਰਿਸਨਾ ਭੁਖ ਗਵਾਏ ॥ | The Word of the Guru's Shabad is Ambrosial Nectar. It banishes all hunger and thirst. |

| | |
|---|---|
| ਹਰਿ ਰਸੁ ਪੀ ਸੰਤੋਖੁ ਹੋਆ ਸਚੁ ਵਸਿਆ ਮਨਿ ਆਏ ॥ | Drinking in the sublime essence of the Lord brings contentment; the True Lord comes to dwell in the mind. |
| ਸਚੁ ਧਿਆਇ ਅਮਰਾ ਪਦੁ ਪਾਇਆ ਅਨਹਦ ਸਬਦ ਵਜਾਏ ॥ | Meditating on the True Lord, the status of immortality is obtained; the Unstruck Word of the Shabad vibrates and resounds. |
| ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ ॥ | The True Lord is pervading in the ten directions; through the Guru, this is intuitively known. |
| ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥੧॥ | O Nanak, those humble beings who have the Truth deep within, are never hidden, even if others try to hide them. \|\|1\|\| |
| ਮਃ ੩ ॥ | Third Mehl: |
| ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ | Serving the Guru, one finds the Lord, when the Lord blesses him with His Glance of Grace. |
| ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ ॥ | Human beings become angels, when the Lord blesses them with true devotional worship. |
| ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ ॥ | Conquering egotism, they are blended with the Lord; through the Word of the Guru's Shabad, they are purified. |
| ਨਾਨਕ ਸਹਜੇ ਮਿਲਿ ਰਹੇ ਨਾਮੁ ਵਡਿਆਈ ਦੇਇ ॥੨॥ | O Nanak, they remain merged with the Lord; they are blessed with the glorious greatness of the Naam. \|\|2\|\| |
| ਪਉੜੀ ॥ | Pauree: |
| ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ ਹਰਿ ਕਰਤੈ ਆਪਿ ਵਧਾਈ ॥ | Within the Guru, the True Guru, is the glorious greatness of the Name. The Creator Lord Himself has magnified it. |
| ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ ॥ | All His servants and Sikhs live by gazing, gazing upon it. It is pleasing to their hearts deep within. |
| ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ ॥ | The slanderers and evil-doers cannot see this glorious greatness; they do not appreciate the goodness of others. |
| ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ ॥ | What can be achieved by anyone babbling? The Guru is in love with the True Lord. |
| ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ ॥੪॥ | That which is pleasing to the Creator Lord, increases day by day, while all the people babble uselessly. \|\|4\|\| |

| | |
|---|---|
| ਸਲੋਕ ਮਃ ੩ ॥ | Shalok, Third Mehl: |
| ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ ॥ | Cursed are the hopes in the love of duality; they tie the consciousness to love and attachment to Maya. |
| ਹਰਿ ਸੁਖੁ ਪਲ੍ਹਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ ॥ | One who forsakes the peace of the Lord in exchange for straw, and forgets the Naam, suffers in pain. |
| **੮੫੧** | 851 |
| ਮਨਮੁਖ ਅਗਿਆਨੀ ਅੰਧੁਲੇ ਜਨਮਿ ਮਰਹਿ ਫਿਰਿ ਆਵੈ ਜਾਏ ॥ | The ignorant self-willed manmukhs are blind. They are born, only to die again, and continue coming and going. |
| ਕਾਰਜ ਸਿਧਿ ਨ ਹੋਵਨੀ ਅੰਤਿ ਗਇਆ ਪਛੁਤਾਏ ॥ | Their affairs are not resolved, and in the end, they depart, regretting and repenting. |
| ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ ਸੋ ਹਰਿ ਹਰਿ ਨਾਮੁ ਧਿਆਏ ॥ | One who is blessed with the Lord's Grace, meets the True Guru; he alone meditates on the Name of the Lord, Har, Har. |
| ਨਾਮਿ ਰਤੇ ਜਨ ਸਦਾ ਸੁਖੁ ਪਾਇਨ੍ਹਿ ਜਨ ਨਾਨਕ ਤਿਨ ਬਲਿ ਜਾਏ ॥੧॥ | Imbued with the Naam, the humble servants of the Lord find a lasting peace; servant Nanak is a sacrifice to them. ‖1‖ |
| ਮਃ ੩ ॥ | Third Mehl: |
| ਆਸਾ ਮਨਸਾ ਜਗਿ ਮੋਹਣੀ ਜਿਨਿ ਮੋਹਿਆ ਸੰਸਾਰੁ ॥ | Hope and desire entice the world; they entice the whole universe. |
| ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ ॥ | Everyone, and all that has been created, is under the domination of Death. |
| ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰੁ ॥ | By the Hukam of the Lord's Command, Death seizes the mortal; he alone is saved, whom the Creator Lord forgives. |
| ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ ਜਾ ਛੋਡੈ ਅਹੰਕਾਰੁ ॥ | O Nanak, by Guru's Grace, this mortal swims across, if he abandons his ego. |
| ਆਸਾ ਮਨਸਾ ਮਾਰੇ ਨਿਰਾਸੁ ਹੋਇ ਗੁਰ ਸਬਦੀ ਵੀਚਾਰੁ ॥੨॥ | Conquer hope and desire, and remain unattached; contemplate the Word of the Guru's Shabad. ‖2‖ |
| ਪਉੜੀ ॥ | Pauree: |
| ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ ॥ | Wherever I go in this world, I see the Lord there. |

| | |
|---|---|
| ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ ॥ | In the world hereafter as well, the Lord, the True Judge Himself, is pervading and permeating everywhere. |
| ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤਿ ਵਡਿਆਈ ॥ | The faces of the false are cursed, while the true devotees are blessed with glorious greatness. |
| ਸਚੁ ਸਾਹਿਬੁ ਸਚਾ ਨਿਆਉ ਹੈ ਸਿਰਿ ਨਿੰਦਕ ਛਾਈ ॥ | True is the Lord and Master, and true is His justice. The heads of the slanderers are covered with ashes. |
| ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ ॥੫॥ | Servant Nanak worships the True Lord in adoration; as Gurmukh, he finds peace. ‖5‖ |
| ਸਲੋਕ ਮਃ ੩ ॥ | Shalok, Third Mehl: |
| ਪੂਰੈ ਭਾਗਿ ਸਤਿਗੁਰੁ ਪਾਈਐ ਜੇ ਹਰਿ ਪ੍ਰਭੁ ਬਖਸ ਕਰੇਇ ॥ | By perfect destiny, one finds the True Guru, if the Lord God grants forgiveness. |
| ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ ॥ | Of all efforts, the best effort is to attain the Lord's Name. |
| ਅੰਦਰੁ ਸੀਤਲੁ ਸਾਂਤਿ ਹੈ ਹਿਰਦੈ ਸਦਾ ਸੁਖੁ ਹੋਇ ॥ | It brings a cooling, soothing tranquility deep within the heart, and eternal peace. |
| ਅੰਮ੍ਰਿਤੁ ਖਾਣਾ ਪੈਨ੍ਣਾ ਨਾਨਕ ਨਾਇ ਵਡਿਆਈ ਹੋਇ ॥੧॥ | Then, one eats and wears the Ambrosial Nectar; O Nanak, through the Name, comes glorious greatness. ‖1‖ |
| ਮਃ ੩ ॥ | Third Mehl: |
| ਏ ਮਨ ਗੁਰ ਕੀ ਸਿਖ ਸੁਣਿ ਪਾਇਹਿ ਗੁਣੀ ਨਿਧਾਨੁ ॥ | O mind, listening to the Guru's Teachings, you shall obtain the treasure of virtue. |
| ਸੁਖਦਾਤਾ ਤੇਰੈ ਮਨਿ ਵਸੈ ਹਉਮੈ ਜਾਇ ਅਭਿਮਾਨੁ ॥ | The Giver of peace shall dwell in your mind; you shall be rid of egotism and pride. |
| ਨਾਨਕ ਨਦਰੀ ਪਾਈਐ ਅੰਮ੍ਰਿਤੁ ਗੁਣੀ ਨਿਧਾਨੁ ॥੨॥ | O Nanak, by His Grace, one is blessed with the Ambrosial Nectar of the treasure of virtue. ‖2‖ |
| ਪਉੜੀ ॥ | Pauree: |
| ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ ॥ | The kings, emperors, rulers, lords, nobles and chiefs, are all created by the Lord. |
| ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ ॥ | Whatever the Lord causes them to do, they do; they are all beggars, dependent on the Lord. |

| | |
|---|---|
| ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ ॥ | Such is God, the Lord of all; He is on the True Guru's side. All castes and social classes, the four sources of creation, and the whole universe are slaves of the True Guru; God makes them work for Him. |
| ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ ॥ | See the glorious greatness of serving the Lord, O Saints of the Lord; He has conquered and driven all the enemies and evil-doers out of the body-village. |
| ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ ਹਰਿ ਆਪਣੀ ਕਿਰਪਾ ਕਰਿ ਹਰਿ ਆਪਿ ਰਖਿ ਲੀਏ ॥੬॥ | The Lord, Har, Har, is Merciful to His humble devotees; granting His Grace, the Lord Himself protects and preserves them. \|\|6\|\| |
| ਸਲੋਕ ਮਃ ੩ ॥ | Shalok, Third Mehl: |
| ਅੰਦਰਿ ਕਪਟੁ ਸਦਾ ਦੁਖੁ ਹੈ ਮਨਮੁਖ ਧਿਆਨੁ ਨ ਲਾਗੈ ॥ | Fraud and hypocrisy within bring constant pain; the self-willed manmukh does not practice meditation. |
| ਦੁਖ ਵਿਚਿ ਕਾਰ ਕਮਾਵਣੀ ਦੁਖੁ ਵਰਤੈ ਦੁਖੁ ਆਗੈ ॥ | Suffering in pain, he does his deeds; he is immersed in pain, and he shall suffer in pain hereafter. |
| ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ | By his karma, he meets the True Guru, and then, he is lovingly attuned to the True Name. |
| ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥੧॥ | O Nanak, he is naturally at peace; doubt and fear run away and leave him. \|\|1\|\| |
| ਮਃ ੩ ॥ | Third Mehl: |
| ਗੁਰਮੁਖਿ ਸਦਾ ਹਰਿ ਰੰਗੁ ਹੈ ਹਰਿ ਕਾ ਨਾਉ ਮਨਿ ਭਾਇਆ ॥ | The Gurmukh is in love with the Lord forever. The Name of the Lord is pleasing to his mind. |
| **੮੫੨** | **852** |
| ਗੁਰਮੁਖਿ ਵੇਖਣੁ ਬੋਲਣਾ ਨਾਮੁ ਜਪਤ ਸੁਖੁ ਪਾਇਆ ॥ | The Gurmukh beholds and speaks the Naam, the Name of the Lord; chanting the Naam, he finds peace. |
| ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥ | O Nanak, the spiritual wisdom of the Gurmukh shines forth; the black darkness of ignorance is dispelled. \|\|2\|\| |

| | |
|---|---|
| ਮਃ ੩ ॥ | Third Mehl: |
| ਮਨਮੁਖ ਮੈਲੇ ਮਰਹਿ ਗਵਾਰ ॥ | The filthy, foolish, self-willed manmukhs die. |
| ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥ | The Gurmukhs are immaculate and pure; they keep the Lord enshrined within their hearts. |
| ਭਨਤਿ ਨਾਨਕੁ ਸੁਣਹੁ ਜਨ ਭਾਈ ॥ | Prays Nanak, listen, O Siblings of Destiny! |
| ਸਤਿਗੁਰੁ ਸੇਵਿਹੁ ਹਉਮੈ ਮਲੁ ਜਾਈ ॥ | Serve the True Guru, and the filth of your ego shall be gone. |
| ਅੰਦਰਿ ਸੰਸਾ ਦੂਖੁ ਵਿਆਪੇ ਸਿਰਿ ਧੰਧਾ ਨਿਤ ਮਾਰ ॥ | Deep within, the pain of skepticism afflicts them; their heads are constantly assaulted by worldly entanglements. |
| ਦੂਜੈ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ ॥ | Asleep in the love of duality, they never wake up; they are attached to the love of Maya. |
| ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ ॥ | They do not remember the Name, and they do not contemplate the Word of the Shabad; this is the view of the self-willed manmukhs. |
| ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ ॥੩॥ | They do not love the Lord's Name, and they lose their life uselessly. O Nanak, the Messenger of Death attacks them, and humiliates them. ‖3‖ |
| ਪਉੜੀ ॥ | Pauree: |
| ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ਸੋ ਸਚਾ ਸਾਹੁ ॥ | He alone is a true king, whom the Lord blesses with true devotion. |
| ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ ॥ | People pledge their allegiance to him; no other store stocks this merchandise, nor deals in this trade. |
| ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ ॥ | That humble devotee who turns his face towards the Guru and becomes sunmukh, receives the Lord's wealth; the faithless baymukh, who turns his face away from the Guru, gathers only ashes. |
| ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥ | The Lord's devotees are dealers in the Name of the Lord. The Messenger of Death, the tax-collector, does not even approach them. |
| ਜਨ ਨਾਨਕਿ ਹਰਿ ਨਾਮ ਧਨੁ ਲਦਿਆ ਸਦਾ ਵੇਪਰਵਾਹੁ ॥੭॥ | Servant Nanak has loaded the wealth of the Name of the Lord, who is forever independent and care-free. ‖7‖ |

ਸਲੋਕ ਮਃ ੩ ॥

Shalok, Third Mehl:

ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥

In this age, the devotee earns the wealth of the Lord; all the rest of the world wanders deluded in doubt.

ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥

By Guru's Grace, the Naam, the Name of the Lord, comes to dwell in his mind; night and day, he meditates on the Naam.

ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥

In the midst of corruption, he remains detached; through the Word of the Shabad, he burns away his ego.

ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥

He crosses over, and saves his relatives as well; blessed is the mother who gave birth to him.

ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥

Peace and poise fill his mind forever, and he embraces love for the True Lord.

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥

Brahma, Vishnu and Shiva wander in the three qualities, while their egotism and desire increase.

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥

The Pandits, the religious scholars and the silent sages read and debate in confusion; their consciousness is centered on the love of duality.

ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥

The Yogis, wandering pilgrims and Sanyaasees are deluded; without the Guru, they do not find the essence of reality.

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥

The miserable self-willed manmukhs are forever deluded by doubt; they waste away their lives uselessly.

ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ ॥੧॥

O Nanak, those who are imbued with the Naam are balanced and poised; forgiving them, the Lord blends them with Himself. ||1||

ਮਃ ੩ ॥

Third Mehl:

ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥

O Nanak, praise Him, who has control over everything.

ਤਿਸਹਿ ਸਰੇਵਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥

Remember Him, O mortals - without Him, there is no other at all.

ਗੁਰਮੁਖਿ ਅੰਤਰਿ ਮਨਿ ਵਸੈ ਸਦਾ ਸਦਾ ਸੁਖੁ ਹੋਇ ॥੨॥

He dwells deep within those who are Gurmukh; forever and ever, they are at peace. ||2||

| | |
|---|---|
| ਪਉੜੀ ॥ | Pauree: |
| ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ ਸੇ ਦੇਵਾਲੀਏ ਜੁਗ ਮਾਹਿ ॥ | Those who do not become Gurmukh and earn the wealth of the Lord's Name, are bankrupt in this age. |
| ਓਇ ਮੰਗਦੇ ਫਿਰਹਿ ਸਭ ਜਗਤ ਮਹਿ ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥ | They wander around begging all over the world, but no one even spits in their faces. |
| ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ ॥ | They gossip about others, and lose their credit, and expose themselves as well. |
| ਜਿਸੁ ਧਨ ਕਾਰਣਿ ਚੁਗਲੀ ਕਰਹਿ ਸੋ ਧਨੁ ਚੁਗਲੀ ਹਥਿ ਨ ਆਵੈ ਓਇ ਭਾਵੈ ਤਿਥੈ ਜਾਹਿ ॥ | That wealth, for which they slander others, does not come into their hands, no matter where they go. |
| **੮੫੩** | 853 |
| ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ ਤਿਥਹੁ ਕਰਮਹੀਣ ਲੈ ਨ ਸਕਹਿ ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥੮॥ | Through loving service, the Gurmukhs receive the wealth of the Naam, but the unfortunate ones cannot receive it. This wealth is not found anywhere else, in this country or in any other. \|\|8\|\| |
| ਸਲੋਕ ਮਃ ੩ ॥ | Shalok, Third Mehl: |
| ਗੁਰਮੁਖਿ ਸੰਸਾ ਮੂਲਿ ਨ ਹੋਵਈ ਚਿੰਤਾ ਵਿਚਹੁ ਜਾਇ ॥ | The Gurmukh does not have an iota of skepticism or doubt; worries depart from within him. |
| ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ | Whatever he does, he does with grace and poise. Nothing else can be said about him. |
| ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥੧॥ | O Nanak, the Lord Himself hears the speech of those whom He makes His own. \|\|1\|\| |
| ਮਃ ੩ ॥ | Third Mehl: |
| ਕਾਲੁ ਮਾਰਿ ਮਨਸਾ ਮਨਹਿ ਸਮਾਣੀ ਅੰਤਰਿ ਨਿਰਮਲੁ ਨਾਉ ॥ | He conquers death, and subdues the desires of his mind; the Immaculate Name abides deep within him. |
| ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ ॥ | Night and day, he remains awake and aware; he never sleeps, and he intuitively drinks in the Ambrosial Nectar. |

| | |
|---|---|
| ਮੀਠਾ ਬੋਲੇ ਅੰਮ੍ਰਿਤ ਬਾਣੀ ਅਨਦਿਨੁ ਹਰਿ ਗੁਣ ਗਾਉ ॥ | His speech is sweet, and his words are nectar; night and day, he sings the Glorious Praises of the Lord. |
| ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥ | He dwells in the home of his own self, and appears beautiful forever; meeting him, Nanak finds peace. ‖2‖ |
| ਪਉੜੀ ॥ | Pauree: |
| ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥ | The wealth of the Lord is a jewel, a gem; the Guru has caused the Lord to grant that wealth of the Lord. |
| ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ ॥ | If someone sees something, he may ask for it; or, someone may cause it to be given to him. But no one can take a share of this wealth of the Lord by force. |
| ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ ॥ | He alone obtains a share of the wealth of the Lord, who is blessed by the Creator with faith and devotion to the True Guru, according to his pre-ordained destiny. |
| ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥ | No one is a share-holder in this wealth of the Lord, and no one owns any of it. It has no boundaries or borders to be disputed. If anyone speaks ill of the wealth of the Lord, his face will be blackened in the four directions. |
| ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥੯॥ | No one's power or slander can prevail against the gifts of the Lord; day by day they continually, continuously increase. ‖9‖ |
| ਸਲੋਕ ਮਃ ੩ ॥ | Shalok, Third Mehl: |
| ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ | The world is going up in flames - shower it with Your Mercy, and save it! |
| ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ | Save it, and deliver it, by whatever method it takes. |

| | |
|---|---|
| ਸਤਿਗੁਰਿ ਸੁਖੁ ਵੇਖਾਲਿਆ ਸਚਾ ਸਬਦੁ ਬੀਚਾਰਿ ॥ | The True Guru has shown the way to peace, contemplating the True Word of the Shabad. |
| ਨਾਨਕ ਅਵਰੁ ਨ ਸੁਝਈ ਹਰਿ ਬਿਨੁ ਬਖਸਣਹਾਰੁ ॥੧॥ | Nanak knows no other than the Lord, the Forgiving Lord. \|\|1\|\| |
| ਮਃ ੩ ॥ | Third Mehl: |
| ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ | Through egotism, fascination with Maya has trapped them in duality. |
| ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ ॥ | It cannot be killed, it does not die, and it cannot be sold in a store. |
| ਗੁਰ ਕੈ ਸਬਦਿ ਪਰਜਾਲੀਐ ਤਾ ਇਹ ਵਿਚਹੁ ਜਾਇ ॥ | Through the Word of the Guru's Shabad, it is burnt away, and then it departs from within. |
| ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ | The body and mind become pure, and the Naam, the Name of the Lord, comes to dwell within the mind. |
| ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ਗੁਰਮੁਖਿ ਪਾਇਆ ਜਾਇ ॥੨॥ | O Nanak, the Shabad is the killer of Maya; the Gurmukh obtains it. \|\|2\|\| |
| ਪਉੜੀ ॥ | Pauree: |
| ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ ਧੁਰਹੁ ਹੁਕਮੁ ਬੁਝਿ ਨੀਸਾਣੁ ॥ | The glorious greatness of the True Guru was bestowed by the True Guru; He understood this as the Insignia, the Mark of the Primal Lord's Will. |
| ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ ॥ | He tested His sons, nephews, sons-in-law and relatives, and subdued the egotistical pride of them all. |
| ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ਹਰਿ ਬਖਸਿਓਸੁ ਸਭੁ ਜਹਾਨੁ ॥ | Wherever anyone looks, my True Guru is there; the Lord blessed Him with the whole world. |
| ਜਿ ਸਤਿਗੁਰ ਨੋ ਮਿਲਿ ਮੰਨੇ ਸੁ ਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ ॥ | One who meets with, and believes in the True Guru, is embellished here and hereafter. Whoever turns his back on the Guru and becomes baymukh, shall wander in cursed and evil places. |
| **੮੫੪** | 854 |
| ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ ਹਰਿ ਸਜਣ ਪੁਰਖੁ ਸੁਜਾਨੁ ॥ | My Lord and Master is on the side of servant Nanak. The All-powerful and All-knowing Lord God is my Best Friend. |

| | |
|---|---|
| ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥ | Seeing the food being distributed, everyone came and fell at the feet of the True Guru, who cleansed the minds of all of their egotistical pride. \|\|10\|\| |
| ਸਲੋਕ ਮਃ ੧ ॥ | Shalok, First Mehl: |
| ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ ॥ | One plants the seed, another harvests the crop, and still another beats the grain from the chaff. |
| ਨਾਨਕ ਏਵ ਨ ਜਾਪਈ ਕੋਈ ਖਾਇ ਨਿਦਾਨਿ ॥੧॥ | O Nanak, it is not known, who will ultimately eat the grain. \|\|1\|\| |
| ਮਃ ੧ ॥ | First Mehl: |
| ਜਿਸੁ ਮਨਿ ਵਸਿਆ ਤਰਿਆ ਸੋਇ ॥ | He alone is carried across, within whose mind the Lord abides. |
| ਨਾਨਕ ਜੋ ਭਾਵੈ ਸੋ ਹੋਇ ॥੨॥ | O Nanak, that alone happens, which is pleasing to His Will. \|\|2\|\| |
| ਪਉੜੀ ॥ | Pauree: |
| ਪਾਰਬ੍ਰਹਮਿ ਦਇਆਲਿ ਸਾਗਰੁ ਤਾਰਿਆ ॥ | The Merciful Supreme Lord God has carried me across the world-ocean. |
| ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ ॥ | The compassionate perfect Guru has eradicated my doubts and fears. |
| ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ ॥ | Unsatisfied sexual desire and unresolved anger, the horrible demons, have been totally destroyed. |
| ਅੰਮ੍ਰਿਤ ਨਾਮੁ ਨਿਧਾਨੁ ਕੰਠਿ ਉਰਿ ਧਾਰਿਆ ॥ | I have enshrined the treasure of the Ambrosial Naam within my throat and heart. |
| ਨਾਨਕ ਸਾਧੂ ਸੰਗਿ ਜਨਮੁ ਮਰਣੁ ਸਵਾਰਿਆ ॥੧੧॥ | O Nanak, in the Saadh Sangat, the Company of the Holy, my birth and death have been adorned and redeemed. \|\|11\|\| |
| ਸਲੋਕ ਮਃ ੩ ॥ | Shalok, Third Mehl: |
| ਜਿਨ੍ਹੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨ੍ਹਿ ॥ | Those who forget the Naam, the Name of the Lord, are said to be false. |
| ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ ॥ | The five thieves plunder their homes, and egotism breaks in. |

ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍ ॥

The faithless cynics are defrauded by their own evil-mindedness; they do not know the sublime essence of the Lord.

ਜਿਨ੍ੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍ ॥

Those who lose the Ambrosial Nectar through doubt, remain engrossed and entangled in corruption.

ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍ ॥

They make friends with the wicked, and argue with the humble servants of the Lord.

ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ੍ ॥

O Nanak, the faithless cynics are bound and gagged by the Messenger of Death, and suffer agony in hell.

ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ੍ ॥੧॥

They act according to the karma of the actions they committed before; as the Lord keeps them, so do they live. ||1||

ਮਃ ੩ ॥

Third Mehl:

ਜਿਨ੍ੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥

Those who serve the True Guru, are transformed from powerless into powerful.

ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥

With every breath and morsel of food, the Lord abides in their minds forever, and the Messenger of Death cannot even see them.

ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ ॥

The Name of the Lord, Har, Har, fills their hearts, and Maya is their servant.

ਹਰਿ ਦਾਸਾ ਕਾ ਦਾਸੁ ਹੋਇ ਪਰਮ ਪਦਾਰਥੁ ਤਿਸੁ ॥

One who becomes the slave of the Lord's slaves, obtains the greatest treasure.

ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ ਹਉ ਸਦ ਕੁਰਬਾਣੈ ਤਿਸੁ ॥

O Nanak, I am forever a sacrifice to that one, within whose mind and body God dwells.

ਜਿਨ੍ ਕਉ ਪੂਰਬਿ ਲਿਖਿਆ ਰਸੁ ਸੰਤ ਜਨਾ ਸਿਉ ਤਿਸੁ ॥੨॥

One who has such pre-ordained destiny, he alone is in love with the humble Saints. ||2||

ਪਉੜੀ ॥

Pauree:

ਜੋ ਬੋਲੇ ਪੂਰਾ ਸਤਿਗੁਰੂ ਸੋ ਪਰਮੇਸਰਿ ਸੁਣਿਆ ॥

Whatever the Perfect True Guru says, the Transcendent Lord hears.

ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ ॥

It pervades and permeates the whole world, and it is on the mouth of each and every being.

| | |
|---|---|
| ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ ॥ | So numerous are the great glories of the Lord, they cannot even be counted. |
| ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ ॥ | Truth, poise and bliss rest in the True Guru; the Guru bestows the jewel of Truth. |
| ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ ॥੧੨॥ | O Nanak, the Supreme Lord God embellishes the Saints, who become like the True Lord. ‖12‖ |
| ਸਲੋਕ ਮਃ ੩ ॥ | Shalok, Third Mehl: |
| ਅਪਣਾ ਆਪੁ ਨ ਪਛਾਣਈ ਹਰਿ ਪ੍ਰਭੁ ਜਾਤਾ ਦੂਰਿ ॥ | He does not understand himself; he believes the Lord God to be far away. |
| ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ ॥ | He forgets to serve the Guru; how can his mind remain in the Lord's Presence? |
| ਮਨਮੁਖਿ ਜਨਮੁ ਗਵਾਇਆ ਝੂਠੈ ਲਾਲਚਿ ਕੂਰਿ ॥ | The self-willed manmukh wastes away his life in worthless greed and falsehood. |
| ਨਾਨਕ ਬਖਸਿ ਮਿਲਾਇਅਨੁ ਸਚੈ ਸਬਦਿ ਹਦੂਰਿ ॥੧॥ | O Nanak, the Lord forgives, and blends them with Himself; through the True Word of the Shabad, He is ever-present. ‖1‖ |
| ਮਃ ੩ ॥ | Third Mehl: |
| ਹਰਿ ਪ੍ਰਭੁ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ | True is the Praise of the Lord God; the Gurmukh chants the Name of the Lord of the Universe. |
| ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥ | Praising the Naam night and day, and meditating on the Lord, the mind becomes blissful. |
| ਵਡਭਾਗੀ ਹਰਿ ਪਾਇਆ ਪੂਰਨੁ ਪਰਮਾਨੰਦੁ ॥ | By great good fortune, I have found the Lord, the perfect embodiment of supreme bliss. |
| ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੨॥ | Servant Nanak praises the Naam; his mind and body shall never again be shattered. ‖2‖ |
| **੮੫੫** | **855** |
| ਪਉੜੀ ॥ | Pauree: |
| ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥ | If someone slanders the True Guru, and then comes seeking the Guru's Protection, |
| ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥ | the True Guru forgives him for his past sins, and unites him with the Saints' Congregation. |

ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥

When the rain falls, the water in the streams, rivers and ponds flows into the Ganges; flowing into the Ganges, it is made sacred and pure.

ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ ਜਿਤੁ ਮਿਲਿਐ ਤਿਸਨਾ ਭੁਖ ਉਤਰੈ ਹਰਿ ਸਾਂਤਿ ਤੜ ਆਵੈ ॥

Such is the glorious greatness of the True Guru, who has no vengeance; meeting with Him, thirst and hunger are quenched, and instantly, one attains celestial peace.

ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ ਸੁਧੁ ॥

O Nanak, behold this wonder of the Lord, my True King! Everyone is pleased with one who obeys and believes in the True Guru. ||13||1|| Sudh||

ਬਿਲਾਵਲੁ ਬਾਣੀ ਭਗਤਾ ਕੀ ॥
ਕਬੀਰ ਜੀਉ ਕੀ
ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

Bilaaval, The Word Of The Devotees.
Of Kabeer Jee:
One Universal Creator God. Truth Is The Name. Creative Being Personified By Guru's Grace:

ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ ॥

This world is a drama; no one can remain here.

ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ ॥੧॥ ਰਹਾਉ ॥

Walk the straight path; otherwise, you will be pushed around. ||1||Pause||

ਬਾਰੇ ਬੂਢੇ ਤਰੂਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥

The children, the young and the old, O Siblings of Destiny, will be taken away by the Messenger of Death.

ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ ॥੧॥

The Lord has made the poor man a mouse, and the cat of Death is eating him up. ||1||

ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥

It gives no special consideration to either the rich or the poor.

ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥

The king and his subjects are equally killed; such is the power of Death. ||2||

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥

Those who are pleasing to the Lord are the servants of the Lord; their story is unique and singular.

ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥

They do not come and go, and they never die; they remain with the Supreme Lord God. ||3||

| | |
|---|---|
| ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥ | Know this in your soul, that by renouncing your children, spouse, wealth and property |
| ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ ॥੪॥੧॥ | - says Kabeer, listen, O Saints - you shall be united with the Lord of the Universe. \|\|4\|\|1\|\| |
| ਬਿਲਾਵਲੁ ॥ | Bilaaval: |
| ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥ | I do not read books of knowledge, and I do not understand the debates. |
| ਹਰਿ ਗੁਨ ਕਥਤ ਸੁਨਤ ਬਉਰਾਨੋ ॥੧॥ | I have gone insane, chanting and hearing the Glorious Praises of the Lord. \|\|1\|\| |
| ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥ | O my father, I have gone insane; the whole world is sane, and I am insane. |
| ਮੈ ਬਿਗਰਿਓ ਬਿਗਰੈ ਮਤਿ ਅਉਰਾ ॥੧॥ ਰਹਾਉ ॥ | I am spoiled; let no one else be spoiled like me. \|\|1\|\|Pause\|\| |
| ਆਪਿ ਨ ਬਉਰਾ ਰਾਮ ਕੀਓ ਬਉਰਾ ॥ | I have not made myself go insane - the Lord made me go insane. |
| ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥ | The True Guru has burnt away my doubt. \|\|2\|\| |
| ਮੈ ਬਿਗਰੇ ਅਪਨੀ ਮਤਿ ਖੋਈ ॥ | I am spoiled; I have lost my intellect. |
| ਮੇਰੇ ਭਰਮਿ ਭੂਲਉ ਮਤਿ ਕੋਈ ॥੩॥ | Let no one go astray in doubt like me. \|\|3\|\| |
| ਸੋ ਬਉਰਾ ਜੋ ਆਪੁ ਨ ਪਛਾਨੈ ॥ | He alone is insane, who does not understand himself. |
| ਆਪੁ ਪਛਾਨੈ ਤ ਏਕੈ ਜਾਨੈ ॥੪॥ | When he understands himself, then he knows the One Lord. \|\|4\|\| |
| ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥ | One who is not intoxicated with the Lord now, shall never be intoxicated. |
| ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥ | Says Kabeer, I am imbued with the Lord's Love. \|\|5\|\|2\|\| |
| ਬਿਲਾਵਲੁ ॥ | Bilaaval: |
| ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ ॥ | Abandoning his household, he may go to the forest, and live by eating roots; |

| | |
|---|---|
| ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥੧॥ | but even so, his sinful, evil mind does not renounce corruption. \|\|1\|\| |
| ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥ | How can anyone be saved? How can anyone cross over the terrifying world-ocean? |
| ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥੧॥ ਰਹਾਉ ॥ | Save me, save me, O my Lord! Your humble servant seeks Your Sanctuary. \|\|1\|\|Pause\|\| |
| ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥ | I cannot escape my desire for sin and corruption. |
| ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥੨॥ | I make all sorts of efforts to hold back from this desire, but it clings to me, again and again. \|\|2\|\| |
| **੮੫੬** | **856** |
| ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥ | Youth and old age - my entire life has passed, but I haven't done any good. |
| ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥੩॥ | This priceless soul has been treated as if it were worth no more than a shell. \|\|3\|\| |
| ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥ | Says Kabeer, O my Lord, You are contained in all. |
| ਤੁਮ ਸਮਸਰਿ ਨਾਹੀ ਦਇਆਲੁ ਮੋਹਿ ਸਮਸਰਿ ਪਾਪੀ ॥੪॥੩॥ | There is none as merciful as You are, and none as sinful as I am. \|\|4\|\|3\|\| |
| ਬਿਲਾਵਲੁ ॥ | Bilaaval: |
| ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ ॥ | Every day, he rises early, and brings a fresh clay pot; he passes his life embellishing and glazing it. |
| ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥੧॥ | He does not think at all of worldly weaving; he is absorbed in the subtle essence of the Lord, Har, Har. \|\|1\|\| |
| ਹਮਾਰੇ ਕੁਲ ਕਉਨੇ ਰਾਮੁ ਕਹਿਓ ॥ | Who in our family has ever chanted the Name of the Lord? |
| ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ ॥੧॥ ਰਹਾਉ ॥ | Ever since this worthless son of mine began chanting with his mala, we have had no peace at all! \|\|1\|\|Pause\|\| |
| ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥ | Listen, O my sisters-in-law, a wondrous thing has happened! |

| | |
|---|---|
| ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ ॥੨॥ | This boy has ruined our weaving business. Why didn't he simply die? \|\|2\|\| |
| ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥ | O mother, the One Lord, the Lord and Master, is the source of all peace. The Guru has blessed me with His Name. |
| ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ ॥੩॥ | He preserved the honor of Prahlaad, and destroyed Harnaakhash with his nails. \|\|3\|\| |
| ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ ॥ | I have renounced the gods and ancestors of my house, for the Word of the Guru's Shabad. |
| ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ ॥੪॥੪॥ | Says Kabeer, God is the Destroyer of all sins; He is the Saving Grace of His Saints. \|\|4\|\|4\|\| |
| ਬਿਲਾਵਲੁ ॥ | Bilaaval: |
| ਕੋਊ ਹਰਿ ਸਮਾਨਿ ਨਹੀ ਰਾਜਾ ॥ | There is no king equal to the Lord. |
| ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥੧॥ ਰਹਾਉ ॥ | All these lords of the world last for only a few days, putting on their false displays. \|\|1\|\|Pause\|\| |
| ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ ॥ | How can Your humble servant waver? You spread Your shadow over the three worlds. |
| ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ ॥੧॥ | Who can raise his hand against Your humble servant? No one can describe the Lord's expanse. \|\|1\|\| |
| ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ ॥ | Remember Him, O my thoughtless and foolish mind, the unstruck melody of the sound current will resonate and resound. |
| ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ ॥੨॥੫॥ | Says Kabeer, my skepticism and doubt have been dispelled; the Lord has exalted me, as He did Dhroo and Prahlaad. \|\|2\|\|5\|\| |
| ਬਿਲਾਵਲੁ ॥ | Bilaaval: |
| ਰਾਖਿ ਲੇਹੁ ਹਮ ਤੇ ਬਿਗਰੀ ॥ | Save me! I have disobeyed You. |
| ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ ॥੧॥ ਰਹਾਉ ॥ | I have not practiced humility, righteousness or devotional worship; I am proud and egotistical, and I have taken a crooked path. \|\|1\|\|Pause\|\| |

| | |
|---|---|
| ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥ | Believing this body to be immortal, I pampered it, but it is a fragile and perishable vessel. |
| ਜਿਨਹਿ ਨਿਵਾਜਿ ਸਾਜਿ ਹਮੀਏ ਤਿਸਹਿ ਬਿਸਾਰਿ ਅਵਰ ਲਗਰੀ ॥੧॥ | Forgetting the Lord who formed, fashioned and embellished me, I have become attached to another. ‖1‖ |
| ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥ | I am Your thief; I cannot be called holy. I have fallen at Your feet, seeking Your Sanctuary. |
| ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ ॥੨॥੬॥ | Says Kabeer, please listen to this prayer of mine, O Lord; please do not send me summons of the Messenger of Death. ‖2‖6‖ |
| ਬਿਲਾਵਲੁ ॥ | Bilaaval: |
| ਦਰਮਾਦੇ ਠਾਢੇ ਦਰਬਾਰਿ ॥ | I stand humbly at Your Court. |
| ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ ਰਹਾਉ ॥ | Who else can take care of me, other than You? Please open Your door, and grant me the Blessed Vision of Your Darshan. ‖1‖Pause‖ |
| ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ਹ ਸੁਨੀਅਤੁ ਸੁਜਸੁ ਤੁਮ੍ਹਾਰ ॥ | You are the richest of the rich, generous and unattached. With my ears, I listen to Your Praises. |
| ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹ ਹੀ ਤੇ ਮੇਰੋ ਨਿਸਤਾਰੁ ॥੧॥ | From whom should I beg? I see that all are beggars. My salvation comes only from You. ‖1‖ |
| ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥ | You blessed Jai Dayv, Naam Dayv and Sudaamaa the Brahmin with Your infinite mercy. |
| ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ ॥੨॥੭॥ | Says Kabeer, You are the All-powerful Lord, the Great Giver; in an instant, You bestow the four great blessings. ‖2‖7‖ |
| ਬਿਲਾਵਲੁ ॥ | Bilaaval: |
| ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥ | He has a walking stick, ear-rings, a patched coat and a begging bowl. |
| ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥ | Wearing the robes of a beggar, he wanders around, deluded by doubt. ‖1‖ |

| ੮੫੭ | 857 |
|---|---|
| ਆਸਨੁ ਪਵਨ ਦੂਰਿ ਕਰਿ ਬਵਰੇ ॥ | Abandon your Yogic postures and breath control exercises, O madman. |
| ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ ਰਹਾਉ ॥ | Renounce fraud and deception, and meditate continuously on the Lord, O madman. \|\|1\|\|Pause\|\| |
| ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ ॥ | That which you beg for, has been enjoyed in the three worlds. |
| ਕਹਿ ਕਬੀਰ ਕੇਸੌ ਜਗਿ ਜੋਗੀ ॥੨॥੮॥ | Says Kabeer, the Lord is the only Yogi in the world. \|\|2\|\|8\|\| |
| ਬਿਲਾਵਲੁ ॥ | Bilaaval: |
| ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥ | This Maya has made me forget Your feet, O Lord of the World, Master of the Universe. |
| ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥੧॥ ਰਹਾਉ ॥ | Not even a bit of love wells up in Your humble servant; what can Your poor servant do? \|\|1\|\|Pause\|\| |
| ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥ | Cursed is the body, cursed is the wealth, and cursed is this Maya; cursed, cursed is the clever intellect and understanding. |
| ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ ॥੧॥ | Restrain and hold back this Maya; overcome it, through the Word of the Guru's Teachings. \|\|1\|\| |
| ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ ॥ | What good is farming, and what good is trading? Worldly entanglements and pride are false. |
| ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥੨॥੯॥ | Says Kabeer, in the end, they are ruined; ultimately, Death will come for them. \|\|2\|\|9\|\| |
| ਬਿਲਾਵਲੁ ॥ | Bilaaval: |
| ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥ | Within the pool of the body, there is an incomparably beautiful lotus flower. |
| ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ ॥੧॥ | Within it, is the Supreme Light, the Supreme Soul, who has no feature or form. \|\|1\|\| |

ਰੇ ਮਨ ਹਰਿ ਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥੧॥ ਰਹਾਉ ॥

O my mind, vibrate, meditate on the Lord, and forsake your doubt. The Lord is the Life of the World. ||1||Pause||

ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥

Nothing is seen coming into the world, and nothing is seen leaving it.

ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ ॥੨॥

Where the body is born, there it dies, like the leaves of the water-lily. ||2||

ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥

Maya is false and transitory; forsaking it, one obtains peaceful, celestial contemplation.

ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥੩॥੧੦॥

Says Kabeer, serve Him within your mind; He is the Enemy of ego, the Destroyer of demons. ||3||10||

ਬਿਲਾਵਲੁ ॥

Bilaaval:

ਜਨਮ ਮਰਨ ਕਾ ਭ੍ਰਮੁ ਗਇਆ ਗੋਬਿਦ ਲਿਵ ਲਾਗੀ ॥

The illusion of birth and death is gone; I lovingly focus on the Lord of the Universe.

ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ ॥੧॥ ਰਹਾਉ ॥

In my life, I am absorbed in deep silent meditation; the Guru's Teachings have awakened me. ||1||Pause||

ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ ॥

The sound made from bronze, that sound goes into the bronze again.

ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥੧॥

But when the bronze is broken, O Pandit, O religious scholar, where does the sound go then? ||1||

ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ ॥

I gaze upon the world, the confluence of the three qualities; God is awake and aware in each and every heart.

ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ ॥੨॥

Such is the understanding revealed to me; within my heart, I have become a detached renunciate. ||2||

ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ ॥

I have come to know my own self, and my light has merged in the Light.

ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥੩॥੧੧॥

Says Kabeer, now I know the Lord of the Universe, and my mind is satisfied. ||3||11||

ਬਿਲਾਵਲੁ ॥

Bilaaval:

ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥

When Your Lotus Feet dwell within one's heart, why should that person waver, O Divine Lord?

ਮਾਨੌ ਸਭ ਸੁਖ ਨਉ ਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ ॥ ਰਹਾਉ ॥

I know that all comforts, and the nine treasures, come to one who intuitively, naturally, chants the Praise of the Divine Lord. ||Pause||

ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ ॥

Such wisdom comes, only when one sees the Lord in all, and unties the knot of hypocrisy.

ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥੧॥

Time and time again, he must hold himself back from Maya; let him take the scale of the Lord, and weigh his mind. ||1||

ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥

Then wherever he goes, he will find peace, and Maya will not shake him.

ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ਕੀਓ ਲੈ ਦੇਵ ॥੨॥੧੨॥

Says Kabeer, my mind believes in the Lord; I am absorbed in the Love of the Divine Lord. ||2||12||

ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

ੴ ਸਤਿਗੁਰ ਪ੍ਰਸਾਦਿ ॥

Bilaaval, The Word Of Devotee Naam Dayv Jee:

One Universal Creator God. By The Grace Of The True Guru:

ਸਫਲ ਜਨਮੁ ਮੋ ਕਉ ਗੁਰ ਕੀਨਾ ॥

The Guru has made my life fruitful.

## ੮੫੮

## 858

ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥

My pain is forgotten, and I have found peace deep within myself. ||1||

ਗਿਆਨ ਅੰਜਨੁ ਮੋ ਕਉ ਗੁਰਿ ਦੀਨਾ ॥

The Guru has blessed me with the ointment of spiritual wisdom.

ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ ਰਹਾਉ ॥

Without the Lord's Name, life is mindless. ||1||Pause||

ਨਾਮਦੇਇ ਸਿਮਰਨੁ ਕਰਿ ਜਾਨਾਂ ॥

Meditating in remembrance, Naam Dayv has come to know the Lord.

ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥

His soul is blended with the Lord, the Life of the World. ||2||1||